ਚੜ੍ਹਦੀਕਲਾ ਪੜੋ
ਚੜ੍ਹਦੀਕਲਾ 'ਚ ਰਹੋ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜਨਯੋਗ ਸਮੱਗਰੀ ਲਈ
ਆਪਣੇ ਅਖਬਾਰ ਏਜੰਟ ਤੋਂ ਚੜ੍ਹਦੀਕਲਾ ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ'
DAILY CHARHDIKALA, CHANDIGARH
ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ
ਸੰਪਾਦਕ : ਦਮਨਦੀਪ ਸਿੰਘ

(Friday, 12 June 2026 ) ਚੰਡੀਗੜ੍ਹ, ਸ਼ੁੱਕਰਵਾਰ, 12 ਜੂਨ , 2026, 29 ਜੇਠ ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083

ਚੜ੍ਹਦੀਕਲਾ
ਦੇ ਪੱਤਰਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੋਈ ਵੀ ਪ੍ਰੈੱਸ ਨੋਟ, ਖ਼ਬਰ ਜਾਂ ਇਸ਼ਤਿਹਾਰ
news@charhdikala.com
ਉੱਤੇ ਹੀ ਭੇਜਿਆ ਜਾਵੇ ਜੀ

PRGI (RNI) Regd. No. CHPUN/25/A1790 ਸਾਲ (Year) 2 ਅੰਕ ਨੰਬਰ (Volume No.) 161 ਮੁੱਲ : 2.00 ਰੁਪਏ ਫ਼ੋਨ: +91-92168-07500 E-mail: news@charhdikala.com


## 78 ਸ਼ਰਧਾਲੂ ਪਾਕਿਸਤਾਨ ਜਾਣ ਤੋਂ ਖੁੰਝੇ

### ਕੇਂਦਰੀ ਗ੍ਰਹਿ ਮੰਤਰਾਲੇ ਦੀ ਨਹੀਂ ਮਿਲੀ ਪ੍ਰਵਾਨਗੀ



ਅੰਮ੍ਰਿਤਸਰ, 11 ਜੂਨ (ਚ. ਨ. ਸ.): ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਵਿੱਚੋਂ ਕੁੱਲ 78 ਸ਼ਰਧਾਲੂ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪ੍ਰਵਾਨਗੀ ਨਾ ਹੋਣ ਕਾਰਨ ਪਾਕਿਸਤਾਨ ਜਾਣ ਤੋਂ ਰਹਿ ਗਏ। ਇਨ੍ਹਾਂ ਵਿੱਚ 67 ਯਾਤਰੂ ਹਰਿਆਣਾ ਤੋਂ ਅਤੇ 11 ਯਾਤਰੂ ਪੰਜਾਬ ਤੋਂ ਸ਼ਾਮਿਲ ਸਨ। ਜਦੋਂ ਕਿ ਕੁੱਲ 518 ਯਾਤਰੂ ਪਾਕਿਸਤਾਨ ਗਏ ਸਨ। ਇਸ ਦਾ ਖੁਲਾਸਾ ਦੇਰ ਰਾਤ ਨੂੰ ਹੋਇਆ ਸੀ। ਪਾਕਿਸਤਾਨ ਦੂਤਾਵਾਸ ਵੱਲੋਂ 700 ਤੋਂ ਵੱਧ ਭਾਰਤੀ ਯਾਤਰੂਆਂ ਨੂੰ ਵੀਜ਼ੇ ਜਾਰੀ ਕੀਤੇ ਗਏ ਸਨ ,ਜਿਨਾਂ ਵਿੱਚੋਂ 541 ਸ਼੍ਰੋਮਣੀ ਕਮੇਟੀ ਦੇ ਨਾਲ ਸਬੰਧਿਤ ਸਨ। ਹਰਿਆਣਾ ਦੇ ਯਾਤਰੂਆਂ ਨੇ ਦੋਸ਼ ਲਾਇਆ ਸੀ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਆਗੂਆਂ ਦੀ ਲਾਪ੍ਰਵਾਹੀ ਦੇ ਕਾਰਨ ਹਰਿਆਣਾ ਦੇ ਯਾਤਰੂ ਪਾਕਿਸਤਾਨ ਜਾਣ ਤੋਂ ਖੁੰਝੇ ਹਨ। ਇਸ ਸਬੰਧ ਵਿੱਚ ਸੋਸ਼ਲ ਮੀਡੀਆ ਤੇ ਇੱਕ ਵੀਡੀਓ ਵੀ ਵਾਇਰਲ ਹੋਈ ਹੈ, ਜਿਸ ਵਿੱਚ ਹਰਿਆਣਾ ਤੋਂ ਸਿੱਖ ਆਗੂ ਹਰਕੇਸ਼ ਸਿੰਘ ਨੇ ਸਥਿਤੀ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੋਸ਼ ਲਾਇਆ ਕਿ ਇਸ ਮਾਮਲੇ ਵਿੱਚ ਹਰਿਆਣਾ ਸਰਕਾਰ ਵੱਲੋਂ ਨੋਟੀਫਿਕੇਸ਼ਨ ਹੀ ਦੇਰ ਨਾਲ ਜਾਰੀ ਕੀਤਾ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਇਸ ਮਾਮਲੇ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਵੱਲੋਂ ਵੀ ਕੋਈ ਵਿਸ਼ੇਸ਼ ਯਤਨ ਨਹੀਂ ਕੀਤੇ ਗਏ ,ਜਿਸ ਦੇ ਸਿੱਟੇ ਵਜੋਂ ਹਰਿਆਣਾ ਦੇ ਯਾਤਰੂ ਪਾਕਿਸਤਾਨ ਜਾਣ ਤੋਂ ਖੁੰਝ ਗਏ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਨਾਲ ਸੰਬੰਧਿਤ ਸਾਰੇ ਯਾਤਰੂ ਅਤੇ ਦਿੱਲੀ ਕਮੇਟੀ ਨਾਲ ਸੰਬੰਧਿਤ ਸਾਰੇ ਯਾਤਰੂ ਪਾਕਿਸਤਾਨ ਗਏ ਹਨ, ਜਦੋਂ ਕਿ ਸਿਰਫ ਹਰਿਆਣਾ ਕਮੇਟੀ ਨਾਲ ਸਬੰਧਿਤ ਯਾਤਰੂ ਹੀ ਪਾਕਿਸਤਾਨ ਜਾਣ ਤੋਂ ਰਹਿ ਗਏ ਹਨ। ਉਸ ਨੇ ਦੱਸਿਆ ਕਿ ਰਾਤ 8 ਵਜੇ ਤੋਂ ਬਾਅਦ ਉਹ ਅਟਾਰੀ ਸਰਹੱਦ ਤੋਂ ਆਪਣੇ ਘਰਾਂ ਨੂੰ ਵਾਪਸ ਪਰਤੇ ਹਨ। ਇਸ ਦੌਰਾਨ ਉਹਨਾਂ ਨੂੰ ਕਈ ਵਾਰ ਭਰੋਸਾ ਦਿੱਤਾ ਗਿਆ ਕਿ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਉਹਨਾਂ ਦੀ ਪਾਕਿਸਤਾਨ ਜਾਣ ਦੀ ਪ੍ਰਵਾਨਗੀ ਆ ਰਹੀ ਹੈ ਪਰ ਅਜਿਹਾ ਕੁਝ ਵੀ ਨਹੀਂ ਹੋਇਆ। ਉਨ੍ਹਾਂ ਨੂੰ ਵਧੇਰੇ ਖੱਜਲ ਖੁਆਰ ਹੋਣਾ ਪਿਆ ਹੈ। ਉਹਨਾ ਦੋਸ਼ ਲਾਇਆ ਕਿ ਹਰਿਆਣਾ ਕਮੇਟੀ ਨਾਲ ਸਬੰਧਿਤ ਕੁਝ ਆਗੂਆਂ ਦੇ ਨਿੱਜ ਦੇ ਕਾਰਨ ਸ਼੍ਰੋਮਣੀ ਕਮੇਟੀ ਵੰਡੀ ਗਈ ਹੈ ਅਤੇ ਮੀਰੀ ਪੀਰੀ ਮੈਡੀਕਲ ਇੰਸਟੀਚਿਊਟ ਬੰਦ ਪਿਆ ਹੈ। ਇਸ ਸਬੰਧ ਵਿੱਚ ਸਿੱਖ ਸ਼ਰਧਾਲੂ ਰਣਜੀਤ ਸਿੰਘ ਨੇ ਦੱਸਿਆ ਕਿ ਉਹ ਸਵੇਰੇ ਪਾਕਿਸਤਾਨ ਜਾਣ ਵਾਸਤੇ ਅਟਾਰੀ ਸਰਹੱਦ ਵਿਖੇ ਪੁੱਜੇ ਸਨ, ਪਰ ਇੱਥੇ ਇਮੀਗ੍ਰੇਸ਼ਨ ਵਿਭਾਗ ਨੇ ਉਨ੍ਹਾਂ ਦੇ ਪਾਕਿਸਤਾਨ ਜਾਣ ਸੰਬੰਧੀ ਭਾਰਤ ਸਰਕਾਰ ਵੱਲੋਂ ਕੋਈ ਪ੍ਰਵਾਨਗੀ ਨਾ ਹੋਣ ਕਾਰਨ, ਉਨ੍ਹਾਂ ਨੂੰ ਜਾਣ ਤੋਂ ਰੋਕ ਦਿੱਤਾ ਸੀ।

## ਆਰ.ਬੀ.ਆਈ. ਨੇ 135 ਗੈਰ-ਬੈਂਕਿੰਗ ਵਿੱਤੀ ਕੰਪਨੀਆਂ ਦੇ ਲਾਇਸੈਂਸ ਰੱਦ ਕੀਤੇ

### 13 ਹੋਰ ਐਨ.ਬੀ.ਐਫ.ਸੀ. ਨੇ ਸਵੈ-ਇੱਛਾ ਨਾਲ ਰਜਿਸਟ੍ਰੇਸ਼ਨ ਸਰਟੀਫਿਕੇਟ ਕੇਂਦਰੀ ਬੈਂਕ ਨੂੰ ਸੌਂਪੇ

ਮੁੰਬਈ, 11 ਜੂਨ (ਬਾਬੂਸ਼ਾਹੀ ਬਿਊਰੋ): ਭਾਰਤੀ ਰਿਜ਼ਰਵ ਬੈਂਕ ਨੇ ਦੇਸ਼ ਦੇ ਗੈਰ-ਬੈਂਕਿੰਗ ਵਿੱਤੀ ਖੇਤਰ ਵਿਰੁੱਧ ਹੁਣ ਤੱਕ ਦੀ ਸਭ ਤੋਂ ਸਖ਼ਤ ਅਤੇ ਵੱਡੀ ਕਾਰਵਾਈ ਕਰਦਿਆਂ ਪੂਰੇ ਬੈਂਕਿੰਗ ਸੈਕਟਰ ਵਿੱਚ ਹਲਚਲ ਮਚਾ ਦਿੱਤੀ ਹੈ। ਕੇਂਦਰੀ ਬੈਂਕ ਨੇ ਨਿਯਮਾਂ ਦੀ ਲਗਾਤਾਰ ਅਣਦੇਖੀ ਕਰਨ, ਪਾਰਦਰਸ਼ਤਾ ਦੀ ਘਾਟ ਅਤੇ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਨ ਵਿੱਚ ਅਸਫਲ ਰਹਿਣ ਕਾਰਨ 135 ਗੈਰ-ਬੈਂਕਿੰਗ ਵਿੱਤ ਕੰਪਨੀਆਂ ਦੇ ਰਜਿਸਟ੍ਰੇਸ਼ਨ ਸਰਟੀਫਿਕੇਟ ਯਾਨੀ ਲਾਇਸੈਂਸ ਤੁਰੰਤ ਪ੍ਰਭਾਵ ਨਾਲ ਰੱਦ ਕਰ ਦਿੱਤੇ ਹਨ। ਆਰ.ਬੀ.ਆਈ. ਦੇ ਇਸ ਅਚਾਨਕ ਲਏ ਗਏ ਫੈਸਲੇ ਕਾਰਨ ਵਿੱਤੀ ਬਾਜ਼ਾਰ ਵਿੱਚ ਹੜਕੰਪ ਮਚ ਗਿਆ ਹੈ ਕਿਉਂਕਿ ਰੱਦ ਕੀਤੇ ਗਏ ਲਾਇਸੈਂਸਾਂ ਵਿੱਚ ਐਕਸਪ੍ਰੈਸ ਫਿਨਕੈਪ ਹਾਊਸ, ਅਕਸ਼ੈ ਫਿਸਕਲ ਸਰਵਿਸਿਜ਼, ਟਾਈਮਜ਼ ਫਾਈਨੈਂਸ, ਜੁਪੀਟਰ ਪ੍ਰੋਜੈਕਟਸ, ਜੁਪੀਟਰ ਫਿਨਵੈਸਟ, ਐਸਲ ਫਾਈਨੈਂਸ ਬਿਜ਼ਨਸ ਲੋਨ ਅਤੇ ਸਿਟੀਵਾਈਡ ਫਾਈਨੈਂਸ਼ੀਅਲ ਸਰਵਿਸਿਜ਼ ਵਰਗੀਆਂ ਕਈ ਵੱਡੀਆਂ ਅਤੇ ਨਾਮੀ ਕੰਪਨੀਆਂ ਦੇ ਨਾਮ ਸ਼ਾਮਲ ਹਨ।

ਰਿਜ਼ਰਵ ਬੈਂਕ ਵੱਲੋਂ ਜਾਰੀ ਅਧਿਕਾਰਤ ਜਾਣਕਾਰੀ ਅਨੁਸਾਰ ਇਸ ਮੈਗਾ ਕਾਰਵਾਈ ਵਿੱਚ ਨਿਯਮਾਂ ਦੀ ਉਲੰਘਣਾ ਕਰਨ ਵਾਲੀਆਂ ਕੰਪਨੀਆਂ ਨੂੰ ਸਖ਼ਤ ਸਬਕ ਸਿਖਾਇਆ ਗਿਆ ਹੈ, ਜਿਸ ਵਿੱਚ ਸਭ ਤੋਂ ਵੱਧ ਮਾਰ ਪੱਛਮੀ ਬੰਗਾਲ ਦੀਆਂ ਕੰਪਨੀਆਂ 'ਤੇ ਪਈ ਹੈ। ਰਿਜ਼ਰਵ ਬੈਂਕ ਨੇ ਸਪੱਸ਼ਟ ਕੀਤਾ ਹੈ ਕਿ ਜਿਨ੍ਹਾਂ 135 ਕੰਪਨੀਆਂ 'ਤੇ ਬੈਨ ਲਗਾਇਆ ਗਿਆ ਹੈ, ਉਨ੍ਹਾਂ ਵਿੱਚੋਂ ਬਹੁਤ ਵੱਡੀ ਗਿਣਤੀ ਉਨ੍ਹਾਂ ਦੀ ਹੈ ਜੋ ਪੱਛਮੀ ਬੰਗਾਲ ਵਿੱਚ ਰਜਿਸਟਰਡ ਸਨ ਅਤੇ ਉੱਥੋਂ ਹੀ ਆਪਣਾ ਕਾਰੋਬਾਰ ਚਲਾ ਰਹੀਆਂ ਸਨ। ਜ਼ਿਕਰਯੋਗ ਹੈ ਕਿ ਰਿਜ਼ਰਵ ਬੈਂਕ ਸਮੇਂ-ਸਮੇਂ 'ਤੇ ਦੇਸ਼ ਵਿੱਚ ਕੰਮ ਕਰ ਰਹੀਆਂ ਸਾਰੀਆਂ ਐਨ.ਬੀ.ਐਫ.ਸੀ. ਦੀਆਂ ਵਿੱਤੀ ਗਤੀਵਿਧੀਆਂ, ਬੈਲੇਂਸ ਸ਼ੀਟਾਂ ਅਤੇ ਰੈਗੂਲੇਟਰੀ ਪਾਲਣਾ ਦੀ ਡੂੰਘਾਈ ਨਾਲ ਸਮੀਖਿਆ ਕਰਦਾ ਹੈ, ਅਤੇ ਇਹ ਵੱਡੀ ਕਾਰਵਾਈ ਉਦੋਂ ਅਮਲ ਵਿੱਚ ਲਿਆਂਦੀ ਗਈ ਜਦੋਂ ਇਨ੍ਹਾਂ ਕੰਪਨੀਆਂ ਦੇ ਕੰਮਕਾਜ ਵਿੱਚ ਗੰਭੀਰ ਖਾਮੀਆਂ ਪਾਈਆਂ ਗਈਆਂ।




ਇਸ ਵੱਡੀ ਤਾਲਾਬੰਦੀ ਦੇ ਵਿਚਕਾਰ ਵਿੱਤੀ ਬਾਜ਼ਾਰ ਤੋਂ ਇੱਕ ਹੋਰ ਬੇਹੱਦ ਹੈਰਾਨੀਜਨਕ ਘਟਨਾਕ੍ਰਮ ਸਾਹਮਣੇ ਆਇਆ ਹੈ, ਜਿੱਥੇ ਆਰ.ਬੀ.ਆਈ. ਦੇ ਡਰੋਂ 13 ਹੋਰ ਐਨ.ਬੀ.ਐਫ.ਸੀ. ਨੇ ਸਵੈ-ਇੱਛਾ ਨਾਲ ਆਪਣੇ ਰਜਿਸਟ੍ਰੇਸ਼ਨ ਸਰਟੀਫਿਕੇਟ ਕੇਂਦਰੀ ਬੈਂਕ ਨੂੰ ਸੌਂਪ ਦਿੱਤੇ ਹਨ। ਇਨ੍ਹਾਂ ਕੰਪਨੀਆਂ ਨੇ ਵੱਖ-ਵੱਖ ਰਣਨੀਤਿਕ ਅਤੇ ਵਪਾਰਕ ਕਾਰਨਾਂ ਕਰਕੇ ਵਿੱਤ ਕਾਰੋਬਾਰ ਤੋਂ ਪੂਰੀ ਤਰ੍ਹਾਂ ਬਾਹਰ ਨਿਕਲਣ, ਰਲੇਵੇਂ, ਪ੍ਰਾਪਤੀ ਜਾਂ ਕੰਪਨੀ ਨੂੰ ਸਵੈ-ਇੱਛਾ ਨਾਲ ਬੰਦ ਕਰਨ ਦਾ ਫੈਸਲਾ ਕਰਦਿਆਂ ਆਪਣੇ ਲਾਇਸੈਂਸ ਸਰੰਡਰ ਕੀਤੇ ਹਨ। ਆਪਣੇ ਲਾਇਸੈਂਸ ਵਾਪਸ ਕਰਨ ਵਾਲੀਆਂ ਪ੍ਰਮੁੱਖ ਕੰਪਨੀਆਂ ਵਿੱਚ ਜੇ. ਥਾਮਸ ਫਾਈਨੈਂਸ, ਆਈਕਨ-ਸੁਪਰ ਸੇਲਜ਼, ਹਿਤੇਸ਼ਾ ਫਾਈਨੈਂਸ ਐਂਡ ਇਨਵੈਸਟਮੈਂਟ, ਤਿਨੇਵੇਲੀ ਟੂਟੀਕੋਰਿਨ ਇਨਵੈਸਟਮੈਂਟਸ, ਕਾਰਨੈਕਸ ਐਕਸਚੇਂਜ ਅਤੇ ਇਮਪੈਕਟ ਲੀਜ਼ਿੰਗ ਵਰਗੇ ਵੱਡੇ ਨਾਮ ਸ਼ਾਮਲ ਹਨ। ਮਾਰਕੀਟ ਮਾਹਿਰਾਂ ਅਨੁਸਾਰ ਕੰਪਨੀਆਂ ਦੇ ਰਲੇਵੇਂ, ਲਿਕਵੀਡੇਸ਼ਨ ਅਤੇ ਕਾਰੋਬਾਰੀ ਢਾਂਚੇ ਵਿੱਚ ਆਏ ਬਦਲਾਅ ਕਾਰਨ ਇਹ ਸਥਿਤੀ ਬਣੀ ਹੈ। ਉਦਾਹਰਣ ਵਜੋਂ ਫੋਰਨਰ ਕੈਪੀਟਲ ਇਨਵੈਸਟਮੈਂਟਸ ਨੂੰ ਹੁਣ ਇੱਕ ਕੋਰ ਇਨਵੈਸਟਮੈਂਟ ਕੰਪਨੀ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ, ਜਿਸ ਕਾਰਨ ਇੱਕ ਵਾਰ ਇਸ ਖਾਸ ਸ਼੍ਰੇਣੀ ਵਿੱਚ ਆਉਣ ਤੋਂ ਬਾਅਦ ਕੰਪਨੀ ਲਈ ਆਰ.ਬੀ.ਆਈ. ਕੋਲ ਇੱਕ ਐਨ.ਬੀ.ਐਫ.ਸੀ. ਵਜੋਂ ਵੱਖਰੀ ਰਜਿਸਟ੍ਰੇਸ਼ਨ ਬਣਾਈ ਰੱਖਣ ਦੀ ਕੋਈ ਕਾਨੂੰਨੀ ਲੋੜ ਨਹੀਂ ਰਹਿ ਜਾਂਦੀ। ਦੂਜੇ ਪਾਸੇ ਕੈਸਪੀਅਨ ਇਮਪੈਕਟ ਇਨਵੈਸਟਮੈਂਟਸ, ਹਰੀ ਦਰਸ਼ਨ ਸੇਲਜ਼, ਆਈਵਰੀ ਕੰਸਲਟੈਂਟਸ, ਐਸ.ਕੇ.ਏ. ਕੰਸਲਟੈਂਸੀ ਸਰਵਿਸਿਜ਼, ਤ੍ਰਿਸ਼ਿਤਾ ਮੈਨੇਜਮੈਂਟ ਅਤੇ ਸੁਬਨ ਟਰੇਡਜ਼ ਵਰਗੀਆਂ ਕੰਪਨੀਆਂ ਨੇ ਦੂਜੀਆਂ ਕੰਪਨੀਆਂ ਨਾਲ ਰਲੇਵੇਂ, ਲਿਕਵੀਡੇਸ਼ਨ ਜਾਂ ਪੂਰੀ ਤਰ੍ਹਾਂ ਭੰਗ ਹੋਣ ਕਾਰਨ ਆਪਣੇ ਲਾਇਸੈਂਸ ਵਿਭਾਗ ਨੂੰ ਸੌਂਪ ਕੇ ਇਸ ਕਾਰੋਬਾਰ ਤੋਂ ਹਮੇਸ਼ਾ ਲਈ ਕਿਨਾਰਾ ਕਰ ਲਿਆ ਹੈ।

## ਗੁਲਮਰਗ ਗੁਰਦੁਆਰਾ ਵਿਵਾਦ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚਿਆ, ਭਲਕੇ ਹੋਵੇਗਾ ਫੈਸਲਾ

ਚੰਡੀਗੜ੍ਹ, 11 ਜੂਨ (ਚ. ਨ. ਸ.):ਗੁਲਮਰਗ ਵਿੱਚ ਸਥਿਤ 'ਗੁਰਦੁਆਰਾ ਭਾਈ ਵੀਰ ਸਿੰਘ' ਦਾ ਨਾਮ ਬਦਲਣ ਦੀ ਤਜਵੀਜ਼ ਨਾਲ ਜੁੜਿਆ ਵਿਵਾਦ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਪਹੁੰਚ ਗਿਆ ਹੈ। ਅਸਹਿਮਤੀ ਜਤਾਉਣ ਵਾਲੀਆਂ ਧਿਰਾਂ ਨੇ ਗੁਰਦੁਆਰਾ ਸਾਹਿਬ ਦੀ ਅਸਲ ਪਛਾਣ ਨੂੰ ਬਰਕਰਾਰ ਰੱਖਣ ਲਈ ਅਕਾਲ ਤਖ਼ਤ ਸਾਹਿਬ ਤੋਂ ਦਖ਼ਲ ਦੇਣ ਦੀ ਮੰਗ ਕੀਤੀ ਹੈ। ਡਿਸਟ੍ਰਿਕਟ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰਾਮੂਲਾ ਦੇ ਦੋ ਮੈਂਬਰਾਂ ਰਾਜਿੰਦਰ ਸਿੰਘ ਅਤੇ ਮਨਮੀਤ ਸਿੰਘ ਨੇ ਰਸਮੀ ਤੌਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੱਕ ਪਹੁੰਚ ਕਰਕੇ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੀ ਬੇਨਤੀ 'ਤੇ ਕਾਰਵਾਈ ਕਰਦੇ ਹੋਏ, ਗਿਆਨੀ ਗੜਗੱਜ ਨੇ ਡੀਜੀਪੀਸੀ ਦੇ ਪ੍ਰਧਾਨ ਪਰਮਜੀਤ ਸਿੰਘ ਅਤੇ 9 ਹੋਰ ਮੈਂਬਰਾਂ ਨੂੰ 13 ਜੂਨ ਨੂੰ ਦੁਪਹਿਰ 12 ਵਜੇ ਅਕਾਲ ਤਖ਼ਤ ਸਕੱਤਰੇਤ ਵਿਖੇ ਆਪਣਾ ਪੱਖ ਸਪੱਸ਼ਟ ਕਰਨ ਲਈ ਸੱਦਿਆ ਹੈ। ਇਹ ਘਟਨਾਕ੍ਰਮ ਨਾਮ ਬਦਲਣ ਦੀ ਤਜਵੀਜ਼ ਦੀ ਮੌਜੂਦਾ ਸਥਿਤੀ ਨੂੰ ਲੈ ਕੇ ਆਪਾ-ਵਿਰੋਧੀ ਦਾਅਵਿਆਂ ਦੇ ਵਿਚਕਾਰ ਸਾਹਮਣੇ ਆਈ ਹੈ।

ਡੀਜੀਪੀਸੀ ਦੇ ਪ੍ਰਧਾਨ ਪਰਮਜੀਤ ਸਿੰਘ ਨੇ ਦਾਅਵਾ ਕੀਤਾ ਹੈ ਕਿ 'ਸੰਗਤ' ਦੇ ਇਤਰਾਜ਼ਾਂ ਤੋਂ ਬਾਅਦ ਇਸ ਕਦਮ ਨੂੰ ਪਹਿਲਾਂ ਹੀ ਰੱਦ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ, ਸੰਗਤ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰੇ ਤੋਂ ਬਾਅਦ, ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਸੀ ਕਿ ਗੁਰਦੁਆਰਾ ਸਾਹਿਬ ਦਾ ਨਾਮ ਨਹੀਂ ਬਦਲਿਆ ਜਾਵੇਗਾ। ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖੀ ਜਾਵੇਗੀ। ਸਾਡੀ ਕੋਈ ਮਾੜੀ ਨੀਅਤ ਨਹੀਂ ਸੀ। ਨਾਮ ਬਦਲਣ ਦੇ ਸਬੰਧ ਵਿੱਚ ਸਾਰੀਆਂ ਤਜਵੀਜ਼ਾਂ ਅਤੇ ਐਲਾਨ ਹੁਣ ਰੱਦ ਅਤੇ ਬੇਅਸਰ ਮੰਨੇ ਜਾਣਗੇ।

## ਬਹਿਬਲ ਕਲਾਂ ਗੋਲੀਕਾਂਡ ਮਾਮਲੇ 'ਚ ਗਿਆਨੀ ਰਘਬੀਰ ਸਿੰਘ ਨੇ ਸਿਟ ਕੋਲ ਦਰਜ ਕਰਵਾਏ ਬਿਆਨ

ਚੰਡੀਗੜ੍ਹ/ਅੰਮ੍ਰਿਤਸਰ 11 ਜੂਨ (ਚ. ਨ. ਸ.): ਬਹਿਬਲ ਕਲਾਂ ਗੋਲੀਕਾਂਡ ਮਾਮਲੇ ਨੂੰ ਲੈ ਕੇ ਅਹਿਮ ਖ਼ਬਰ ਸਾਹਮਣੇ ਆਈ ਹੈ। ਦਰਅਸਲ ਸਾਬਕਾ ਜੱਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਮਾਮਲੇ ਨੂੰ ਲੈ ਕੇ ਬਣੀ ਐੱਸ. ਆਈ. ਟੀ. ਸਾਹਮਣੇ ਆਪਣੇ ਬਿਆਨ ਦਰਜ ਕਰਵਾ ਦਿੱਤੇ ਹਨ, ਜਿਸ ਕਾਰਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਮੁਸ਼ਕਲਾਂ ਵੱਧਦੀਆਂ ਦਿਖਾਈ ਦੇ ਰਹੀਆਂ ਹਨ। ਸਾਬਕਾ ਜੱਥੇਦਾਰ ਨੇ ਬਿਆਨ ਦਰਜ ਕਰਵਾਏ ਹਨ ਕਿ ਸ੍ਰੀ ਅਕਾਲ ਤਖ਼ਤ ਸਾਹਮਣੇ ਸੁਖਬੀਰ ਬਾਦਲ ਨੇ ਬਹਿਬਲ ਕਲਾਂ ਗੋਲੀਕਾਂਡ ਦੀ ਜ਼ਿੰਮੇਵਾਰੀ ਕਬੂਲ ਕੀਤੀ ਸੀ ਅਤੇ ਇਸ ਕਬੂਲਨਾਮੇ ਦੀ ਵੀਡੀਓ ਰਿਕਾਰਡਿੰਗ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਮੌਜੂਦ ਹੈ।



ਗਿਆਨੀ ਰਘਬੀਰ ਸਿੰਘ ਦਾ ਕਹਿਣਾ ਹੈ ਕਿ ਸਾਜ਼ਿਸ਼ ਤਹਿਤ ਨਿਹੱਥੇ ਅਤੇ ਬੇਕਸੂਰ ਲੋਕਾਂ 'ਤੇ ਗੋਲੀਆਂ ਚਲਵਾਈਆਂ ਗਈਆਂ ਸਨ।

**ਬਹਿਬਲ ਕਲਾਂ ਗੋਲੀਕਾਂਡ ਮਾਮਲਾ**

ਅਕਤੂਬਰ, 2015 ਨੂੰ ਫਰੀਦਕੋਟ ਦੇ ਬਹਿਬਲ ਕਲਾਂ 'ਚ ਪੁਲਿਸ ਵਲੋਂ ਗੋਲੀਬਾਰੀ ਕੀਤੀ ਗਈ ਸੀ। ਇਹ ਘਟਨਾ ਉਸ ਸਮੇਂ ਵਾਪਰੀ, ਜਦੋਂ ਲੋਕ ਬਹਿਬਲ ਕਲਾਂ, ਕੋਟਕਪੂਰਾ ਅਤੇ ਹੋਰ ਕਈ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਸਨ। ਪੁਲਿਸ ਗੋਲੀਬਾਰੀ 'ਚ ਦੋ ਪ੍ਰਦਰਸ਼ਨਕਾਰੀ ਮਾਰੇ ਗਏ ਅਤੇ ਕਈ ਹੋਰ ਜ਼ਖ਼ਮੀ ਹੋ ਗਏ। ਪੀੜਤ ਪਰਿਵਾਰਾਂ ਅਤੇ ਕੁੱਝ ਸਿੱਖ ਆਗੂਆਂ ਨੇ ਇਲਜ਼ਾਮ ਲਗਾਇਆ ਕਿ ਗੋਲੀਬਾਰੀ ਲਈ ਤਤਕਾਲੀ ਸਰਕਾਰ ਅਤੇ ਇਸ ਦੀ ਲੀਡਰਸ਼ਿਪ ਜ਼ਿੰਮੇਵਾਰ ਹੈ। ਇਸ ਕਾਰਨ ਕਰਕੇ ਇਸ ਮਾਮਲੇ ਨੂੰ ਲੈ ਕੇ ਬਣੀ ਐੱਸ. ਆਈ. ਟੀ. ਨੇ ਕਈ ਮੌਕਿਆਂ 'ਤੇ ਸੁਖਬੀਰ ਬਾਦਲ ਤੋਂ ਪੁੱਛਗਿੱਛ ਕੀਤੀ।

ਇਸ ਮਾਮਲੇ 'ਚ ਕਾਨੂੰਨੀ ਕਾਰਵਾਈਆਂ ਅਜੇ ਵੀ ਅਦਾਲਤਾਂ 'ਚ ਚੱਲ ਰਹੀਆਂ ਹਨ। 2024 'ਚ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸੁਖਬੀਰ ਬਾਦਲ ਅਤੇ ਉਨ੍ਹਾਂ ਦੇ ਪਾਰਟੀ ਦੇ ਕਈ ਆਗੂਆਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਲ ਦੌਰਾਨ ਵਾਪਰੀਆਂ ਵਿਵਾਦਿਤ ਅਤੇ ਬੇਅਦਬੀ ਦੀਆਂ ਘਟਨਾਵਾਂ ਲਈ ਤਲਬ ਕੀਤਾ ਸੀ। ਇਸ ਸਬੰਧ 'ਚ ਸੁਖਬੀਰ ਬਾਦਲ ਪੇਸ਼ ਹੋਏ ਸਨ ਅਤੇ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਨਖ਼ਾਹੀਆ (ਧਾਰਮਿਕ ਸਜ਼ਾ) ਕਰਾਰ ਦਿੱਤਾ ਗਿਆ ਸੀ।

## ਅਮਰੀਕੀ ਹਮਲੇ ਦਾ ਸ਼ਿਕਾਰ ਬਣਿਆ ਤੇਲ ਭਾਰਤੀ ਟੈਂਕਰ, 3 ਮਲਾਹਾਂ ਦੀ ਮੌਤ

ਨਵੀਂ ਦਿੱਲੀ, 11 ਜੂਨ (ਚ. ਨ. ਸ.): ਸਟ੍ਰੇਟ ਆਫ ਹੋਰਮੁਜ਼ ਨੇੜੇ ਓਮਾਨ ਤੱਟ 'ਤੇ ਵਪਾਰਕ ਜਹਾਜ਼ 'ਐਮਟੀ ਸੇਟੇਬੇਲੋ' 'ਤੇ ਹੋਏ ਹਮਲੇ ਵਿੱਚ ਤਿੰਨ ਭਾਰਤੀ ਮਲਾਹਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ। ਫਾਰਵਰਡ ਸੀਮੈਨ ਯੂਨੀਅਨ ਆਫ ਇੰਡੀਆ ਦੇ ਜਨਰਲ ਸਕੱਤਰ ਮਨੋਜ ਯਾਦਵ ਨੇ ਇਸ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇੱਕ ਵੱਡਾ ਦਾਅਵਾ ਕੀਤਾ ਹੈ ਕਿ ਅਮਰੀਕੀ ਜਲ ਸੈਨਾ ਬਲਾਂ ਨੂੰ ਜਹਾਜ਼ ਵਿੱਚ ਸਵਾਰ ਕਰੂ (ਚਾਲਕ ਦਲ) ਦੀ ਰਾਸ਼ਟਰੀਅਤਾ ਬਾਰੇ '101% ਜਾਣਕਾਰੀ' ਸੀ।

ਵਿਦੇਸ਼ ਮੰਤਰਾਲੇ ਨੇ ਇਸ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਦੱਸਿਆ ਹੈ ਕਿ ਜਹਾਜ਼ ਵਿੱਚ ਸਵਾਰ 24 ਭਾਰਤੀ ਕਰੂ ਮੈਂਬਰਾਂ ਵਿੱਚੋਂ 21 ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ, ਅਤੇ ਓਮਾਨ ਸਥਿਤ ਭਾਰਤੀ ਦੂਤਾਵਾਸ ਲਾਪਤਾ ਨਾਗਰਿਕਾਂ ਦੀ ਭਾਲ ਲਈ ਸਥਾਨਕ ਅਧਿਕਾਰੀਆਂ ਨਾਲ ਲਗਾਤਾਰ ਤਾਲਮੇਲ ਕਰ ਰਿਹਾ ਹੈ। ਲਾਪਤਾ ਤਿੰਨ ਭਾਰਤੀਆਂ ਦੀ ਮੌਤ ਦੀ ਪੁਸ਼ਟੀ ਹੋ ਗਈ ਹੈ। ਫਾਰਵਰਡ ਸੀਮੈਨ ਯੂਨੀਅਨ ਆਫ ਇੰਡੀਆ ਦੇ ਜਨਰਲ ਸਕੱਤਰ ਮਨੋਜ ਯਾਦਵ ਨੇ ਕਿਹਾ ਕਿ ਜਹਾਜ਼ ਨਾਲ ਸੰਪਰਕ ਬੁਰੀ ਤਰ੍ਹਾਂ ਟੁੱਟ ਗਿਆ ਹੈ ਅਤੇ ਵੇਰਵਿਆਂ ਦੀ ਅਜੇ ਵੀ ਪੁਸ਼ਟੀ ਕੀਤੀ ਜਾ ਰਹੀ ਹੈ।

ਅਮਰੀਕੀ ਹਮਲੇ ਵਿੱਚ ਮਾਰੇ ਗਏ ਤਿੰਨੋਂ ਮਲਾਹ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਸਨ। ਉਨ੍ਹਾਂ ਕਿਹਾ, 'ਇਹ ਤਿੰਨੋਂ ਹਿਮਾਚਲ ਪ੍ਰਦੇਸ਼, ਦੇਵਰੀਆ (ਉੱਤਰ ਪ੍ਰਦੇਸ਼) ਅਤੇ ਆਂਧਰਾ ਪ੍ਰਦੇਸ਼ ਤੋਂ ਹਨ।' ਸੀਮੈਨ ਯੂਨੀਅਨ ਆਫ ਇੰਡੀਆ ਵੱਲੋਂ ਦੱਸਿਆ ਗਿਆ ਹੈ ਕਿ ਮੰਗਲਵਾਰ ਨੂੰ ਅਮਰੀਕਾ ਵੱਲੋਂ ਕੀਤੇ ਗਏ ਹਮਲੇ ਵਿੱਚ ਮਾਰੇ ਗਏ ਮਲਾਹਾਂ ਦੇ ਨਾਮ ਆਦਿਤਿਆ ਸ਼ਰਮਾ (ਡੈੱਕ ਕੈਡੇਟ), ਸ਼ਿਵਾਨੰਦ ਚੌਰਸੀਆ (ਇੰਜਣ ਫਿਟਰ) ਅਤੇ ਪਟਨਾਲਾ ਸੁਰੇਸ਼ (ਚੀਫ਼ ਇੰਜੀਨੀਅਰ) ਹਨ।

ਫਾਰਵਰਡ ਸੀਮੈਨ ਯੂਨੀਅਨ ਆਫ ਇੰਡੀਆ ਦੇ ਜਨਰਲ ਸਕੱਤਰ ਮਨੋਜ ਯਾਦਵ ਨੇ ਦੱਸਿਆ ਕਿ ਮੈਂ ਇਹ ਮੰਨਣ ਤੋਂ ਬਿਲਕੁਲ ਇਨਕਾਰ ਕਰਦਾ ਹਾਂ ਕਿ ਅਮਰੀਕਾ ਨੂੰ ਉਨ੍ਹਾਂ ਜਹਾਜ਼ਾਂ 'ਤੇ ਸਵਾਰ ਲੋਕਾਂ ਦੀ ਰਾਸ਼ਟਰੀਅਤਾ ਬਾਰੇ ਜਾਣਕਾਰੀ ਨਹੀਂ ਸੀ। ਮੈਨੂੰ 101% ਯਕੀਨ ਹੈ ਕਿ ਅਮਰੀਕੀ ਜਲ ਸੈਨਾ ਨੂੰ ਬਿਲਕੁਲ ਸਹੀ ਪਤਾ ਸੀ ਕਿ ਉਨ੍ਹਾਂ ਜਹਾਜ਼ਾਂ 'ਤੇ ਕਿੰਨੇ ਭਾਰਤੀ ਅਤੇ ਵਿਦੇਸ਼ੀ ਨਾਗਰਿਕ ਸਵਾਰ ਸਨ। ਜੇਕਰ ਜਹਾਜ਼ਾਂ ਨੇ ਉਨ੍ਹਾਂ ਦੇ ਨਿਰਦੇਸ਼ਾਂ ਦੀ ਪਾਲਣਾ ਨਹੀਂ ਕੀਤੀ, ਤਾਂ ਉਨ੍ਹਾਂ ਨੂੰ ਹਿਰਾਸਤ ਵਿੱਚ ਲੈਣਾ ਇੱਕ ਸਹੀ ਬਦਲ ਸੀ। ਇਸ ਤੋਂ ਪਹਿਲਾਂ, ਵਿਦੇਸ਼ ਮੰਤਰਾਲੇ ਨੇ ਸੋਮਵਾਰ ਨੂੰ ਓਮਾਨ ਦੇ ਤੱਟ 'ਤੇ ਸਥਿਤ ਜਹਾਜ਼ ਐਮਟੀ ਸੇਟੇਬੇਲੋ 'ਤੇ ਹੋਏ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਸੀ ਕਿ ਜਹਾਜ਼ ਵਿੱਚ ਸਵਾਰ 24 ਭਾਰਤੀ ਚਾਲਕ ਦਲ ਦੇ ਮੈਂਬਰਾਂ ਵਿੱਚੋਂ 21 ਨੂੰ ਬਚਾ ਲਿਆ ਗਿਆ ਹੈ, ਜਦੋਂ ਕਿ ਤਿੰਨ ਭਾਰਤੀ ਅਜੇ ਵੀ ਲਾਪਤਾ ਹਨ। ਓਮਾਨ ਸਥਿਤ ਸਾਡਾ ਦੂਤਾਵਾਸ ਸਥਿਤੀ 'ਤੇ ਬਾਰੀਕੀ ਨਾਲ ਨਜ਼ਰ ਰੱਖ ਰਿਹਾ ਹੈ ਅਤੇ ਚੱਲ ਰਹੇ ਖੋਜ ਅਤੇ ਬਚਾਅ ਅਭਿਆਨ ਵਿੱਚ ਓਮਾਨ ਦੇ ਅਧਿਕਾਰੀਆਂ ਨਾਲ ਸਰਗਰਮੀ ਨਾਲ ਤਾਲਮੇਲ ਕਰ ਰਿਹਾ

## 140 ਕੁਇੰਟਲ ਗ਼ੈਰ-ਕਾਨੂੰਨੀ ਖਾਦ ਜ਼ਬਤ, ਫਰਮ ਖ਼ਿਲਾਫ਼ ਐਫ.ਆਈ.ਆਰ. ਦਰਜ

### ਖੇਤੀਬਾੜੀ ਵਸਤਾਂ ਦੀ ਗੁਣਵੱਤਾ ਨਾਲ ਸਮਝੌਤਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ: ਖੁੱਡੀਆਂ



ਚੰਡੀਗੜ੍ਹ, 11 ਜੂਨ (ਚ. ਨ. ਸ.): ਗ਼ੈਰ-ਕਾਨੂੰਨੀ ਖਾਦਾਂ ਦੀ ਵਿਕਰੀ 'ਤੇ ਨਕੇਲ ਕੱਸਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ 140 ਕੁਇੰਟਲ ਗੈਰ-ਕਾਨੂੰਨੀ ਖਾਦਾਂ ਜ਼ਬਤ ਕੀਤੀਆਂ ਹਨ। ਇਸ ਸਬੰਧੀ ਫਰਟੀਲਾਈਜ਼ਰ ਕੰਟਰੋਲ ਆਰਡਰ, 1985 ਅਤੇ ਜ਼ਰੂਰੀ ਵਸਤਾਂ ਐਕਟ, 1955 ਦੀ ਉਲੰਘਣਾ ਦੇ ਦੋਸ਼ ਹੇਠ ਮਹਾਰਾਸ਼ਟਰ ਦੇ ਥਾਨੇ ਸਥਿਤ ਕੰਪਨੀ ਮੈਸਰਜ਼ ਕੇ ਬੀ ਬਾਇਓ-ਆਰਗੈਨਿਕਸ ਪ੍ਰਾਈਵੇਟ ਲਿਮਟਿਡ ਵਿਰੁੱਧ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਥਰਮਲ ਪੁਲਿਸ ਸਟੇਸ਼ਨ, ਬਠਿੰਡਾ ਵਿਖੇ ਦਰਜ ਐਫਆਈਆਰ ਵਿੱਚ ਮੁਜ਼ੱਫਰ ਨਗਰ (ਯੂਪੀ) ਦੇ ਰਵੀ ਕੁਮਾਰ ਅਤੇ ਮਹਾਰਾਸ਼ਟਰ ਦੇ ਸਾਬਲੇ ਅਸ਼ਾਂਤ ਹਨੂਮੰਤ ਨੂੰ ਨਾਮਜ਼ਦ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਖੇਤੀਬਾੜੀ ਵਿਭਾਗ ਦੀ ਟੀਮ ਵੱਲੋਂ ਗੁਪਤ ਸੂਚਨਾ ਦੇ ਅਧਾਰ 'ਤੇ ਗਣਪਤੀ ਕੰਪਲੈਕਸ, ਮਲੋਟ ਰੋਡ, ਬਠਿੰਡਾ ਵਿਖੇ ਸਥਿਤ ਇਕ ਗੋਦਾਮ 'ਤੇ ਛਾਪਾ ਮਾਰਿਆ ਗਿਆ ਸੀ। ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਛਾਪਾਮਾਰ ਟੀਮ ਨੇ ਪਾਇਆ ਕਿ ਸਟੋਰ ਕੀਤੀਆਂ ਖਾਦਾਂ ਫਰਟੀਲਾਈਜ਼ਰ ਕੰਟਰੋਲ ਆਰਡਰ ਤਹਿਤ ਨਿਰਧਾਰਤ ਮਾਪਦੰਡਾਂ ਅਨੁਸਾਰ ਨਹੀਂ ਸਨ। ਕੰਪਨੀ ਕੋਲ ਖਾਦ ਲਾਇਸੰਸ ਵੀ ਨਹੀਂ ਸੀ ਅਤੇ ਉਹ ਕੀਟਨਾਸ਼ਕਾਂ ਦੇ ਕਾਰੋਬਾਰ ਲਈ ਜਾਰੀ ਲਾਇਸੰਸ ਉੱਤੇ ਗ਼ੈਰਕਾਨੂੰਨੀ ਢੰਗ ਨਾਲ ਖਾਦਾਂ ਵੇਚ ਰਹੀ ਸੀ ਜੋ ਕਿ ਫਰਟੀਲਾਈਜ਼ਰ ਕੰਟਰੋਲ ਆਰਡਰ, 1985 ਦੀ ਧਾਰਾ 7 ਅਤੇ 8 ਅਤੇ ਜ਼ਰੂਰੀ ਵਸਤਾਂ ਐਕਟ, 1955 ਦੀ ਧਾਰਾ 3 ਤੇ 7 ਦੀ ਉਲੰਘਣਾ ਹੈ। ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ 140 ਕੁਇੰਟਲ ਗੈਰ-ਕਾਨੂੰਨੀ ਖਾਦਾਂ ਸੈਂਕੜੇ ਏਕੜ ਫਸਲ ਨੂੰ ਖਰਾਬ ਕਰ ਸਕਦੀਆਂ ਸਨ ਅਤੇ ਕਿਸਾਨਾਂ ਨੂੰ ਵਿੱਤੀ ਨੁਕਸਾਨ ਪਹੁੰਚਾ ਸਕਦੀਆਂ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਿਸੇ ਵੀ ਕੰਪਨੀ ਜਾਂ ਕਿਸੇ ਵੀ ਵਿਅਕਤੀ ਨੂੰ ਪੰਜਾਬ ਵਿੱਚ ਖੇਤੀਬਾੜੀ ਵਸਤਾਂ ਦੀ ਗੁਣਵੱਤਾ ਨਾਲ ਸਮਝੌਤਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਾਰੇ ਮੁੱਖ ਖੇਤੀਬਾੜੀ ਅਫਸਰਾਂ (ਸੀ.ਏ.ਓਜ਼) ਨੂੰ ਅਚਨਚੇਤ ਚੈਕਿੰਗ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੰਦਿਆਂ, ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ, "ਫਰਟੀਲਾਈਜ਼ਰ ਕੰਟਰੋਲ ਆਰਡਰ ਦੀ ਉਲੰਘਣਾ ਕਰਨਾ ਸਾਡੇ ਕਿਸਾਨ ਭਾਈਚਾਰੇ ਵਿਰੁੱਧ ਅਪਰਾਧ ਹੈ। ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਸੂਬੇ ਦੇ ਕਿਸਾਨਾਂ ਨੂੰ ਸਿਰਫ਼ ਲਾਇਸੰਸਸ਼ੁਦਾ ਡੀਲਰਾਂ ਤੋਂ ਪ੍ਰਮਾਣਿਤ ਖਾਦ ਅਤੇ ਬੀਜ ਖਰੀਦਣ ਅਤੇ ਸ਼ੱਕੀ ਵਸਤਾਂ ਸਬੰਧੀ ਰਿਪੋਰਟ ਆਪਣੇ ਨਜ਼ਦੀਕੀ ਖੇਤੀਬਾੜੀ ਦਫ਼ਤਰ ਕੋਲ ਕਰਨ ਦੀ ਅਪੀਲ ਕੀਤੀ।

## ਤਰੱਕੀ ਮਾਮਲਿਆਂ 'ਚ ਹੱਕਦਾਰਾਂ ਨੂੰ ਨਿਆਂ ਦੇਣ ਲਈ ਰੋਸਟਰ ਰਜਿਸਟਰ ਚੈਕਿੰਗ ਕਮੇਟੀਆਂ ਦੀ ਸਿਖਲਾਈ ਤੁਰੰਤ ਯਕੀਨੀ ਬਣਾਈ ਜਾਵੇ: ਜਸਵੀਰ ਸਿੰਘ ਗੜ੍ਹੀ

### ਨਵੇਂ ਅੰਬੇਦਕਰ ਭਵਨਾਂ ਦੀ ਉਸਾਰੀ ਤੇ ਸਾਂਭ-ਸੰਭਾਲ ਲਈ ਲੋੜੀਂਦੇ ਕਦਮ ਚੁੱਕਣ 'ਤੇ ਦਿੱਤਾ ਜ਼ੋਰ

ਚੰਡੀਗੜ੍ਹ, 11 ਜੂਨ (ਚ. ਨ. ਸ.): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੂੰ ਪੰਜਾਬ ਦੇ ਸਰਕਾਰੀ ਕਰਮਚਾਰੀਆਂ/ਅਧਿਕਾਰੀਆਂ ਦੇ ਤਰੱਕੀ ਮਾਮਲਿਆਂ 'ਚ ਹੱਕਦਾਰਾਂ ਨੂੰ ਨਿਆਂ ਦੇਣ ਲਈ ਰੋਸਟਰ ਰਜਿਸਟਰ ਚੈਕਿੰਗ ਕਮੇਟੀਆਂ ਦੀ ਸਿਖਲਾਈ ਤੁਰੰਤ ਯਕੀਨੀ ਬਣਾਉਣ ਲਈ ਕਿਹਾ ਹੈ ਤਾਂ ਜੋ ਰੋਸਟਰ ਰਜਿਸਟਰ ਨੂੰ ਨਿਰਧਾਰਤ ਕਾਨੂੰਨ ਅਨੁਸਾਰ ਸਹੀ ਢੰਗ ਨਾਲ ਲਾਗੂ ਕਰਨ 'ਚ ਹੋਰ ਸਪੱਸ਼ਟਤਾ ਆ ਸਕੇ। ਅੱਜ ਇੱਥੇ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਗੜ੍ਹੀ ਨੇ ਕਿਹਾ ਕਿ ਪੁਲਿਸ ਵਿਭਾਗ ਨੂੰ ਉੱਪ ਕਪਤਾਨ ਅਤੇ ਕਪਤਾਨ ਪੱਧਰ ਦੇ ਅਧਿਕਾਰੀਆਂ ਨੂੰ ਐਸ.ਸੀ./ਐਸ.ਟੀ. ਐਕਟ ਸਬੰਧੀ ਸਿਖਲਾਈ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਤਾਂ ਜੋ ਵਿਭਿੰਨ ਜ਼ਿਲ੍ਹਿਆਂ ਵਿੱਚ ਸ਼ਿਕਾਇਤਾਂ ਪ੍ਰਾਪਤ ਹੋਣ ਮਗਰੋਂ ਕੀਤੀ ਜਾਣ ਵਾਲੀ ਪੁਲਿਸ ਕਾਰਵਾਈ ਅਤੇ ਜਾਂਚ ਦੌਰਾਨ ਹੋਰ ਸਪੱਸ਼ਟਤਾ ਆਵੇ ਅਤੇ ਸਬੰਧਤ ਮਾਮਲਿਆਂ ਦਾ ਛੇਤੀ ਨਿਬੇੜਾ ਕੀਤਾ ਜਾ ਸਕੇ। ਵੱਖ-ਵੱਖ ਜ਼ਿਲ੍ਹਿਆਂ ਵਿੱਚ ਨਵੇਂ ਅੰਬੇਦਕਰ ਭਵਨਾਂ ਉਸਾਰੀ ਅਤੇ ਕਾਰਜਸ਼ੀਲ ਭਵਨਾਂ ਦੀ ਸਾਂਭ-ਸੰਭਾਲ ਲਈ ਲੋੜੀਂਦੇ ਕਦਮ ਚੁੱਕਣ 'ਤੇ ਜ਼ੋਰ ਦਿੰਦਿਆਂ ਗੜ੍ਹੀ ਨੇ ਕਿਹਾ ਕਿ ਜਿਨ੍ਹਾਂ ਜ਼ਿਲ੍ਹਿਆਂ ਵਿੱਚ ਅਜੇ ਤੱਕ ਅੰਬੇਦਕਰ ਭਵਨਾਂ ਦੀ ਉਸਾਰੀ ਸੰਭਵ ਨਹੀਂ ਹੋ ਸਕੀ, ਵਿਖੇ ਜ਼ਮੀਨ ਦੀ ਉਪਲਬਧਤਾ ਅਤੇ ਭਵਨ ਉਸਾਰੀ ਲਈ ਬਜਟ ਦੇ ਪ੍ਰਬੰਧ ਕਰਨ ਲਈ ਵਿੱਤ ਅਤੇ ਸਮਾਜਿਕ ਨਿਆਂ ਵਿਭਾਗ ਨੂੰ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਕੁੱਝ ਜ਼ਿਲ੍ਹਿਆਂ ਵਿੱਚ ਅੰਬੇਦਕਰ ਭਵਨਾਂ ਨੂੰ ਹੋਰ ਵਿਭਾਗਾਂ ਵੱਲੋਂ ਵਰਤਿਆ ਜਾ ਰਿਹਾ ਹੈ, ਸਬੰਧਤ ਵਿਭਾਗਾਂ ਲਈ ਇਮਾਰਤ ਦੇ ਬਦਲਵੇਂ ਪ੍ਰਬੰਧ ਕੀਤੇ ਜਾਣ। ਇਸ ਤੋਂ ਪਹਿਲਾਂ ਪੰਜਾਬ ਭਵਨ ਵਿਖੇ ਹੋਈ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੀ 29ਵੀਂ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਗੜ੍ਹੀ ਨੇ ਸੂਬਾ ਸਰਕਾਰ ਦੇ ਅਧਿਕਾਰੀਆਂ ਨੂੰ ਅਨੁਸੂਚਿਤ ਜਾਤੀ ਨਾਲ ਸਬੰਧਤ ਲੋਕਾਂ ਦੀਆਂ ਸ਼ਿਕਾਇਤਾਂ ਅਤੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਨਜਿੱਠਣ ਦੀ ਹਦਾਇਤ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਸੂਬੇ ਦੇ ਅਨੁਸੂਚਿਤ ਜਾਤੀਆਂ ਦੇ ਅਧਿਕਾਰਾਂ ਅਤੇ ਰਾਖੀ ਲਈ ਵਚਨਬੱਧ ਹੈ। ਮੀਟਿੰਗ ਵਿੱਚ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਗੈਰ-ਸਰਕਾਰੀ ਮੈਂਬਰ ਰੁਪਿੰਦਰ ਸਿੰਘ, ਗੁਰਪ੍ਰੀਤ ਸਿੰਘ, ਗੁਲਜ਼ਾਰ ਸਿੰਘ, ਮੈਂਬਰ ਸਕੱਤਰ ਨਯਨ ਜੱਸਲ ਤੋਂ ਇਲਾਵਾ ਏ.ਡੀ.ਜੀ.ਪੀ. ਸੁਰੱਖਿਆ ਡਾ. ਕੌਸ਼ਤੁਬ ਸ਼ਰਮਾ, ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ ਦੇ ਸੰਯੁਕਤ ਸਕੱਤਰ ਰਵਿੰਦਰ ਸਿੰਘ, ਸਥਾਨਕ ਸਰਕਾਰਾਂ ਵਿਭਾਗ ਦੇ ਡਾਇਰੈਕਟਰ ਐਚ. ਐਸ. ਬਰਾੜ, ਗਮਾਡਾ ਵਿਭਾਗ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।



## ਅਪ੍ਰੈਲ ਮਹੀਨੇ ਦੌਰਾਨ 15 ਬਾਲ ਵਿਆਹ ਰੋਕ ਕੇ ਬੱਚਿਆਂ ਦਾ ਬਚਪਨ ਬਚਾਇਆ : ਡਾ. ਬਲਜੀਤ ਕੌਰ

ਚੰਡੀਗੜ੍ਹ, 11 ਜੂਨ (ਚ. ਨ. ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਬਾਲ ਵਿਆਹ ਵਰਗੀ ਸਮਾਜਿਕ ਬੁਰਾਈ ਦੇ ਖ਼ਾਤਮੇ ਲਈ ਕੀਤੇ ਜਾ ਰਹੇ ਯਤਨ ਲਗਾਤਾਰ ਸਾਰਥਕ ਨਤੀਜੇ ਦੇ ਰਹੇ ਹਨ। ਅਪ੍ਰੈਲ 2026 ਦੌਰਾਨ ਰਾਜ ਭਰ ਵਿੱਚ ਸਮੇਂ ਸਿਰ ਦਖ਼ਲਅੰਦਾਜ਼ੀ ਕਰਦਿਆਂ 15 ਬਾਲ ਵਿਆਹਾਂ ਨੂੰ ਰੋਕਿਆ ਗਿਆ, ਜਿਸ ਨਾਲ ਕਈ ਬੱਚਿਆਂ ਦਾ ਬਚਪਨ, ਸਿੱਖਿਆ ਅਤੇ ਭਵਿੱਖ ਸੁਰੱਖਿਅਤ ਬਣਾਇਆ ਜਾ ਸਕਿਆ। ਇਹ ਜਾਣਕਾਰੀ ਸਾਂਝੀ ਕਰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਬਾਲ ਵਿਆਹ ਸਿਰਫ਼ ਕਾਨੂੰਨੀ ਅਪਰਾਧ ਹੀ ਨਹੀਂ, ਸਗੋਂ ਬੱਚਿਆਂ ਦੇ ਅਧਿਕਾਰਾਂ ਅਤੇ ਉਨ੍ਹਾਂ ਦੇ ਸੁਨਹਿਰੇ ਭਵਿੱਖ 'ਤੇ ਗੰਭੀਰ ਪ੍ਰਹਾਰ ਹੈ। ਉਨ੍ਹਾਂ ਕਿਹਾ ਕਿ ਰੋਕਿਆ ਗਿਆ ਹਰ ਬਾਲ ਵਿਆਹ ਇੱਕ ਬੱਚੇ ਦੇ ਬਚਪਨ ਦੀ ਰੱਖਿਆ, ਉਸਦੀ ਸਿੱਖਿਆ ਦੀ ਸੁਰੱਖਿਆ ਅਤੇ ਉਸਦੇ ਸੁਪਨਿਆਂ ਨੂੰ ਨਵੀਂ ਉਡਾਣ ਦੇਣ ਦੇ ਬਰਾਬਰ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਕਿਸੇ ਵੀ ਬੱਚੇ ਦਾ ਸਥਾਨ ਵਿਆਹ ਦੇ ਮੰਡਪ ਵਿੱਚ ਨਹੀਂ, ਸਗੋਂ ਸਕੂਲ ਵਿੱਚ ਹੈ। ਪੰਜਾਬ ਸਰਕਾਰ ਹਰ ਬੱਚੇ ਨੂੰ ਸੁਰੱਖਿਅਤ ਬਚਪਨ, ਗੁਣਵੱਤਾ ਭਰਪੂਰ ਸਿੱਖਿਆ ਅਤੇ ਬਿਹਤਰ ਭਵਿੱਖ ਦਾ ਮੌਕਾ ਪ੍ਰਦਾਨ ਕਰਨ ਲਈ ਪੂਰੀ ਤਰਾਂ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਬਾਲ ਵਿਆਹ ਦੀ ਰੋਕਥਾਮ ਅਤੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਅਪ੍ਰੈਲ ਮਹੀਨੇ ਦੌਰਾਨ ਸੂਬੇ ਭਰ ਵਿੱਚ 3000 ਤੋਂ ਵੱਧ ਜਾਗਰੂਕਤਾ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ। ਸਕੂਲਾਂ, ਪਿੰਡਾਂ, ਆਂਗਨਵਾੜੀ ਕੇਂਦਰਾਂ ਅਤੇ ਵੱਖ-ਵੱਖ ਭਾਈਚਾਰਿਆਂ ਵਿੱਚ ਕਰਵਾਏ ਗਏ ਇਨਾਂ ਪ੍ਰੋਗਰਾਮਾਂ ਰਾਹੀਂ ਮਾਪਿਆਂ, ਨੌਜਵਾਨਾਂ ਅਤੇ ਆਮ ਲੋਕਾਂ ਨੂੰ ਬਾਲ ਵਿਆਹ ਦੇ ਨੁਕਸਾਨਾਂ ਅਤੇ ਬੱਚਿਆਂ ਦੇ ਅਧਿਕਾਰਾਂ ਬਾਰੇ ਜਾਣੂ ਕਰਵਾਇਆ ਗਿਆ। ਮੰਤਰੀ ਨੇ ਦੱਸਿਆ ਕਿ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟਾ, ਚਾਈਲਡ ਵੈਲਫੇਅਰ ਕਮੇਟੀਆਂ, ਸਥਾਨਕ ਪ੍ਰਸ਼ਾਸਨ ਅਤੇ ਹੋਰ ਸਬੰਧਤ ਵਿਭਾਗਾਂ ਵੱਲੋਂ ਆਪਸੀ ਤਾਲਮੇਲ ਨਾਲ ਕੰਮ ਕਰਦਿਆਂ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਉਨਾਂ ਕਿਹਾ ਕਿ ਬਾਲ ਵਿਆਹ, ਬਾਲ ਸ਼ੋਸ਼ਣ, ਬਾਲ ਮਜ਼ਦੂਰੀ ਜਾਂ ਬੱਚਿਆਂ ਨਾਲ ਸਬੰਧਤ ਕਿਸੇ ਵੀ ਸ਼ੱਕੀ ਮਾਮਲੇ ਦੀ ਸੂਚਨਾ ਚਾਈਲਡ ਹੈਲਪਲਾਈਨ 1098 'ਤੇ ਦਿੱਤੀ ਜਾ ਸਕਦੀ ਹੈ।

## ਵਿੱਤ ਮੰਤਰੀ ਵੱਲੋਂ ਕਰਮਚਾਰੀਆਂ ਦੇ ਮੁੱਦਿਆਂ ਦਾ ਠੋਸ ਹੱਲ ਲੱਭਣ ਲਈ ਵੱਖ-ਵੱਖ ਵਿਭਾਗਾਂ ਦੀਆਂ ਕਰਮਚਾਰੀ ਯੂਨੀਅਨਾਂ ਨਾਲ ਮੀਟਿੰਗਾਂ

### ਸਿਹਤ ਵਿਭਾਗ ਨੂੰ ਆਸ਼ਾ ਵਰਕਰਾਂ ਲਈ ਬੀਮਾ ਕਵਰ ਯਕੀਨੀ ਬਣਾਉਣ ਦੇ ਨਿਰਦੇਸ਼

ਚੰਡੀਗੜ੍ਹ, 11 ਜੂਨ (ਚ. ਨ. ਸ.): ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਵੱਖ-ਵੱਖ ਵਿਭਾਗਾਂ ਦੀਆਂ ਕਰਮਚਾਰੀ ਯੂਨੀਅਨਾਂ ਨਾਲ ਉਨ੍ਹਾਂ ਦੀਆਂ ਸ਼ਿਕਾਇਤਾਂ ਬਾਰੇ ਚਰਚਾ ਕਰਨ ਅਤੇ ਉਨ੍ਹਾਂ ਦੇ ਮੁੱਦਿਆਂ ਦੇ ਠੋਸ ਹੱਲ ਲੱਭਣ ਲਈ ਵੱਖ-ਵੱਖ ਮੀਟਿੰਗਾਂ ਕੀਤੀਆਂ। ਇਹਨਾਂ ਮੀਟਿੰਗਾਂ ਵਿੱਚ ਵੈਟਰਨਰੀ ਫਾਰਮਾਸਿਸਟ ਐਕਸ਼ਨ ਕਮੇਟੀ, ਓਵਰਏਜ ਬੇਰੋਜ਼ਗਰ ਯੂਨੀਅਨ, ਆਦਰਸ਼ ਸਕੂਲ ਟੀਚਿੰਗ ਐਂਡ ਨਾਨ-ਟੀਚਿੰਗ ਐਸੋਸੀਏਸ਼ਨ, ਪੰਜਾਬ ਏਡਜ਼ ਕੰਟਰੋਲ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਅਤੇ ਆਸ਼ਾ ਵਰਕਰ ਅਤੇ ਆਸ਼ਾ ਫੈਸੀਲੀਟੇਟਰ ਯੂਨੀਅਨ ਦੇ ਵਫ਼ਦ ਨਾਲ ਵਿਚਾਰ ਚਰਚਾ ਕੀਤੀ ਗਈ। ਪੰਜਾਬ ਸਰਕਾਰ ਦੀ ਮੁਲਜ਼ਮਾਂ ਪ੍ਰਤੀ ਸਕਾਰਾਤਮਕ ਰਵਈਏ ਬਾਰੇ ਕਰਮਚਾਰੀ ਯੂਨੀਅਨਾਂ ਨੂੰ ਭਰੋਸਾ ਦਿੰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਰਮਚਾਰੀਆਂ ਦੇ ਜਾਇਜ਼ ਮੁੱਦਿਆਂ ਨੂੰ ਰਚਨਾਤਮਕ ਢੰਗ ਨਾਲ ਹੱਲ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸਾਰੀਆਂ ਜਾਇਜ਼ ਮੰਗਾਂ ਦਾ ਪਹਿਲ ਦੇ ਆਧਾਰ 'ਤੇ ਨਿਰੀਖਣ ਕਰਦਿਆਂ ਇਹਨਾਂ ਦੇ ਹੱਲ ਲਈ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾਵੇਗੀ। ਆਸ਼ਾ ਵਰਕਰ ਅਤੇ ਆਸ਼ਾ ਫੈਸੀਲੀਟੇਟਰ ਯੂਨੀਅਨ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ, ਵਿੱਤ ਮੰਤਰੀ ਨੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੂੰ ਆਸ਼ਾ ਵਰਕਰਾਂ ਲਈ ਸਿਹਤ ਅਤੇ ਜੀਵਨ ਬੀਮਾ ਕਵਰੇਜ ਪ੍ਰਦਾਨ ਕਰਨ ਵਾਸਤੇ ਇੱਕ ਵਿਆਪਕ ਢਾਂਚਾ ਤਿਆਰ ਕਰਨ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਉਨ੍ਹਾਂ ਦੀ ਸਮਾਜਿਕ ਸੁਰੱਖਿਆ ਅਤੇ ਭਲਾਈ ਨੂੰ ਯਕੀਨੀ ਬਣਾਇਆ ਜਾ ਸਕੇ। ਕਰਮਚਾਰੀ ਯੂਨੀਅਨਾਂ ਵੱਲੋਂ ਸੌਂਪੇ ਗਏ ਮੰਗ ਪੱਤਰਾਂ ਦੀ ਸਮੀਖਿਆ ਕਰਦਿਆਂ, ਹਰਪਾਲ ਸਿੰਘ ਚੀਮਾ ਨੇ ਲੰਬੇ ਸਮੇਂ ਤੋਂ ਸੇਵਾ ਨਿਭਾ ਰਹੇ ਠੇਕਾ ਅਧਾਰਤ ਅਤੇ ਅਸਥਾਈ ਕਰਮਚਾਰੀਆਂ ਨੂੰ ਰੈਗੂਲਰ ਕਰਨ, ਆਉਣ ਵਾਲੀਆਂ ਮਾਸਟਰ ਕਾਡਰ ਦੀਆਂ ਭਰਤੀਆਂ ਲਈ ਉਮਰ ਵਿੱਚ ਛੋਟ, ਤਨਖਾਹ ਵਿੱਚ ਸੋਧ, ਪਾਰਦਰਸ਼ੀ ਢੰਗ ਨਾਲ ਤਬਾਦਲਾ ਅਤੇ ਸੇਵਾ ਨੀਤੀਆਂ ਅਤੇ ਭਲਾਈ ਲਾਭਾਂ ਦੀ ਬਹਾਲੀ ਨਾਲ ਸਬੰਧਤ ਮੁੱਦਿਆਂ ਨੂੰ ਗੰਭੀਰਤਾ ਨਾਲ ਸੁਣਿਆ। ਵਿਆਪਕ ਵਿਚਾਰ-ਵਟਾਂਦਰੇ ਉਪਰੰਤ, ਉਨ੍ਹਾਂ ਨੇ ਸਬੰਧਤ ਪ੍ਰਸ਼ਾਸਨਿਕ ਵਿਭਾਗਾਂ ਨੂੰ ਯੂਨੀਅਨ ਦੀਆਂ ਸਾਰੀਆਂ ਜਾਇਜ਼ ਮੰਗਾਂ ਦਾ ਜਲਦ ਤੋਂ ਜਲਦ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗਾਂ ਦੌਰਾਨ ਵੈਟਰਨਰੀ ਫਾਰਮਾਸਿਸਟ ਐਕਸ਼ਨ ਕਮੇਟੀ ਤੋਂ ਦਵਿੰਦਰਪਾਲ ਸਿੰਘ ਲਸੋਈ, ਜਸਵਿੰਦਰ ਕੁਮਾਰ, ਮਨਪ੍ਰੀਤ ਸਿੰਘ ਢਿੱਲੋਂ ਅਤੇ ਹਰਭਜਨ ਸਿੰਘ, ਓਵਰਏਜ ਬੇਰੋਜ਼ਗਰ ਯੂਨੀਅਨ ਤੋਂ ਰਮਨ ਕੁਮਾਰ ਮਲੋਟ ਅਤੇ ਲਲਿਤਾ, ਆਦਰਸ਼ ਸਕੂਲ ਟੀਚਿੰਗ ਐਂਡ ਨਾਨ-ਟੀਚਿੰਗ ਐਸੋਸੀਏਸ਼ਨ ਤੋਂ ਸਲੀਮ ਮੁਹੰਮਦ, ਅਮਰਜੋਤ ਜੋਸ਼ੀ, ਅਮਨਦੀਪ ਸ਼ਾਸਤਰੀ ਅਤੇ ਬਲਵਿੰਦਰ ਸਿੰਘ, ਪੰਜਾਬ ਏਡਜ਼ ਕੰਟਰੋਲ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਤੋਂ ਜਸਮੇਲ ਸਿੰਘ ਦਿਓਲ, ਗੁਰਜੰਟ ਸਿੰਘ ਅਤੇ ਰੁਪਿੰਦਰ ਕੌਰ ਅਤੇ ਆਸ਼ਾ ਵਰਕਰ ਅਤੇ ਆਸ਼ਾ ਫੈਸੀਲੀਟੇਟਰ ਯੂਨੀਅਨ ਤੋਂ ਸਰੋਜ ਬਾਲਾ ਅਤੇ ਸੁਰਜਿੰਦਰ ਕੌਰ ਨੇ ਆਪਣੇ ਮੁੱਦੇ ਪੇਸ਼ ਕੀਤੇ।

# ਜੱਜ ਦੀ ਆਈਡੀ 'ਤੇ ਸੱਤ 700 ਨਿਪਟਾਉਣ ਵਾਲੇ ਅਹਿਲਮਦ ਦੀ ਨੌਕਰੀ ਤੋਂ ਛੁੱਟੀ

**ਕਮਲਜੀਤ ਸਿੰਘ ਬਨਵੈਤ**

ਚੰਡੀਗੜ੍ਹ, 11 ਜੂਨ : ਭ੍ਰਿਸ਼ਟਾਚਾਰ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ। ਪਰ ਇਹ ਭ੍ਰਿਸ਼ਟਾਚਾਰ ਦਾ ਇੱਕ ਨਵੇਂ ਤਰ੍ਹਾਂ ਦਾ ਮਾਮਲਾ ਸਾਹਮਣੇ ਆਇਆ ਹੈ ਜਿਹੜਾ ਜੁੜਿਆ ਹੋਇਆ ਹੈ ਨਿਆਂਪਾਲਕਾਂ ਦੇ ਨਾਲ। ਚੰਡੀਗੜ੍ਹ ਦੀਆਂ ਜ਼ਿਲ੍ਹਾ ਕਚਹਿਰੀਆਂ ਵਿੱਚ ਜੱਜ ਦੀ ਆਈਡੀ ਦਾ ਸਹਾਰਾ ਲੈ ਕੇ ਕਰੀਬ 700 ਚਲਾਨਾਂ ਦਾ ਪੈਸਾ ਡਕਾਰਨ ਵਾਲੇ ਅਹਿਲਮਦ ਵਿਸ਼ਾਲ ਨੂੰ ਵਿਭਾਗੀ ਜਾਂਚ ਤੋਂ ਬਾਅਦ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਜਾਂਚ ਰਿਪੋਰਟ ਵਿੱਚ ਦੋਸ਼ੀ ਨੂੰ ਸਰਕਾਰੀ ਖਜ਼ਾਨੇ ਵਿੱਚ ਚੂਨਾ ਲਾਉਣ ਅਤੇ ਆਪਣੇ ਅਹੁਦੇ ਦਾ ਦੁਰਉਪਯੋਗ ਕਰਨ ਲਈ ਦੋਸ਼ੀ ਠਹਿਰਾਇਆ ਗਿਆ ਹੈ। ਉਸ ਨੂੰ ਕਾਰਨ ਦੱਸੋ ਨੋਟਿਸ ਭੇਜ ਕੇ ਆਪਣਾ ਪੱਖ ਰੱਖਣ ਦਾ ਮੌਕਾ ਦਿੱਤਾ ਗਿਆ ਸੀ। ਉਸ ਦੇ ਖਰੜ ਵਿਚਲੇ ਘਰ ਦੇ ਸਰਨਾਵੇਂ ਉੱਤੇ ਰਜਿਸਟਰ ਵੱਲੋਂ ਨੋਟਿਸ ਭੇਜਿਆ ਗਿਆ ਪਰ ਪਤਾ ਚੱਲਿਆ ਕਿ ਉਹ ਉੱਥੇ ਰਹਿੰਦਾ ਹੀ ਨਹੀਂ ਹੈ। ਉਸ ਤੋਂ ਬਾਅਦ ਅਦਾਲਤ ਵੱਲੋਂ ਅਖਬਾਰ ਵਿੱਚ ਇੱਕ ਇਸ਼ਤਿਹਾਰ ਦੇ ਕੇ ਸੱਤ ਦਿਨ ਦਾ ਸਮਾਂ ਦਿੱਤਾ ਗਿਆ ਉਸ ਦੇ ਬਾਅਦ ਵੀ ਉਹ ਨਹੀਂ ਆਇਆ ਤਾਂ ਕਿਤੇ ਜਾ ਕੇ ਬਰਖ਼ਾਸਤ ਕੀਤਾ ਗਿਆ ਹੈ। ਇਹ ਘੁਟਾਲਾ ਉਦੋਂ ਖੁੱਲ੍ਹਾ ਜਦੋਂ ਇੱਕ ਅਧਿਕਾਰੀ ਨੇ ਚਲਾਨ ਭੁਗਤਾਨ ਦੇ ਦੋ ਦੋ ਲਈ ਜੱਜ ਕੋਲ ਸਿਫਾਰਸ਼ ਕੀਤੀ। ਜੱਜ ਨੇ ਨਿਯਮ ਦਾ ਹਵਾਲਾ ਦੇ ਕੇ ਮਨ੍ਹਾਂ ਕਰ ਦਿੱਤਾ ਪਰ ਅਗਲੇ ਹੀ ਦਿਨ ਉਸ ਅਧਿਕਾਰੀ ਨੇ ਜੱਜ ਨੂੰ ਫੋਨ ਕਰਕੇ ਕੰਮ ਹੋਣ ਲਈ ਸ਼ੁਕਰੀਆ ਅਦਾ ਕੀਤਾ। ਜੱਜ ਨੇ ਰਿਕਾਰਡ ਚੈੱਕ ਕੀਤਾ ਤਾਂ ਪਤਾ ਲੱਗਾ ਕਿ ਅਹਿਲਮਦ ਵਿਸ਼ਾਲ ਨੇ ਬਿਨਾਂ ਜੱਜ ਦੀ ਸਹਿਮਤੀ ਦੇ ਪੋਰਟਲ ਤੋਂ ਚਲਾਨ ਕਲੀਅਰ ਕਰ ਦਿੱਤਾ ਅਤੇ ਪੈਸਾ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਨਾ ਕਰਵਾ ਕੇ ਆਪਣੀ ਜੇਬ ਪਾ ਲਿਆ।

ਅਦਾਲਤ ਵਿੱਚ ਅਹਿਲਮਦ ਦੀ ਆਈਡੀ ਚੱਲ ਰਹੀ ਹੈ ਜਿਸ ਵਿੱਚ ਚਲਾਨ ਦਾ ਭੁਗਤਾਨ ਹੋ ਸਕਦਾ ਸੀ ਪਰ ਇਹ ਜੱਜ ਦੇ ਸਾਹਮਣੇ ਹੀ ਕੀਤਾ ਜਾ ਸਕਦਾ ਹੈ ਕਿਉਂਕਿ ਉਹ ਸਾਈਨ ਅਥਾਰਟੀ ਹਨ।

ਦੱਸਣਯੋਗ ਹੈ ਕਿ ਪਿਛਲੇ ਦਿਨੀਂ ਮੀਡੀਆ ਵਿੱਚ ਵੀ ਇਹ ਖਬਰ ਕਾਫੀ ਪ੍ਰਮੁੱਖਤਾ ਨਾਲ ਉਭਾਰੀ ਗਈ ਸੀ। ਉਸ ਤੋਂ ਬਾਅਦ ਕੋਰਟ ਦੇ ਸਾਰੇ ਵੀਹ ਅਹਿਲਮਦਾਂ ਦੀ ਆਈਡੀ ਦੀ ਜਾਂਚ ਕੀਤੀ ਗਈ ਹੈ। ਦੋਸ਼ੀ ਵਿਸ਼ਾਲ ਜਿਹੜਾ ਕਿ ਹਾਲੇ ਕਲਰਕ ਦੇ ਰੂਪ ਵਿੱਚ ਤਾਇਨਾਤ ਸੀ ਉਸ ਉੱਤੇ ਜਾਅਲੀ ਸਾਈਨ ਅਤੇ ਲੱਖਾਂ ਦੇ ਗਬਨ ਲਈ ਦੋਸ਼ੀ ਪਾਇਆ ਗਿਆ ਹੈ। ਟਰੈਫਿਕ ਦੇ ਚਲਾਨ ਭਰਨ ਵਿੱਚ ਬੇਨਿਯਮੀਆਂ ਤਾਂ ਪਹਿਲਾਂ ਵੀ ਸਾਹਮਣੇ ਆਉਂਦੀਆਂ ਰਹੀਆਂ ਹਨ ਪਰ ਜੱਜ ਦੇ ਨਾਂ ਉੱਤੇ ਕਿਸੇ ਅਹਿਲਮਦ ਨੇ ਐਨਾ ਵੱਡਾ ਚੂਨਾ ਪਹਿਲੀ ਵਾਰ ਲਾਇਆ ਹੈ। ਚੇਤੇ ਕਰਾਇਆ ਜਾਂਦਾ ਹੈ ਕਿ ਟਰੈਫਿਕ ਪੁਲਿਸ ਵੱਲੋਂ ਚਲਾਨ ਕਰਨ ਤੋਂ ਬਾਅਦ ਡਰਾਈਵਰ ਦੇ ਜ਼ਬਤ ਕੀਤੇ ਡਾਕੂਮੈਂਟਸ ਅਦਾਲਤ ਨੂੰ ਭੇਜ ਦਿੱਤੇ ਜਾਂਦੇ ਹਨ, ਜਿੱਥੇ ਜੁਰਮਾਨੇ ਦੀ ਰਕਮ ਭਰਨ ਤੋਂ ਬਾਅਦ ਹੀ ਕਾਗਜ਼ਾਤ ਰਿਲੀਜ਼ ਕੀਤੇ ਜਾਂਦੇ ਹਨ।

# 8ਵਾਂ ਧਾਰਮਿਕ ਸਮਾਗਮ ਕਰਵਾਇਆ



ਰਾਜਪੁਰਾ,11 ਜੂਨ (ਸੰਜੀਵ ਕੁਮਾਰ): ਇਥੋਂ ਨੇੜਲੇ ਪਿੰਡ ਮਹਿਮਾ ਵਿਖੇ ਪ੍ਰਬੰਧਕਾਂ ਵੱਲੋਂ 8ਵਾਂ ਧਾਰਮਿਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ ਉੱਤੇ ਸੰਤ ਬਾਬਾ ਸਵਰਨ ਸਿੰਘ ਜੀ ਸੋਦਖੇੜੀ ਵਾਲਿਆਂ ਵੱਲੋਂ ਸਮੁੱਚੀ ਸੰਗਤ ਨੂੰ ਕਥਾ ਅਤੇ ਕੀਰਤਨ ਦੇ ਰਾਹੀਂ ਗੁਰੂ ਦੇ ਨਾਲ ਜੋੜਿਆ।

ਸੰਤ ਸਵਰਨ ਸਿੰਘ ਜੀ ਸੋਦਖੇੜੀ ਵਾਲਿਆਂ ਨੇ ਪੰਜਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਬਾਰੇ ਵਿੱਚ ਚਾਨਣਾ ਪਾਇਆ। ਉਹਨਾਂ ਵੱਲੋਂ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਦੱਸੇ ਸੱਚ, ਸੇਵਾ ਅਤੇ ਸਹਿਣਸ਼ੀਲਤਾ ਦੇ ਮਾਰਗ 'ਤੇ ਚੱਲਣ ਦਾ ਸੰਕਲਪ ਲੈਣਾ ਚਾਹੀਦਾ ਹੈ। ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧਰਮ ਅਤੇ ਮਨੁੱਖਤਾ ਦੀ ਰੱਖਿਆ ਲਈ ਅਦੁੱਤੀ ਸ਼ਹਾਦਤ ਦਿੱਤੀ, ਜਿਸ ਕਾਰਨ ਉਨ੍ਹਾਂ ਨੂੰ ਸਿੱਖ ਇਤਿਹਾਸ ਵਿੱਚ ਪਹਿਲੇ ਸ਼ਹੀਦ ਗੁਰੂ ਵਜੋਂ ਸਤਿਕਾਰਿਆ ਜਾਂਦਾ ਹੈ।

ਸੰਤ ਬਾਬਾ ਸਵਰਨ ਸਿੰਘ ਜਵੱਲੋਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਸਿੰਘ ਸਜਣ ਦੇ ਲਈ ਪ੍ਰੇਰਿਤ ਕੀਤਾ ਗਿਆ।

# ਛੋਟੀ ਉਮਰ ਦੇ ਬੱਚੇ ਹੋ ਰਹੇ ਨੇ ਫੈਟੀ ਲਿਵਰ ਦੀ ਬਿਮਾਰੀ ਦਾ ਸ਼ਿਕਾਰ

## ਹਰ ਦੂਜਾ ਪੰਜਾਬੀ ਫੈਟੀ ਲੀਵਰ ਦੀ ਬਿਮਾਰੀ ਤੋਂ ਪੀੜਤ

**ਕਮਲਜੀਤ ਸਿੰਘ ਬਨਵੈਤ**

ਚੰਡੀਗੜ੍ਹ, 11 ਜੂਨ : ਮੋਬਾਈਲ ਫ਼ੋਨ, ਵੀਡੀਓ ਗੇਮਾਂ, ਟੈਲੀਵਿਜ਼ਨ ਤੇ ਜੰਕ ਫੂਡ ਦੀ ਵੱਧ ਰਹੀ ਆਦਤ ਬੱਚਿਆਂ ਨੂੰ ਗੰਭੀਰ ਬਿਮਾਰੀਆਂ ਵੱਲ ਧੱਕ ਰਹੀ ਹੈ। ਪੀਜੀਆਈ ਦੇ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਬੱਚਿਆਂ ਦੇ ਉੱਤੇ ਮੋਟਾਪਾ ਤੇਜ਼ੀ ਨਾਲ ਵੱਧ ਰਿਹਾ ਹੈ ਅਤੇ ਇਸ ਨਾਲ ਫੈਟੀ ਲਿਵਰ ਦੇ ਮਾਮਲੇ ਵਿੱਚ ਵੀ ਚਿੰਤਾਜਨਕ ਵਾਧਾ ਹੋ ਰਿਹਾ ਹੈ। ਮਾਹਿਰਾਂ ਮੁਤਾਬਿਕ ਹਰ ਚਾਰ ਮੋਟੇ ਬੱਚਿਆਂ ਵਿੱਚੋਂ ਇੱਕ ਬੱਚਾ ਫੈਟੀ ਲੀਵਰ ਦੀ ਬਿਮਾਰੀ ਨਾਲ ਪ੍ਰਭਾਵਿਤ ਹੋ ਸਕਦਾ ਹੈ। ਗਲੋਬਲ ਫੈਟੀ ਲਿਵਰ ਦਿਵਸ ਮੌਕੇ ਪੀਜੀਆਈ ਦੇ ਐਡਵਾਂਸ ਪੀਡੀਐਟ੍ਰਿਕ ਸੈਂਟਰ ਵਿਖੇ ਕਰਵਾਏ ਜਾਗਰੂਕਤਾ ਪ੍ਰੋਗਰਾਮ ਦੌਰਾਨ ਮਾਹਿਰਾਂ ਨੇ ਕਿਹਾ ਕਿ ਫੈਟੀ ਲੀਵਰ ਹੁਣ ਸਿਰਫ ਵੱਡੀ ਉਮਰ ਦੇ ਲੋਕਾਂ ਦੀ ਬਿਮਾਰੀ ਨਹੀਂ ਰਹੀ। ਬੱਚਿਆਂ ਵਿੱਚ ਮੋਟਾਪੇ ਸਰੀਰ ਗਤੀਵਿਧੀਆਂ ਦੀ ਕਮੀ ਅਤੇ ਗੈਰ ਸਿਹਤਮੰਦ ਖੁਰਾਕ ਕਾਰਨ ਇਸ ਸਮੱਸਿਆ ਲਗਾਤਾਰ ਵਧ ਰਹੀ ਹੈ। ਸੈਂਟਰ ਦੀ ਪ੍ਰੋਫੈਸਰ ਸਾਧਨਾ ਲਾਲ ਨੇ ਕਿਹਾ ਕਿ ਫੈਟੀ ਲਿਵਰ ਦੀ ਬਿਮਾਰੀ ਅਕਸਰ ਬਿਨਾਂ ਕਿਸੇ ਲੱਛਣ ਦੇ ਅੱਗੇ ਵਧਦੀ ਰਹਿੰਦੀ ਹੈ ਇਸੇ ਕਾਰਨ ਬਹੁਤ ਸਾਰੇ ਮਾਮਲਿਆਂ ਵਿੱਚ ਬਿਮਾਰੀ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਜਿਗਰ ਨੂੰ ਨੁਕਸਾਨ ਪਹੁੰਚਣਾ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਹੁਣ ਇਸੇ ਬਿਮਾਰੀ ਨੂੰ ਫੈਟੀ ਲਿਵਰ ਕਿਹਾ ਜਾਂਦਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਜੇ ਇਸ ਸਮੇਂ ਸਿਰ ਧਿਆਨ ਨਾ ਦਿੱਤਾ ਜਾਵੇ ਤਾਂ ਇਹ ਬਿਮਾਰੀ ਭਵਿੱਖ ਵਿੱਚ ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਰੂਪ ਦੀਆਂ ਬਿਮਾਰੀਆਂ ਅਤੇ ਹੋਰ ਕਈ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦੀ ਹੈ। ਡਾਕਟਰ ਜਤਿੰਦਰ ਯਾਦਵ ਮੁਤਾਬਿਕ ਬੱਚੇ ਆਪਣੇ ਆਲੇ-ਦੁਆਲੇ ਸਿੱਖਦੇ ਹਨ। ਸਕੂਲ ਅਤੇ ਸਿਹਤ ਮਾਹਰ ਸਿਹਤਮੰਦ ਆਦਤਾਂ ਨੂੰ ਉਤਸ਼ਾਹਿਤ ਕਰਨ ਲਈ ਸਹਿਯੋਗ ਕਰਦੇ ਹਨ ਤਾਂ ਮੋਟਾਪਾ ਤੇ ਫੈਟੀ ਲਿਵਰ ਵਰਗੀ ਮੁੱਦਿਆਂ ਨੂੰ ਵੱਡੇ ਪੱਧਰ 'ਤੇ ਰੋਕਿਆ ਜਾ ਸਕਦਾ ਹੈ। ਫੈਟੀ ਲੀਵਰ ਦਾ ਪਤਾ ਲਾਉਣ ਲਈ ਸਿਰਫ ਟੈਸਟ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਦੋਂ ਕਿ ਮੋਟਾਪਾ ਤੇ ਚਰਬੀ ਇਸੇ ਦੀ ਵਜ੍ਹਾ ਬਣਦੇ ਹਨ। ਡਾਕਟਰਾਂ ਨੇ ਜ਼ੋਰ ਦੇ ਕੇ ਕਿਹਾ ਕਿ ਬੱਚਿਆਂ ਵਿੱਚ ਸਿਹਤਮੰਦ ਆਦਤਾਂ ਉਤਸ਼ਾਹਿਤ ਕਰਨਾ ਫੈਟੀ ਲੀਵਰ ਅਤੇ ਹੋਰ ਜੀਵਨ ਸ਼ੈਲੀ ਨਾਲ ਸਬੰਧਿਤ ਕੰਮ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ। ਦੱਸਣਾ ਜ਼ਰੂਰੀ ਹੋਵੇਗਾ ਕਿ ਪੰਜਾਬ ਵਿੱਚ ਫੈਟੀ ਲੀਵਰ ਦੀ ਬਿਮਾਰੀ ਆਮ ਹੈ, ਹਰ ਦੂਜਾ ਪੰਜਾਬੀ ਫੈਟੀ ਲੀਵਰ ਦੀ ਬਿਮਾਰੀ ਤੋਂ ਪੀੜਤ ਹੈ। ਬਾਵਜੂਦ ਇਸ ਦੇ ਪੰਜਾਬੀ ਆਪਣੀ ਜੀਵਨ ਸ਼ੈਲੀ ਬਦਲਣ ਲਈ ਚਿੰਤਤ ਨਹੀਂ ਹਨ।

# ਗੁਰਦੁਆਰਾ ਜੋਤ ਸਰੂਪ ਫੋਕਲ ਪੁਆਇੰਟ ਵਿਖੇ ਗੁਰਮਤਿ ਕੈਂਪ ਦੌਰਾਨ ਜੇਤੂ ਬੱਚਿਆਂ ਦਾ ਸਨਮਾਨ



ਰਾਜਪੁਰਾ,11 ਜੂਨ (ਸੰਜੀਵ ਕੁਮਾਰ) ਇਥੋਂ ਨੇੜਲੇ ਗੁਰਦੁਆਰਾ ਸਾਹਿਬ ਜੋਤ ਸਰੂਪ ਫੋਕਲ ਪੁਆਇੰਟ ਰਾਜਪੁਰਾ ਵਿਖੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜੀਵਨ ਸਿੰਘ, ਜਨਰਲ ਸਕੱਤਰ ਐਡਵੋਕੇਟ ਸੁਬੇਗ ਸਿੰਘ, ਕੈਸ਼ੀਅਰ ਦਾਰਾ ਸਿੰਘ, ਅਮਰੀਕ ਸਿੰਘ, ਜਸਵਿੰਦਰ ਸਿੰਘ, ਦਿਲਬਾਗ ਸਿੰਘ, ਸੰਤ ਸਿੰਘ, ਗੁਰਚਰਨ ਸਿੰਘ, ਸੁਖਦੇਵ ਸਿੰਘ, ਸੁਰਜੀਤ ਸਿੰਘ ਅਤੇ ਸਮੂਹ ਕਮੇਟੀ ਮੈਂਬਰਾਂ ਦੇ ਸਹਿਯੋਗ ਦੇ ਨਾਲ ਹਰ ਸਾਲ ਦੀ ਤਰ੍ਹਾਂ ਗੁਰਮਤਿ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦੇ ਦੌਰਾਨ ਸਭ ਤੋਂ ਪਹਿਲਾਂ ਬੱਚਿਆਂ ਦੀ ਚੋਣ ਕਰਕੇ ਪਹਿਲੀ ਤੋਂ ਪੰਜਵੀਂ, ਛੇਵੀਂ ਤੋਂ ਅੱਠਵੀਂ ਅਤੇ ਨੌਵੀਂ ਜਮਾਤ ਤੋਂ ਉੱਪਰ ਦੇ ਸਾਰੇ ਬੱਚਿਆਂ ਦੇ ਤਿੰਨ ਗਰੁੱਪ ਬਣਾਏ ਗਏ। ਜਿਸ ਵਿੱਚ 150 ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਇਹਨਾਂ ਬੱਚਿਆਂ ਨੂੰ ਸਿਖਲਾਈ ਦੇਣ ਤੋਂ ਉਪਰ ਬੀਤੇ ਦਿਨੀ ਕੈਂਪ ਇੰਚਾਰਜ ਦੀ ਨਿਗਰਾਨੀ ਦੇ ਵਿੱਚ ਬੱਚਿਆਂ ਦੇ ਸਿੱਖ ਧਰਮ ਨਾਲ ਸੰਬੰਧਿਤ ਲਿਖਤੀ ਪ੍ਰੀਖਿਆ ਅਤੇ ਮੌਖਿਕ ਪ੍ਰੀਖਿਆ ਲਈ ਗਈ। ਜਿਸ ਵਿੱਚ ਤਿੰਨੇ ਗਰੁੱਪਾਂ ਵਿੱਚੋਂ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੋਂ ਇਲਾਵਾ ਗੁਰਮਤਿ ਕੈਂਪ ਦੇ ਦੌਰਾਨ ਭਾਗ ਲੈਣ ਵਾਲੇ ਬੱਚਿਆਂ ਨੂੰ ਸਰਟੀਫਿਕੇਟ, ਸਿੱਖ ਲਿਟਰੇਚਰ ਅਤੇ ਉਪਹਾਰ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜੀਵਨ ਸਿੰਘ ਨੇ ਦੱਸਿਆ ਕਿ ਗੁਰਮਤਿ ਕੈਂਪ ਲਗਾਉਣ ਦਾ ਮੁੱਖ ਮਕਸਦ ਬੱਚਿਆਂ ਨੂੰ ਸਿੱਖ ਧਰਮ ਦੇ ਨਾਲ ਜੋੜ ਕੇ ਰੱਖਣ ਅਤੇ ਉਹਨਾਂ ਨੂੰ ਨਸ਼ਿਆਂ ਤੇ ਹੋਰ ਮਾੜੀਆਂ ਕੁਰੀਤੀਆਂ ਤੋਂ ਦੂਰ ਰੱਖਣਾ ਹੈ। ਉਹਨਾਂ ਦੱਸਿਆ ਕਿ ਗੁਰਮਤਿ ਕੈਂਪ ਦੇ ਦੌਰਾਨ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ, ਗੁਰੂ ਸਾਹਿਬਾਨਾਂ ਦੇ ਜੀਵਨ ਦੇ ਸਬੰਧ ਦੇ ਵਿੱਚ ਜਾਣਕਾਰੀ ਸਣੇ ਸਿੱਖ ਧਰਮ ਨਾਲ ਸੰਬੰਧਿਤ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ। ਇਸ ਕੈਂਪ ਦੌਰਾਨ ਸਹਿਜ ਪਾਠ ਸੇਵਾ ਕਮੇਟੀ ਦੇ ਵੱਲੋਂ ਪੁੱਜੇ ਸਤਨਾਮ ਸਿੰਘ ਦੇ ਵੱਲੋਂ ਆਪਣੇ ਵਡਮੁੱਲੇ ਵਿਚਾਰਾਂ ਦੇ ਨਾਲ ਬੱਚਿਆਂ ਨੂੰ ਸਿੱਖ ਧਰਮ ਦੇ ਬਾਰੇ ਅਤੇ ਗੁਰਬਾਣੀ ਨੂੰ ਕੰਠ ਕਰਨ ਬਾਰੇ ਜਾਣਕਾਰੀ ਦਿੱਤੀ ਗਈ। ਇਸ ਕੈਂਪ ਦੀ ਸਮਾਪਤੀ ਤੇ ਵਿਸ਼ੇਸ਼ ਤੌਰ ਉੱਤੇ ਵਾਰਡ ਨੰਬਰ ਤਿੰਨ ਤੋਂ ਕੌਂਸਲਰ ਰੁਪਿੰਦਰ ਕੌਰ ਸਰਵਾਰਾ, ਐਡਵੋਕੇਟ ਸੁਖਚੈਨ ਸਿੰਘ ਸਰਵਾਰਾ, ਗੁਰੀ ਚਹਿਲ, ਐਡਵੋਕੇਟ ਅਮਨ ਸੰਧੂ, ਸੁਰਿੰਦਰ ਸਿੰਘ ਸਮੇਤ ਕਮੇਟੀ ਦੇ ਮੈਂਬਰ ਅਤੇ ਕੈਂਪ ਨੂੰ ਸਫਲ ਬਣਾਉਣ ਦੇ ਲਈ ਡਿਊਟੀਆਂ ਕਰਨ ਵਾਲੇ ਸੇਵਾਦਾਰ ਹਾਜ਼ਰ ਸਨ।

# ਹਰਿਆਣਾ ਸਰਕਾਰ ਵੱਲੋਂ ਤੇਲ ਦੀ ਖਪਤ ਘਟਾਉਣ ਦੇ ਆਦੇਸ਼

## ਅਧਿਕਾਰੀਆਂ ਦੇ ਵਿਦੇਸ਼ ਦੌਰਿਆਂ 'ਤੇ ਲਗਾਈ ਮੁਕੰਮਲ ਪਾਬੰਦੀ

ਚੰਡੀਗੜ੍ਹ, 11 ਜੂਨ (ਚ. ਨ. ਸ.): ਵਿਸ਼ਵਵਿਆਪੀ ਆਰਥਿਕ ਅਨਿਸ਼ਚਿਤਤਾਵਾਂ ਅਤੇ ਤੇਲ ਦੀਆਂ ਵਧਦੀਆਂ ਕੀਮਤਾਂ ਦੇ ਮੱਦੇਨਜ਼ਰ ਹਰਿਆਣਾ ਸਰਕਾਰ ਨੇ ਸੂਬੇ ਵਿੱਚ ਖਰਚਿਆਂ ਨੂੰ ਘਟਾਉਣ ਅਤੇ ਸਰੋਤਾਂ ਦੀ ਬੱਚਤ ਕਰਨ ਲਈ ਇੱਕ ਬਹੁਤ ਵੱਡਾ ਅਤੇ ਸਖ਼ਤ ਕਦਮ ਚੁੱਕਿਆ ਹੈ। ਸਰਕਾਰ ਨੇ ਤੁਰੰਤ ਪ੍ਰਭਾਵ ਤੋਂ ਸਾਰੇ ਸਰਕਾਰੀ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ ਅਤੇ ਸਥਾਨਕ ਨਿਕਾਯਾਂ ਵਿੱਚ ਤੇਲ (ਫਿਊਲ) ਦੇ ਖਰਚੇ ਵਿੱਚ ਕਟੌਤੀ ਕਰਨ ਦੇ ਹੁਕਮ ਦਿੱਤੇ ਹਨ ਅਤੇ ਇਸ ਦੇ ਨਾਲ ਹੀ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਵਿਦੇਸ਼ ਦੌਰਿਆਂ 'ਤੇ ਪੂਰੀ ਤਰ੍ਹਾਂ ਨਾਲ ਪਾਬੰਦੀ ਲਗਾ ਦਿੱਤੀ ਹੈ। ਮੁੱਖ ਸਕੱਤਰ ਅਨੁਰਾਗ ਰਸਤੋਗੀ ਵੱਲੋਂ ਜਾਰੀ ਕੀਤੇ ਗਏ ਅਧਿਕਾਰਤ ਹੁਕਮਾਂ ਅਨੁਸਾਰ ਇਹ ਸਾਰੇ ਨਿਯਮ ਅਤੇ ਸੰਜਮ ਦੇ ਉਪਾਅ ਸਤੰਬਰ ਤੱਕ ਸਖ਼ਤੀ ਨਾਲ ਲਾਗੂ ਰਹਿਣਗੇ, ਤਾਂ ਜੋ ਸਰਕਾਰੀ ਖ਼ਜ਼ਾਨੇ 'ਤੇ ਪੈ ਰਹੇ ਬੋਝ ਨੂੰ ਘਟਾਇਆ ਜਾ ਸਕੇ ਅਤੇ ਆਯਾਤ ਕੀਤੇ ਜਾਣ ਵਾਲੇ ਸਰੋਤਾਂ 'ਤੇ ਨਿਰਭਰਤਾ ਨੂੰ ਘੱਟ ਕੀਤਾ ਜਾ ਸਕੇ। ਸਰਕਾਰ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਵਿੱਤ ਵਿਭਾਗ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਸਾਰੇ ਸਰਕਾਰੀ ਵਿਭਾਗਾਂ ਦੇ ਪੈਟਰੋਲੀਅਮ ਅਤੇ ਤੇਲ ਨਾਲ ਸਬੰਧਤ ਬਜਟ ਵਿੱਚ 20 ਫੀਸਦੀ ਤੱਕ ਦੀ ਸਿੱਧੀ ਕਟੌਤੀ ਲਾਗੂ ਕਰੇ। ਇਸ ਦੇ ਨਾਲ ਹੀ ਹਰ ਇੱਕ ਵਿਭਾਗ ਦੇ ਮੁਖੀ ਲਈ ਇਹ ਲਾਜ਼ਮੀ ਕਰ ਦਿੱਤਾ ਗਿਆ ਹੈ ਕਿ ਉਹ ਹਰ ਮਹੀਨੇ ਇਹ ਪ੍ਰਮਾਣ ਪੱਤਰ ਜਮ੍ਹਾਂ ਕਰਵਾਉਣਗੇ ਕਿ ਉਨ੍ਹਾਂ ਦੇ ਵਿਭਾਗ ਵਿੱਚ ਗੱਡੀਆਂ ਦੀ ਵਰਤੋਂ ਵਿੱਚ ਘੱਟੋ-ਘੱਟ 10 ਫੀਸਦੀ ਦੀ ਕਮੀ ਆਈ ਹੈ। ਇਸ ਪੂਰੀ ਪ੍ਰਕਿਰਿਆ ਅਤੇ ਤੇਲ ਦੀ ਬੱਚਤ 'ਤੇ ਨਿਗਰਾਨੀ ਰੱਖਣ ਲਈ ਵਿੱਤ ਵਿਭਾਗ ਵੱਲੋਂ ਇੱਕ ਵਿਸ਼ੇਸ਼ ਡਿਜੀਟਲ ਪੋਰਟਲ ਵੀ ਤਿਆਰ ਕੀਤਾ ਜਾ ਰਿਹਾ ਹੈ। ਇੰਨਾ ਹੀ ਨਹੀਂ, ਵੀਆਈਪੀ ਅਤੇ ਵੀਵੀਆਈਪੀ ਕਾਫਲਿਆਂ ਵਿੱਚ ਚੱਲਣ ਵਾਲੀਆਂ ਗੱਡੀਆਂ ਦੀ ਗਿਣਤੀ ਵਿੱਚ ਵੀ ਸੁਰੱਖਿਆ ਨਿਯਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ 50 ਫੀਸਦੀ ਤੱਕ ਦੀ ਕਟੌਤੀ ਕਰਨ ਦੇ ਆਦੇਸ਼ ਦਿੱਤੇ ਗਏ ਹਨ, ਤਾਂ ਜੋ ਤੇਲ ਦੀ ਵੱਡੀ ਬਚਤ ਕੀਤੀ ਜਾ ਸਕੇ।

ਇਸ ਸਰਕਾਰੀ ਮੁਹਿੰਮ ਤਹਿਤ ਅਧਿਕਾਰੀਆਂ ਦੇ ਵਿਦੇਸ਼ ਜਾਣ 'ਤੇ ਵੀ ਵੱਡੀ ਗਾਜ ਡਿੱਗੀ ਹੈ। ਹੁਣ ਕੋਈ ਵੀ ਸਰਕਾਰੀ ਕਰਮਚਾਰੀ ਜਾਂ ਉੱਚ ਅਧਿਕਾਰੀ ਸਰਕਾਰੀ ਜਾਂ ਨਿੱਜੀ ਕੰਮਾਂ ਲਈ ਸਤੰਬਰ ਤੱਕ ਵਿਦੇਸ਼ ਯਾਤਰਾ ਨਹੀਂ ਕਰ ਸਕੇਗਾ। ਇਸ ਪਾਬੰਦੀ ਵਿੱਚੋਂ ਸਿਰਫ਼ ਗੰਭੀਰ ਬੀਮਾਰੀ ਦੇ ਇਲਾਜ ਵਰਗੇ ਮੈਡੀਕਲ ਐਮਰਜੈਂਸੀ ਮਾਮਲਿਆਂ ਨੂੰ ਹੀ ਛੋਟ ਦਿੱਤੀ ਗਈ ਹੈ।

ਇਸ ਫੈਸਲੇ ਕਾਰਨ ਉਦਯੋਗ ਮੰਤਰੀ ਰਾਓ ਨਰਬੀਰ ਸਿੰਘ ਅਤੇ ਉਦਯੋਗ ਵਿਭਾਗ ਦੇ ਇੱਕ ਉੱਚ ਪੱਧਰੀ ਵਫ਼ਦ ਦਾ ਪ੍ਰਸਤਾਵਿਤ ਵਿਦੇਸ਼ ਦੌਰਾ ਵੀ ਰੱਦ ਕਰ ਦਿੱਤਾ ਗਿਆ ਹੈ, ਜੋ ਕਿ ਹਰਿਆਣਾ ਗਲੋਬਲ ਇਨਵੈਸਟਰਸ ਸਮਿਟ ਲਈ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨ ਵਾਸਤੇ ਜਾਣਾ ਸੀ ਅਤੇ ਹੁਣ ਇਹ ਸਮਿਟ ਸਾਲ ਦੇ ਅਖੀਰ ਵਿੱਚ ਕਰਵਾਇਆ ਜਾਵੇਗਾ। ਸਰਕਾਰ ਨੇ ਸਰਕਾਰੀ ਕੰਮਕਾਜ ਦੇ ਤਰੀਕੇ ਵਿੱਚ ਵੀ ਵੱਡਾ ਬਦਲਾਅ ਕਰਦਿਆਂ ਸਾਰੇ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਆਪਣੀਆਂ ਘੱਟੋ-ਘੱਟ 50 ਫੀਸਦੀ ਮੀਟਿੰਗਾਂ ਵੀਡੀਓ ਕਾਨਫਰੰਸਿੰਗ ਰਾਹੀਂ ਹੀ ਕਰਨ ਤਾਂ ਜੋ ਅਧਿਕਾਰੀਆਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਸਫ਼ਰ ਨਾ ਕਰਨਾ ਪਵੇ। ਇਸ ਦੇ ਨਾਲ ਹੀ ਸਰਕਾਰੀ ਖਰਚੇ 'ਤੇ ਕੀਤੇ ਜਾਣ ਵਾਲੇ ਵੱਡੇ ਸਮਾਗਮਾਂ, ਸੈਮੀਨਾਰਾਂ, ਤਿਉਹਾਰਾਂ, ਵਰਕਿੰਗ ਲੰਚ ਅਤੇ ਡਿਨਰ ਵਰਗੀਆਂ ਮਨੋਰੰਜਨ ਗਤੀਵਿਧੀਆਂ 'ਤੇ ਮੁਕੰਮਲ ਰੋਕ ਲਗਾ ਦਿੱਤੀ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਅਧਿਕਾਰੀਆਂ ਨੂੰ ਵੀ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਉਹ ਇਸ ਸਮੇਂ ਦੌਰਾਨ ਕਿਸੇ ਵੀ ਤਰ੍ਹਾਂ ਦੀਆਂ ਰੈਲੀਆਂ, ਰੋਡ ਸ਼ੋਅ ਜਾਂ ਵੱਡੇ ਜਨਤਕ ਇਕੱਠਾਂ ਨੂੰ ਮਨਜ਼ੂਰੀ ਨਾ ਦੇਣ।

# ਪੰਜਾਬ ਦਾ ਹਰੇਕ ਕਿਸਾਨ ਪੌਣੇ ਤਿੰਨ ਲੱਖ ਤੋਂ ਵੱਧ ਦਾ ਕਰਜ਼ਾਈ

**ਕਮਲਜੀਤ ਸਿੰਘ ਬਨਵੈਤ**

ਚੰਡੀਗੜ੍ਹ, 11 ਜੂਨ : ਜੇਠ ਹਾੜ ਦੀਆਂ ਧੁੱਪਾਂ ਸਿਰ 'ਤੇ ਝੱਲ ਅਤੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਮੁਲਕ ਦਾ ਢਿੱਡ ਭਰਨ ਵਾਲਾ ਕਿਸਾਨ ਕਰਜ਼ੇ ਦੇ ਬੋਝ ਥੱਲੇ ਪਿਸ ਰਿਹਾ ਹੈ। ਪੰਜਾਬ ਦੇ ਕਿਸਾਨਾਂ ਦੀ ਗੱਲ ਕਰੀਏ ਤਾਂ ਹਰੇਕ ਦੇ ਸਿਰ 2. 93 ਲੱਖ ਰੁਪਏ ਦਾ ਕਰਜ਼ਾ ਹੈ। ਸੂਬੇ ਦੇ 35.72 ਲੱਖ ਕਿਸਾਨਾਂ ਦੇ ਸਿਰ ਉੱਤੇ 1.05 ਲੱਖ ਕਰੋੜ ਰੁਪਏ ਦਾ ਬੋਝ ਹੈ ਅਤੇ ਪਿਛਲੇ ਕੁਝ ਸਮੇਂ ਤੋਂ ਇਸ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਰਾਜ ਪੱਧਰੀ ਬੈਂਕਰਜ਼ ਕਮੇਟੀ ਦੀ ਰਿਪੋਰਟ ਵਿੱਚ ਇਹ ਅੰਕੜੇ ਸਾਹਮਣੇ ਆਏ ਹਨ। ਪੰਜਾਬ ਦੇ ਕਿਸਾਨ ਬੈਂਕਾਂ ਦੇ 8958 ਕਰੋੜ ਰੁਪਏ ਅਦਾ ਕਰਨ ਦੇ ਅਸਮਰੱਥ ਹਨ ਜਿਸ ਕਾਰਨ 2.47 ਲੱਖ ਖਾਤੇ ਨਾਨ ਪਰਫਾਰਮਿੰਗ ਐਸੇਟ ਐਲਾਨੇ ਜਾ ਚੁੱਕੇ ਹਨ। ਜਿਸ ਨੇ ਬੈਂਕਾਂ ਦੀ ਚਿੰਤਾ ਵੀ ਵਧਾ ਦਿੱਤੀ ਹੈ। ਰਿਪੋਰਟ ਅਨੁਸਾਰ ਪਿਛਲੇ ਕਈ ਸਾਲਾਂ ਤੋਂ ਕਿਸਾਨ ਸਿਰ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ ਇਹੋ ਵਜ੍ਹਾ ਹੈ ਕਿ ਕਮੇਟੀ ਨੇ ਸਾਰੇ ਬੈਂਕਾਂ ਨੂੰ ਕਰਜ਼ੇ ਸਬੰਧੀ ਰਣਨੀਤੀ ਦੀ ਸਮੀਖਿਆ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਖੇਤੀ ਖੇਤਰ ਵਿੱਚ ਵਿੱਤੀ ਪੋਸ਼ਣ ਗਤੀ ਦੇਣ ਲਈ ਨਵੇਂ ਉਪਾਵਾਂ ਉੱਤੇ ਕੰਮ ਕੀਤਾ ਜਾ ਸਕੇ। ਖੇਤੀ ਖੇਤਰ ਵਿੱਚ ਨਾਨ ਪ੍ਰਸਾਰਮਿੰਗ ਐਸੇਟ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਹਾਲਾਂਕਿ ਕਮੀ ਆਈ ਹੈ ਪਰ ਹਾਲੇ ਵੀ ਇਹਨਾਂ ਖਾਤਿਆਂ ਦੀ ਦਰ ਚਿੰਤਾਜਨਕ ਹੈ। ਪੰਜਾਬ ਵਿੱਚ 10.35 ਲੱਖ ਕਿਸਾਨ 24.836 ਕਰੋੜ ਰੁਪਏ ਦੇ ਟਰਮ ਲੋਨ ਦੇ ਜਾਲ ਵਿੱਚ ਫਸੇ ਹੋਏ ਹਨ ਜੋ ਕਿ ਕੁੱਲ ਕਰਜ਼ੇ ਦਾ 3 ਪੁਆਇੰਟ 60 ਫ਼ੀਸਦੀ ਬਣਦਾ ਹੈ। ਟਰਮ ਲੋਨ ਇੱਕ ਅਜਿਹਾ ਕਰਜ਼ਾ ਹੁੰਦਾ ਹੈ ਜਿਹੜਾ ਕਿਸਾਨ ਨੂੰ ਇੱਕ ਨਿਸ਼ਚਿਤ ਰਾਸ਼ੀ ਦੇ ਰੂਪ ਵਿੱਚ ਮਿਲਦਾ ਹੈ ਅਤੇ ਜਿਸ ਨੂੰ ਮਿੱਥੇ ਸਮੇਂ ਅੰਦਰ ਅਦਾ ਕਰਨਾ ਹੁੰਦਾ ਹੈ। ਇਸ ਰਕਮ ਵਿੱਚ ਕਰਜ਼ਾ ਅਤੇ ਉਸਦੇ ਉੱਤੇ ਲੱਗਣ ਵਾਲਾ ਵਿਆਜ ਦੋਵੇਂ ਸ਼ਾਮਿਲ ਹੁੰਦੇ ਹਨ। ਕਿਸਾਨਾਂ ਉੱਤੇ ਵੱਧ ਰਹੇ ਕਰਜ਼ੇ ਦਾ ਵੱਡਾ ਕਾਰਨ ਖੇਤੀ ਲਾਗਤਾਂ ਵਿੱਚ ਵਾਧਾ, ਕੁਦਰਤੀ ਆਫਤਾਂ ਦੀ ਮਾਰ ਜਿਸ ਵਿੱਚ ਮੀਂਹ ਅਤੇ ਗੜ੍ਹੇਮਾਰੀ ਸ਼ਾਮਿਲ ਹੈ।ਬੀਤੇ ਸਾਲ 2025 ਵਿੱਚ ਪੰਜਾਬ ਦੇ ਕਈ ਜ਼ਿਲ੍ਹਿਆਂ ਨੂੰ ਹੜ੍ਹ ਦੀ ਮਾਰ ਪਈ ਸੀ। ਇਹਨਾਂ ਵਿੱਚੋਂ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਰਨ, ਹੁਸ਼ਿਆਰਪੁਰ, ਰੋਪੜ, ਕਪੂਰਥਲਾ, ਜਲੰਧਰ, ਮੋਗਾ, ਲੁਧਿਆਣਾ ਅਤੇ ਫ਼ਿਰੋਜ਼ਪੁਰ ਨੂੰ ਜ਼ਿਆਦਾ ਮਾਰ ਪਈ ਸੀ। ਇਹਨਾਂ ਵੱਡੀ ਗਿਣਤੀ ਕਿਸਾਨਾਂ ਦੇ ਖੇਤਾਂ ਉੱਤੇ ਇੰਨੀ ਮਿੱਟੀ ਚੜ੍ਹ ਗਈ ਸੀ ਤੇ ਉਹਨਾਂ ਦੀ ਸ਼ਨਾਖਤ ਕਰਨੀ ਮੁਸ਼ਕਿਲ ਹੋ ਗਈ ਸੀ। ਫਸਲਾਂ ਤੇ ਘਰਾਂ ਦਾ ਨੁਕਸਾਨ ਤਾਂ ਸਭ ਦਾ ਹੋਇਆ ਸੀ। ਅੰਕੜਾ ਤੇ ਪ੍ਰੋਗਰਾਮ ਲਾਗੂ ਕਰਨ ਮੰਤਰਾਲੇ ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਦੇ 54.4 ਫੀਸਦੀ ਕਿਸਾਨ ਪਰਿਵਾਰਾਂ ਉੱਤੇ ਔਸਤਨ 2.03 ਲੱਖ ਰੁਪਏ ਦਾ ਕਰਜ਼ਾ ਸੀ ਅਤੇ ਸੂਬਾ ਉਨ੍ਹਾਂ ਚੋਟੀ ਦੇ ਸੂਬਿਆਂ ਵਿੱਚ ਸ਼ਾਮਿਲ ਸੀ ਜਿੱਥੇ ਕਿਸਾਨਾਂ ਉੱਤੇ ਕਰਜ਼ ਫ਼ੀਸਦੀ ਸਭ ਤੋਂ ਵੱਧ ਹੈ। ਪਿਛਲੇ ਕੁਝ ਸਮੇਂ ਤੋਂ ਹਰ ਇੱਕ ਕਿਸਾਨ ਪਰਿਵਾਰ ਦੇ ਕਰਜ਼ 'ਚ ਵਾਧਾ ਹੋਇਆ ਹੈ ਅਤੇ ਹੁਣ ਇਹ 2. 93 ਲੱਖ ਪ੍ਰਤੀ ਕਿਸਾਨ ਪਰਿਵਾਰ ਤੱਕ ਪੁੱਜ ਗਿਆ ਹੈ। ਰਿਪੋਰਟ ਅਨੁਸਾਰ ਫਸਲ ਉਤਪਾਦਨ ਨਾਲ ਪੰਜਾਬ ਵਿੱਚ ਕਿਸਾਨ ਦੀ ਔਸਤ ਮਹੀਨਾਵਾਰ ਆਮਦਨ 12,597 ਹੈ। ਜੇ ਇੱਕ ਕਿਸਾਨ ਪਰਿਵਾਰ ਦੀ ਆਮਦਨ ਦੀ ਗੱਲ ਕੀਤੀ ਜਾਵੇ ਤਾਂ ਉਹ 26,791 ਬਣਦੀ ਹੈ।

# ਸਰਕਾਰ ਗੈਰ ਪੰਜਾਬੀਆਂ ਦੇ ਜ਼ਮੀਨ ਖਰੀਦਣ, ਵੋਟ ਤੇ ਨੌਕਰੀ ਉਪਰ ਪਾਬੰਦੀ ਲਗਾਵੇ : ਟਿਵਾਣਾ



ਅਮਲੋਹ, 11 ਜੂਨ (ਜਸਵੰਤ ਸਿੰਘ):ਅਕਾਲੀ ਦਲ ਅੰਮਿਤਸਰ ਦੇ ਮੁਖ ਬੁਲਾਰੇ, ਸਿਆਸੀ ਅਤੇ ਮੀਡੀਆ ਸਲਾਹਕਾਰ ਇਕਬਾਲ ਸਿੰਘ ਟਿਵਾਣਾ ਨੇ ਪ੍ਰੈਸ ਦੇ ਨਾਂ ਜਾਰੀ ਇਕ ਬਿਆਨ ਵਿਚ ਕਿਹਾ ਕਿ ਕੁਝ ਦਿਨ ਪਹਿਲਾ ਬਿਹਾਰ ਸੂਬੇ ਦੀ ਵਿਧਾਨ ਸਭਾ ਵਿਚ ਇਹ ਮਤਾ ਪਾਸ ਕੀਤਾ ਹੈ ਕਿ ਦੂਸਰੇ ਸੂਬੇ ਦਾ ਕੋਈ ਵੀ ਨਿਵਾਸੀ ਜ਼ਮੀਨ ਨਹੀਂ ਖਰੀਦ ਸਕੇਗਾ ਅਤੇ ਨਾ ਹੀ ਸੂਬੇ ਦੀਆਂ ਨੌਕਰੀਆਂ ਵਿਚ ਕੋਈ ਤਰਜੀਹ ਜਾਂ ਵੋਟ ਬਨਾਉਣ ਦਾ ਹੱਕਦਾਰ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਬਿਹਾਰ ਵਰਗੇ ਸੂਬੇ ਦੀ ਸਰਕਾਰ ਆਪਣੇ ਸੂਬੇ ਦੇ ਨਿਵਾਸੀਆਂ ਦੇ ਹੱਕ ਹਕੂਕਾਂ ਅਤੇ ਆਰਥਿਕਤਾ ਲਈ ਮਤਾ ਪਾਸ ਕਰ ਸਕਦੀ ਹੈ ਤਾਂ ਪੰਜਾਬ ਦੀ ਮਾਨ ਸਰਕਾਰ ਨੂੰ ਵੀ ਸੂਬੇ ਦੇ ਚੰਗੇ ਹਾਲਾਤ ਪੈਦਾ ਕਰਨ ਲਈ ਇਨ੍ਹਾਂ ਤਿੰਨੋ ਮੁੱਦਿਆਂ ਉਪਰ ਵਿਧਾਨ ਸਭਾ ਦਾ ਸਦਨ ਬੁਲਾ ਕੇ ਇਸ ਨੂੰ ਕਾਨੂੰਨੀ ਰੂਪ ਦੇਣ ਦੀ ਜੁਮੇਵਰੀ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਹੱਦੀ ਸੂਬਾ ਹੈ ਜਿਸਦਾ ਸਮੁੱਚਾ ਖੇਤਰਫਲ ਸਰਹੱਦ ਨਾਲ ਲੱਗਦਾ ਹੈ ਜਿਸ ਕਾਰਨ ਸਰਹੱਦੀ ਇਲਾਕੇ ਦੇ ਲੋਕਾਂ ਨੂੰ ਸਮੇਂ-ਸਮੇਂ 'ਤੇ ਹੋਣ ਵਾਲੀਆਂ ਜੰਗਾਂ-ਯੁੱਧਾਂ ਦੀ ਬਦੌਲਤ ਆਪਣੇ ਜੀਵਨ ਪੱਧਰ ਵਿਚ ਵੱਡੀਆ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਉਨ੍ਹਾਂ ਕਿਹਾ ਕਿ ਇਥੇ ਪ੍ਰਵਾਸੀਆਂ ਦੀ ਗਿਣਤੀ ਲਗਾਤਾਰ ਵੱਧਣ ਕਾਰਨ ਸਾਡੇ ਸੱਭਿਆਚਾਰ, ਵਿਰਸੇ-ਵਿਰਾਸਤ, ਆਰਥਿਕਤਾ ਉਤੇ ਵੱਡਾ ਨੁਕਸਾਨ ਹੋ ਰਿਹਾ ਹੈ।

# ਚੋਣਾਂ 'ਚ ਨਾਮਜ਼ਦਗੀ ਪੱਤਰ ਰੱਦ ਕਰਕੇ ਪਾਰਟੀ ਨੂੰ ਨਿਸ਼ਾਨਾ ਬਣਾਇਆ: ਢਿੱਲੋਂ



ਡੇਰਾਬੱਸੀ, 11 ਜੂਨ (ਮਨਦੀਪ ਵਰਮਾ/ਯੋਗੇਸ਼ ਰਾਣਾ) : ਨਗਰ ਕੌਂਸਲ ਚੋਣਾਂ ਤੋਂ ਬਾਅਦ ਕਾਂਗਰਸ ਪਾਰਟੀ ਨੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਆਪਣੀ ਰਣਨੀਤੀ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਹੈ।

ਇਸੇ ਤਹਿਤ ਹਲਕਾ ਇੰਚਾਰਜ਼ ਦੀਪਇੰਦਰ ਸਿੰਘ ਢਿੱਲੋਂ ਅਤੇ ਜ਼ੀਰਕਪੁਰ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਉਦੇਵੀਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਡੇਰਾਬੱਸੀ ਵਿੱਚ ਕਾਂਗਰਸ ਪਾਰਟੀ ਦੇ ਚੋਣ ਲੜੇ ਉਮੀਦਵਾਰਾਂ ਅਤੇ ਵਰਕਰਾਂ ਦੀ ਇੱਕ ਭਰਵੀਂ ਮੀਟਿੰਗ ਹੋਈ। ਇਸ ਦੌਰਾਨ ਆਗੂਆਂ ਨੇ ਉਮੀਦਵਾਰਾਂ ਅਤੇ ਵਰਕਰਾਂ ਦੀ ਹੌਸਲਾ ਅਫ਼ਜ਼ਾਈ ਕਰਦੇ ਹੋਏ ਚੋਣਾਂ ਵਿੱਚ ਕੀਤੀ ਮਿਹਨਤ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਦੀਪਇੰਦਰ ਸਿੰਘ ਢਿੱਲੋਂ ਨੇ ਦਾਅਵਾ ਕੀਤਾ ਕਿ ਨਗਰ ਕੌਂਸਲ ਚੋਣਾਂ ਦੌਰਾਨ ਕਾਂਗਰਸ ਪਾਰਟੀ ਨੂੰ ਯੋਜਨਾਬੱਧ ਢੰਗ ਨਾਲ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਪੂਰੇ ਹਲਕੇ ਦੇ 12 ਵਾਰਡਾਂ ਵਿੱਚ ਕਾਂਗਰਸ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਰੱਦ ਕਰ ਦਿੱਤੇ ਗਏ, ਜਦਕਿ ਉਨ੍ਹਾਂ ਦੇ ਅਨੁਸਾਰ ਇਹ ਉਮੀਦਵਾਰ ਜਿੱਤ ਦੀ ਮਜ਼ਬੂਤ ਸਥਿਤੀ ਵਿੱਚ ਸਨ। ਜਦੋਂ ਕਿ ਦੂਸਰੀਆਂ ਪਾਰਟੀਆਂ ਦੇ ਨਾਮਜ਼ਦਗੀ ਪੱਤਰ ਰੱਦ ਨਹੀਂ ਹੋਏ। ਇੱਕਲੇ ਲਾਲੜੂ ਵਿੱਚ ਕਾਂਗਰਸ ਦੇ ਪੰਜ ਉਮੀਦਵਾਰਾਂ ਦੇ ਪਰਚੇ ਰੱਦ ਕਰ ਦਿੱਤੇ ਗਏ। ਉਨ੍ਹਾਂ ਇਹ ਵੀ ਮੰਨਿਆ ਕਿ ਕਾਂਗਰਸ ਵੱਲੋਂ ਕੁਝ ਥਾਵਾਂ 'ਤੇ ਉਮੀਦਵਾਰਾਂ ਦੀ ਚੋਣ ਵਿੱਚ ਕਮੀਆਂ ਰਹੀਆਂ, ਜੋ ਹਾਰ ਦਾ ਇੱਕ ਕਾਰਨ ਬਣੀਆਂ। ਮੀਟਿੰਗ ਦੇ ਅੰਤ ਵਿੱਚ ਉਨ੍ਹਾਂ 2027 ਦੀਆਂ ਚੋਣਾਂ ਲਈ ਵਰਕਰਾਂ ਨੂੰ ਹੁਣੇ ਤੋਂ ਹੀ ਲਾਮਬੰਦ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਚੋਣਾਂ ਲੜੇ ਸਾਰੇ ਉਮੀਦਵਾਰ, ਭਾਵੇਂ ਉਹ ਜਿੱਤੇ ਹੋਣ ਜਾਂ ਹਾਰੇ ਹੋਣ, ਆਪਣੇ-ਆਪਣੇ ਵਾਰਡਾਂ ਵਿੱਚ ਲੋਕਾਂ ਨਾਲ ਨਿਰੰਤਰ ਸੰਪਰਕ ਬਣਾਈ ਰੱਖਣ, ਜਨਤਕ ਮੁੱਦਿਆਂ ਨੂੰ ਉਠਾਉਣ ਅਤੇ ਵਿਰੋਧੀ ਧਿਰ ਦੀ ਜ਼ਿੰਮੇਵਾਰ ਭੂਮਿਕਾ ਨਿਭਾਉਣ, ਤਾਂ ਜੋ ਕਾਂਗਰਸ ਪਾਰਟੀ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਹੋਰ ਮਜ਼ਬੂਤੀ ਮਿਲ ਸਕੇ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਚਰਨਜੀਤ ਸਿੰਘ ਟਿਵਾਣਾ, ਜ਼ਿਲ੍ਹਾ ਵਾਈਸ ਪ੍ਰਧਾਨ ਬਲਿਹਾਰ ਸਿੰਘ ਬੱਲੀ, ਸਾਬਕਾ ਟਰੱਕ ਯੂਨੀਅਨ ਪ੍ਰਧਾਨ ਚਮਨ ਸੈਣੀ, ਕੌਂਸਲਰ ਬੰਟੀ ਰਾਣਾ, ਜਸਪ੍ਰੀਤ ਸਿੰਘ ਲੱਕੀ, ਅੰਕਿਤ ਜੈਨ, ਕੌਂਸਲਰ ਮਨੀਸ਼ ਸੈਣੀ, ਸੁਨੀਲ ਰਾਣਾ ਅਤੇ ਇੰਦਰਜੀਤ ਸਿੰਘ ਕੰਬੋਜ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਹਾਜ਼ਰ ਸਨ।

# ਮੋਦੀ ਸਰਕਾਰ ਦੇ 4399 ਦਿਨ: ਡੇਰਾ ਬੱਸੀ ਭਾਜਪਾ ਮੰਡਲ ਨੇ ਲੱਡੂ ਵੰਡੇ ਅਤੇ 12 ਰੁੱਖ ਲਗਾਏ

ਡੇਰਾ ਬੱਸੀ, 11 ਜੂਨ (ਮਨਦੀਪ ਵਰਮਾ/ਯੋਗੇਸ਼ ਰਾਣਾ): ਮੋਦੀ ਸਰਕਾਰ ਦੇ 4399 ਦਿਨ ਪੂਰੇ ਹੋਣ 'ਤੇ, ਜਿਸਨੇ ਦੇਸ਼ ਨੂੰ ਸੇਵਾ, ਸੁਸ਼ਾਸਨ ਅਤੇ ਗਰੀਬਾਂ ਦੀ ਭਲਾਈ ਪ੍ਰਤੀ ਵਚਨਬੱਧਤਾ ਅਤੇ ਪ੍ਰਧਾਨ ਮੰਤਰੀ ਦੇ ਸਭ ਤੋਂ ਲੰਬੇ ਕਾਰਜਕਾਲ ਨਾਲ ਨਵੀਆਂ ਉਚਾਈਆਂ 'ਤੇ ਪਹੁੰਚਾਇਆ ਹੈ, ਭਾਜਪਾ ਮੰਡਲ ਡੇਰਾ ਬੱਸੀ ਨੇ ਭਾਜਪਾ ਦਫਤਰ ਵਿਖੇ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ। ਪ੍ਰੋਗਰਾਮ ਸਾਰੇ ਵਰਕਰਾਂ ਅਤੇ ਸਥਾਨਕ ਨਾਗਰਿਕਾਂ ਨੂੰ ਲੱਡੂ ਵੰਡ ਕੇ ਮਿਠਾਸ ਨਾਲ ਮਨਾਇਆ ਗਿਆ। 'ਵਿਕਸਤ ਭਾਰਤ' ਦੇ ਸੰਕਲਪ ਨੂੰ ਸਾਕਾਰ ਕਰਨ ਲਈ ਦਫਤਰ ਦੇ ਅਹਾਤੇ ਵਿੱਚ ਬਾਰਾਂ ਬੂਟੇ ਵੀ ਲਗਾਏ ਗਏ। ਇਸ ਮੌਕੇ 'ਤੇ, ਸੀਨੀਅਰ ਭਾਜਪਾ ਨੇਤਾ ਮਨਪ੍ਰੀਤ ਸਿੰਘ (ਬੰਨੀ) ਸੰਧੂ ਅਤੇ ਰਵਿੰਦਰ ਵੈਸ਼ਨਵ ਨੇ ਮੋਦੀ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਅਤੇ ਇਸਦੀ 12 ਸਾਲਾਂ ਦੀ ਵਿਕਾਸ ਯਾਤਰਾ ਦੀ ਪ੍ਰਸ਼ੰਸਾ ਕੀਤੀ।

ਬੁਲਾਰਿਆਂ ਨੇ ਕਿਹਾ ਕਿ ਮੋਦੀ ਸਰਕਾਰ ਨੇ ਗਰੀਬੀ ਹਟਾਉਣ, ਬੁਨਿਆਦੀ ਢਾਂਚਾ, ਡਿਜੀਟਲ ਇੰਡੀਆ, ਸੁਸ਼ਾਸਨ ਦੇ ਖੇਤਰਾਂ ਵਿੱਚ ਇਤਿਹਾਸਕ ਕੰਮ ਕੀਤਾ ਹੈ। ਇਸ ਮੌਕੇ ਭਾਜਪਾ ਮੰਡਲ ਪ੍ਰਧਾਨ ਪਵਨ ਧੀਮਾਨ, ਹਰਮੋਹ ਗੁਪਤਾ, ਦਵਿੰਦਰ ਪਾਲ ਪੁੰਡੀਰ, ਮੋਨੀਤਾ ਵਸ਼ਿਸ਼ਟ, ਸ਼ਿਲਪਾ ਸੇਠੀ, ਸ਼ਾਮ ਲਾਲ ਪ੍ਰਜਾਪਤ, ਗਿਆਨ ਚੰਦ, ਨੀਰਜ ਵਰਮਾ, ਦਿਨੇਸ਼ ਵੈਸ਼ਨਵ, ਯੋਗੇਸ਼ ਅਤਰੀ, ਸਤੀਸ਼ ਕੌਂਡਲ, ਸਵਰਨ ਸਿੰਘ, ਕੁਲਦੀਪ ਰਾਣਾ, ਰਿੰਕੂ ਸ਼ਰਮਾ, ਤੇਜੀ, ਮੱਖਣ ਸਿੰਘ ਅਤੇ ਹੋਰ ਵਰਕਰ ਹਾਜ਼ਰ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਰਾਜਨੀਤੀ ਵਿਗਿਆਨ ਵਿਭਾਗ ਦੇ ਵਿਦਿਆਰਥੀਆਂ ਨੇ ਕੌਮਾਂਤਰੀ ਲੇਖ ਲਿਖਣ ਮੁਕਾਬਲੇ 'ਚ ਸ਼ਾਨਦਾਰ ਕਾਮਯਾਬੀ ਹਾਸਲ ਕੀਤੀ



ਫਤਿਹਗੜ੍ਹ ਸਾਹਿਬ, 11 ਜੂਨ (ਹਰਪ੍ਰੀਤ ਕੌਰ ਟਿਵਾਣਾ): ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ (ਪੰਜਾਬ) ਦੇ ਰਾਜਨੀਤੀ ਵਿਗਿਆਨ ਵਿਭਾਗ ਲਈ ਇਹ ਮਾਣ ਦੀ ਗੱਲ ਹੈ ਕਿ ਵਿਭਾਗ ਦੇ ਵਿਦਿਆਰਥੀਆਂ ਨੇ ਹਾਰਟਫੁਲਨੈੱਸ ਐਜੂਕੇਸ਼ਨ ਟਰੱਸਟ ਅਤੇ ਦ ਕਾਮਨਵੈਲਥ ਦੇ ਸਹਿਯੋਗ ਨਾਲ ਕਰਵਾਏ ਗਏ ਕੌਮਾਂਤਰੀ ਲੇਖ ਲਿਖਣ ਮੁਕਾਬਲੇ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਵਿਖਾਈ ਹੈ। ਐਮ.ਏ. ਰਾਜਨੀਤੀ ਵਿਗਿਆਨ (ਭਾਗ ਪਹਿਲਾ) ਦੀਆਂ ਵਿਦਿਆਰਥਣਾਂ ਮਿਸ ਸਿਮਰਨਜੀਤ ਕੌਰ ਅਤੇ ਮਿਸ ਸੁਮਨਪ੍ਰੀਤ ਕੌਰ ਨੇ ਇਸ ਮੁਕਾਬਲੇ ਵਿੱਚ ਪਹਿਲੇ ਦਸ ਸਭ ਤੋਂ ਵਧੀਆ ਮੁਕਾਬਲੇਬਾਜ਼ਾਂ ਵਿੱਚ ਆਪਣਾ ਸਥਾਨ ਬਣਾਇਆ, ਜਦਕਿ ਪੰਜ ਵਿਦਿਆਰਥੀਆਂ ਨੇ ਪਹਿਲੇ ਪੰਜਾਹ ਭਾਗੀਦਾਰਾਂ ਵਿੱਚ ਜਗ੍ਹਾ ਹਾਸਲ ਕੀਤੀ।

ਇਸ ਜ਼ਿਕਰਯੋਗ ਕਾਮਯਾਬੀ ਲਈ ਉਨ੍ਹਾਂ ਨੂੰ ਟਰਾਫੀਆਂ ਅਤੇ ਸਰਟੀਫਿਕੇਟ ਭੇਟ ਕੀਤੇ ਗਏ। ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਵਿਦਿਅਕ ਸਮਰੱਥਾ ਅਤੇ ਸਿਰਜਣਾਤਮਕ ਯੋਗਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਵਿੱਚ ਪਰਖਵੀਂ ਸੋਚ, ਪੜਤਾਲ ਕਰਨ ਦੀ ਸਮਰੱਥਾ ਅਤੇ ਗਿਆਨਕ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ। ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਨੇ ਕਿਹਾ ਕਿ ਵਿਦਿਆਰਥਣਾਂ ਨੇ ਯੂਨੀਵਰਸਿਟੀ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ਦੀਆਂ ਵਿਦਿਅਕ ਅਤੇ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਆ ਕੀਤਾ। ਰਾਜਨੀਤੀ ਵਿਗਿਆਨ ਵਿਭਾਗ ਦੇ ਮੁਖੀ ਡਾ. ਰਮਨਦੀਪ ਕੌਰ ਨੇ ਵੀ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਅਜਿਹੇ ਵਿਦਵਤਾ ਭਰਪੂਰ ਮੁਕਾਬਲਿਆਂ ਵਿੱਚ ਸਰਗਰਮੀ ਨਾਲ ਸ਼ਮੂਲੀਅਤ ਕਰਨ ਲਈ ਪ੍ਰੇਰਿਤ ਕੀਤਾ। ਇਸ ਪੂਰੇ ਕਾਰਜ ਦਾ ਪ੍ਰਬੰਧ ਮਿਸ ਨਵਨੀਤ ਕੌਰ (ਅਸਿਸਟੈਂਟ ਪ੍ਰੋਫੈਸਰ) ਵੱਲੋਂ ਕੀਤਾ ਗਿਆ। ਰਾਜਨੀਤੀ ਵਿਗਿਆਨ ਵਿਭਾਗ ਇਨਾਮ ਜੇਤੂ ਵਿਦਿਆਰਥਣਾਂ ਨੂੰ ਉਨ੍ਹਾਂ ਦੇ ਭਵਿੱਖ ਦੇ ਵਿਦਿਅਕ ਯਤਨਾਂ ਲਈ ਚੰਗੀਆਂ ਕਾਮਨਾਵਾਂ ਦਿੰਦਾ ਹੈ।

ਦਮਨਦੀਪ ਸਿੰਘ ਪ੍ਰਿੰਟਰ, ਪਬਲਿਸ਼ਰ ਅਤੇ ਐਡੀਟਰ ਨੇ ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ, 593, ਐਸ.ਐਸ.ਟੀ. ਨਗਰ, ਪਟਿਆਲਾ ਦੇ ਕੀਪਰ ਪਰਮਜੀਤ ਸਿੰਘ ਤੋਂ ਛਪਵਾ ਕੇ ਦਫ਼ਤਰ 'ਰੋਜ਼ਾਨਾ ਚੜ੍ਹਦੀਕਲਾ', 3205 ਸੈਕਟਰ 44-ਡੀ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ। ਮਾਲਕ: ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ, ਪ੍ਰਾਈਵੇਟ ਲਿਮਟਿਡ।

PRGI (RNI) Regd. No. CHPUN/25/A1790

Printed, Published & Edited by Damandeep Singh on behalf of Charhdikala Printing Press Pvt. Ltd. Printed at Charhdikala Printing Press, 593, SST Nagar, Patiala keeper Paramjit Singh, Published at Office Daily Charhdikala, 3205, Sector 44-D, Chandigarh.

PRGI (RNI) Regd. No. CHPUN/25/A1790

# 4 ਕਰੋੜ ਦੀ ਲਾਗਤ ਨਾਲ ਚੌਰਵਾਲਾ ਬਿਜਲੀ ਗਰਿੱਡ ਹੋਇਆ ਅਪਗਰੇਡ : ਰਾਏ



ਫਤਹਿਗੜ ਸਾਹਿਬ, 11 ਜੂਨ (ਸੂਦ): ਪਿੰਡ ਚੌਰਵਾਲਾ ਦਾ ਬਿਜਲੀ ਗਰਿੱਡ 4 ਕਰੋੜ ਰੁਪਏ ਦੀ ਲਾਗਤ ਨਾਲ ਅਪਗ੍ਰੇਡ ਕੀਤਾ ਗਿਆ ਹੈ, ਜੋ 10 ਸਾਲਾਂ ਤੱਕ ਓਵਰਲੋਡ ਨਹੀਂ ਹੋਵੇਗਾ। ਇਹ ਪ੍ਰਗਟਾਵਾ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਨੇ ਇਥੇ ਕੀਤਾ।ਉਨ੍ਹਾਂ ਦੱਸਿਆ ਕਿ ਅਬਾਦੀ ਵੱਧਣ ਕਾਰਨ ਬਿਜਲੀ ਦੀ ਖਪਤ ਵੀ ਵੱਧ ਰਹੀ ਹੈ ਅਤੇ ਪਿਛਲੇ ਸਮੇਂ ਦੇ ਮੁਕਾਬਲੇ ਹੁਣ ਲੋਕੀਂ ਜ਼ਿਆਦਾ ਬਿਜਲੀ ਦੀ ਵਰਤੋਂ ਕਰ ਰਹੇ ਹਨ ਇਸ ਦੇ ਨਾਲ ਹੀ ਬਿਜਲੀ ਦੀ ਖਪਤ ਵੀ ਵਧਦੀ ਜਾ ਰਹੀ ਹੈ ਜੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰ ਅੰਦੇਸ਼ੀ ਸੋਚ ਸਦਕਾ ਲੋਕਾਂ ਨੂੰ ਪੂਰੀ ਬਿਜਲੀ ਸਪਲਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਬਰਕਤਪੁਰ ਅਤੇ ਸਰਾਣਾ ਫੀਡਰ ਬਣਾਏ ਗਏ ਹਨ ਤਾਂ ਜੋ ਲੋਕਾਂ ਨੂੰ ਬਿਜਲੀ ਸਪਲਾਈ ਠੀਕ ਮਿਲ ਸਕੇ, ਇਸ ਕਾਰਜ ਲਈ 50 ਲੱਖ ਰੁਪਏ ਖਰਚ ਕੀਤਾ ਗਿਆ। ਉਨ੍ਹਾਂ ਕਿਹਾ ਕਿ ਝੋਨੇ ਦੇ ਸੀਜ਼ਨ ਨੂੰ ਦੇਖਦਿਆਂ ਪੂਰੀ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ। ਪੰਜਾਬ ਸਰਕਾਰ ਤਪਦੀ ਗਰਮੀ ਵਿੱਚ ਵੀ ਲੋਕਾਂ ਨੂੰ ਪੂਰੀ ਸਪਲਾਈ ਦੇਣ ਲਈ ਵਚਨਬੱਧ ਹੈ ਤਾਂ ਜੋ ਉਨ੍ਹਾਂ ਨੂੰ ਕੋਈ ਮਸ਼ਕਿਲ ਨਾ ਆਵੇ।

# ਸਪਾ ਦੀ ਆੜ 'ਚ ਚੱਲ ਰਹੇ ਗੈਰਕਾਨੂੰਨੀ ਧੰਦੇ ਦਾ ਪਰਦਾਫਾਸ਼

ਜ਼ੀਰਕਪੁਰ,11 ਜੂਨ (ਸੁਖਵਿੰਦਰ ਸੈਣੀ): ਜ਼ੀਰਕਪੁਰ ਪੁਲਿਸ ਨੇ ਸ਼ਹਿਰ ਵਿੱਚ ਗੈਰਕਾਨੂੰਨੀ ਗਤੀਵਿਧੀਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਵੱਡੀ ਕਾਰਵਾਈ ਕਰਦਿਆਂ ਫਾਰੇਵਰ ਸਪਾ 'ਤੇ ਰੇਡ ਕੀਤੀ ਹੈ। ਇਹ ਕਾਰਵਾਈ ਏ.ਐਸ.ਪੀ. ਜ਼ੀਰਕਪੁਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਥਾਣਾ ਮੁਖੀ ਜ਼ੀਰਕਪੁਰ ਦੀ ਅਗਵਾਈ ਹੇਠ ਕੀਤੀ ਗਈ। ਪੁਲਿਸ ਵੱਲੋਂ ਕੀਤੀ ਗਈ ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਸਪਾ ਦੀ ਆੜ ਵਿੱਚ ਕਥਿਤ ਤੌਰ 'ਤੇ ਬਰੋਥਲ (ਕੋਠਾ) ਚਲਾ ਕੇ ਦੇਹ ਵਪਾਰ ਦਾ ਗੈਰਕਾਨੂੰਨੀ ਧੰਧਾ ਕੀਤਾ ਜਾ ਰਿਹਾ ਸੀ। ਜਾਣਕਾਰੀ ਮਿਲਣ ਉਪਰੰਤ ਪੁਲਿਸ ਟੀਮ ਨੇ ਮੌਕੇ 'ਤੇ ਛਾਪੇਮਾਰੀ ਕਰਕੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ।

# ਬਾਬਾ ਬੰਦਾ ਸਿੰਘ ਬਹਾਦਰ ਪੋਲੀਟੈਕਨਿਕ ਕਾਲਜ ਦੇ ਵਿਦਿਆਰਥੀ ਦੇਸ਼ਾਂ-ਵਿਦੇਸ਼ਾਂ 'ਚ ਕਾਲਜ ਦਾ ਨਾਮ ਚਮਕਾ ਰਹੇ ਨੇ : ਮਕਾਰੋਂਪੁਰ, ਰਿਆ



ਫਤਿਹਗੜ੍ਹ ਸਾਹਿਬ, 11 ਜੂਨ (ਹਰਪ੍ਰੀਤ ਕੌਰ ਟਿਵਾਣਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿੱਚ ਚੱਲ ਰਹੇ ਬਾਬਾ ਬੰਦਾ ਸਿੰਘ ਬਹਾਦਰ ਪੋਲੀਟੈਕਨਿਕ ਕਾਲਜ ਫਤਿਹਗੜ੍ਹ ਸਾਹਿਬ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਐਜੂਕੇਸ਼ਨ ਟਰੱਸਟ ਦੇ ਮੈਂਬਰ ਬਣਨ ਤੇ ਮਨਮੋਹਨ ਸਿੰਘ ਮਕਾਰੋਂਪੁਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮੇਂ ਉਹਨਾਂ ਦੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਟਰਸਟ ਦੇ ਮੈਂਬਰ ਸਰਦਾਰ ਅਵਤਾਰ ਸਿੰਘ ਰਿਆ ਵੀ ਹਾਜ਼ਰ ਰਹੇ ।

ਇਸ ਮੌਕੇ ਸਟਾਫ ਨੂੰ ਸੰਬੋਧਨ ਕਰਦਿਆਂ ਨਵੇਂ ਨਿਯੁਕਤ ਹੋਏ ਟਰੱਸਟ ਮੈਂਬਰ ਮਨਮੋਹਨ ਸਿੰਘ ਮੁਕਾਰੋਂਪੁਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਮੈਂਬਰ ਟਰੱਸਟ ਬਾਬਾ ਬੰਦਾ ਸਿੰਘ ਬਹਾਦਰ ਐਜੂਕੇਸ਼ਨ ਟਰੱਸਟ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਕਾਲਜ ਪਿਛਲੇ ਲੰਮੇ ਸਮੇਂ ਤੋਂ ਬਹੁਤ ਹੀ ਸਫਲਤਾਪੂਰਵਕ ਚੱਲ ਰਿਹਾ ਹੈ । ਉਨ੍ਹਾਂ ਕਿਹਾ ਕਿ ਕਾਲਜ ਵਿੱਚ ਪੜ੍ਹ ਕੇ ਬਹੁਤ ਸਾਰੇ ਵਿਦਿਆਰਥੀ ਦੇਸ਼ ਅਤੇ ਵਿਦੇਸ਼ਾਂ ਵਿੱਚ ਵੱਖ-ਵੱਖ ਮਹਿਕਮਿਆਂ ਵਿੱਚ ਵਧੀਆ ਰੁਜ਼ਗਾਰ ਕਮਾ ਕੇ ਕਾਲਜ ਦਾ ਨਾਮ ਚਮਕਾ ਰਹੇ ਹਨ। ਉਹਨਾਂ ਕਿਹਾ ਕਿ ਉਹ ਕਾਲਜ ਦੀ ਤਰੱਕੀ ਲਈ ਹਮੇਸ਼ਾ ਹੀ ਯਤਨ ਕਰਦੇ ਰਹਿਣਗੇ ।ਇਸ ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਗੁਰਪ੍ਰੀਤ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਅਤੇ ਸਿਰਪਾਓ ਭੇਂਟ ਕਰਕੇ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਜੈਲਦਾਰ, ਬਲਰਾਜ ਸਿੰਘ, ਵਿਭਾਗ ਮੁਖੀ ਇੰਜ ਸਿਮਰਨਜੀਤ ਸਿੰਘ, ਇੰਜ ਗੁਰਦੀਪ ਸਿੰਘ, ਇੰਜ ਅਮਰਪ੍ਰੀਤ ਸਿੰਘ, ਮੈਡਮ ਜਸਕਿਰਨ ਕੌਰ, ਡਾ. ਸੋਹੰਸਰਜੀਤ ਸ਼ਰਮਾ, ਇੰਜ ਜਗਤਾਰ ਸਿੰਘ, ਰਣਜੀਤ ਸਿੰਘ, ਹਰਪ੍ਰੀਤ ਕੌਰ ਟਿਵਾਣਾ, ਰਣਧੀਰ ਸਿੰਘ ਖੰਟ, ਜੁਝਾਰ ਸਿੰਘ, ਗੁਰਦੀਪ ਕੌਰ, ਇੰਜ ਨਵਜੋਤ ਸਿੰਘ, ਇੰਜ ਜਤਿੰਦਰ ਪਾਲ ਸਿੰਘ, ਰੁਪਿੰਦਰ ਸਿੰਘ, ਸਤਨਾਮ ਸਿੰਘ, ਸਰਬਜੀਤ ਸਿੰਘ, ਸਪਿੰਦਰ ਸਿੰਘ, ਸੋਮਨਾਥ, ਹਰਵਿੰਦਰ ਸਿੰਘ, ਭੁਪਿੰਦਰ ਸਿੰਘ, ਬਰਿੰਦਰ ਸਿੰਘ, ਮੋਹਨ ਲਾਲ ਆਦਿ ਸਮੂਹ ਸਟਾਫ ਹਾਜ਼ਰ ਸੀ।




**ਚੜ੍ਹਦੀਕਲਾ ਬਿਊਰੋ**

ਪਟਿਆਲਾ-ਪੰਜਾਬ ਦੀ ਸਿਆਸਤ ਇੱਕ ਵਾਰ ਫਿਰ ਉੱਬਲ ਰਹੀ ਹੈ। ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਦੀ ਪੰਜਾਬ ਫੇਰੀ ਅਤੇ ਅਕਾਲੀ-ਭਾਜਪਾ ਗੱਠਜੋੜ ਦੀਆਂ ਛਿੜੀਆਂ ਚਰਚਾਵਾਂ ਨੇ ਸਾਰੀਆਂ ਧਿਰਾਂ ਨੂੰ ਸੁਚੇਤਵੀ ਕਰ ਦਿੱਤਾ ਹੈ ਅਤੇ ਬਿਆਨਬਾਜ਼ੀਆਂ ਵੀ ਤੇਜ਼ ਹੋ ਗਈਆਂ ਹਨ। ਖ਼ਾਸ ਕਰਕੇ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਸਾਰੇ ਮੰਤਰੀ ਤੋਂ ਸੰਤਰੀ ਤੱਕ ਇਸ ਸੰਭਾਵੀ ਗੱਠਜੋੜ ਖ਼ਿਲਾਫ਼ ਮੋਰਚਾ ਵਿੱਢ ਰਹੇ ਹਨ। ਇਸ ਦੌਰਾਨ ਭਾਰਤੀ ਜਨਤਾ ਪਾਰਟੀ ਇਸੇ ਮਹੀਨੇ ਤੋਂ ਪੰਜਾਬ ਵਿੱਚ ਆਪਣੀਆਂ ਚੋਣ ਸਰਗਰਮੀਆਂ ਸ਼ੁਰੂ ਕਰਨ ਜਾ ਰਹੀ ਹੈ, ਜਿਸ ਲਈ ਕਈ ਵੱਡੇ ਆਗੂਆਂ ਦੇ ਦੌਰਿਆਂ ਦੀ ਤਿਆਰੀ ਕਰ ਲਈ ਗਈ ਹੈ। ਇਸ ਪਿੱਠਭੂਮੀ ਵਿੱਚ ਪੰਜਾਬ ਦੀਆਂ ਸਾਰੀਆਂ ਪ੍ਰਮੁੱਖ ਪਾਰਟੀਆਂ ਦੀਆਂ ਰਣਨੀਤੀਆਂ ਨੂੰ ਸਮਝਣਾ ਜ਼ਰੂਰੀ ਹੈ।

ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਬਣਨ ਮਗਰੋਂ ਇਹ ਨਿਤਿਨ ਨਬੀਨ ਦਾ ਪਹਿਲਾ ਪੰਜਾਬ ਦੌਰਾ ਹੈ, ਜਿਸ ਵਿੱਚ ਉਹ ਦੋ ਦਿਨ ਪੰਜਾਬ ਵਿੱਚ ਰਹਿਣਗੇ। ਆਪਣੇ ਦੌਰੇ ਦੀ ਸ਼ੁਰੂਆਤ ਉਹ ਗੁਰੂ ਨਗਰੀ ਅੰਮ੍ਰਿਤਸਰ ਤੋਂ ਕਰਨਗੇ, ਜਿੱਥੇ ਉਹ ਪਹਿਲਾਂ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣਗੇ ਅਤੇ ਫਿਰ ਦੁਰਗਿਆਣਾ ਮੰਦਰ ਅਤੇ ਜਲ੍ਹਿਆਂਵਾਲਾ ਬਾਗ ਵਿਖੇ ਵੀ ਜਾਣਗੇ। ਇਹ ਦੌਰਾ ਮਹਿਜ਼ ਧਾਰਮਿਕ ਯਾਤਰਾ ਨਹੀਂ, ਸਗੋਂ ਇੱਕ ਸੁਚੇਤ ਸਿਆਸੀ ਸੁਨੇਹਾ ਹੈ ਕਿ ਭਾਜਪਾ ਸਿੱਖ ਭਾਈਚਾਰੇ ਅਤੇ ਹਿੰਦੂ ਵੋਟਰਾਂ ਨੂੰ ਇਕੱਠੇ ਲੈ ਕੇ ਚੱਲਣਾ ਚਾਹੁੰਦੀ ਹੈ।

ਕੌਮੀ ਪ੍ਰਧਾਨ ਨਿਤਿਨ ਨਬੀਨ ਪੰਜਾਬ ਭਾਜਪਾ ਦੇ ਸੀਨੀਅਰ ਆਗੂਆਂ, ਕੋਰ ਗਰੁੱਪ ਮੈਂਬਰਾਂ ਅਤੇ ਜ਼ਿਲ੍ਹਾ ਪ੍ਰਧਾਨਾਂ ਨਾਲ ਰਣਨੀਤੀ ਮੀਟਿੰਗਾਂ ਕਰਨਗੇ ਅਤੇ ਪਾਰਟੀ ਦੇ ਵੋਟ ਬੈਂਕ ਨੂੰ ਮਜ਼ਬੂਤ ਕਰਨ ਲਈ ਸਥਾਨਕ ਕਾਰੋਬਾਰੀਆਂ, ਕਿਸਾਨਾਂ ਅਤੇ ਜਾਗਰੂਕ ਨਾਗਰਿਕਾਂ ਨਾਲ ਵੀ ਗੱਲਬਾਤ ਕਰਨਗੇ। ਇਸ ਤੋਂ ਸਾਫ਼ ਝਲਕਦਾ ਹੈ ਕਿ ਭਾਜਪਾ 'ਮਿਸ਼ਨ ਪੰਜਾਬ 2027' ਨੂੰ ਬੇਹੱਦ ਗੰਭੀਰਤਾ ਨਾਲ ਲੈ ਰਹੀ ਹੈ।

ਪੰਜਾਬ ਭਾਜਪਾ ਦੇ ਨਵ-ਨਿਯੁਕਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਦੱਸਿਆ ਕਿ ਭਾਜਪਾ ਪੰਜਾਬ ਨੇ 'ਮਿਸ਼ਨ ਪੰਜਾਬ 2027' ਦੀ ਸ਼ੁਰੂਆਤ ਮਹਾਰਾਜਾ ਰਣਜੀਤ ਸਿੰਘ ਦੀ ਸੋਚ ਨਾਲ ਕੀਤੀ ਜਾਵੇਗੀ। ਇਹ ਸੁਨੇਹਾ ਸਿੱਧਾ ਸਿੱਖ ਵੋਟਰਾਂ ਨੂੰ ਦਿੱਤਾ ਜਾ ਰਿਹਾ ਹੈ ਜਿਨ੍ਹਾਂ ਨੂੰ ਭਾਜਪਾ ਆਪਣੇ ਨਾਲ ਜੋੜਨਾ ਚਾਹੁੰਦੀ ਹੈ।

ਭਾਜਪਾ ਦੀ ਪੰਜਾਬ ਵਿੱਚ ਵੋਟ ਹਿੱਸੇਦਾਰੀ ਵਿੱਚ ਵੱਡਾ ਵਾਧਾ ਹੋਇਆ ਹੈ। ਲੋਕ ਸਭਾ ਚੋਣਾਂ ਵਿੱਚ ਭਾਜਪਾ ਦਾ ਵੋਟ ਹਿੱਸਾ ਲਗਭਗ 6 ਤੋਂ ਵਧ ਕੇ 18 ਫ਼ੀਸਦੀ ਹੋ ਗਿਆ ਹੈ। ਇਸ ਆਧਾਰ 'ਤੇ ਕਈ ਭਾਜਪਾ ਆਗੂ ਇਕੱਲੇ ਚੋਣ ਲੜਨ ਦੀ ਗੱਲ ਕਰਦੇ ਹਨ। ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਸਾਫ਼ ਕਿਹਾ ਕਿ ਭਾਜਪਾ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸਾਰੀਆਂ 117 ਸੀਟਾਂ 'ਤੇ ਚੋਣ ਲੜੇਗੀ। ਦੂਜੇ ਪਾਸੇ, ਨਿਤਿਨ ਨਬੀਨ ਕਹਿ ਰਹੇ ਹਨ ਕਿ ਅਕਾਲੀ-ਭਾਜਪਾ ਗੱਠਜੋੜ ਦੇ ਦਰਵਾਜ਼ੇ ਅਜੇ ਬੰਦ ਨਹੀਂ ਹੋਏ। ਇਹ ਵਿਰੋਧਾਭਾਸ ਦੱਸਦਾ ਹੈ ਕਿ ਭਾਜਪਾ ਅੰਦਰ ਗੱਠਜੋੜ ਦੇ ਸਵਾਲ 'ਤੇ ਦੋ ਧੜੇ ਹਨ -ਇੱਕ ਜੋ ਇਕੱਲੇ ਲੜਨਾ ਚਾਹੁੰਦਾ ਹੈ ਅਤੇ ਦੂਜਾ ਜੋ ਅਕਾਲੀ ਦਲ ਦੀ ਪੰਥਕ ਪਕੜ ਤੋਂ ਫ਼ਾਇਦਾ ਉਠਾਉਣਾ ਚਾਹੁੰਦਾ ਹੈ।

## ਅਕਾਲੀ ਦਲ ਦੀ ਦੁਬਿਧਾ: ਨੇੜੇ ਵੀ ਨਹੀਂ, ਦੂਰ ਵੀ ਨਹੀਂ

ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਹਾਲਤ ਸਭ ਤੋਂ ਵੱਧ ਦੁਬਿਧਾ ਵਾਲੀ ਹੈ। ਸੁਖਬੀਰ ਸਿੰਘ ਬਾਦਲ ਦੀ ਦਿੱਲੀ ਫੇਰੀ ਤੋਂ ਬਾਅਦ ਗੱਠਜੋੜ ਦੀਆਂ ਕਿਆਸਅਰਾਈਆਂ ਤਿੱਖੀਆਂ ਹੋਈਆਂ ਹਨ। ਪਾਰਟੀ ਦੇ ਕਾਡਰ ਅਤੇ ਜ਼ਿਲ੍ਹਾ ਪ੍ਰਧਾਨ ਭਾਜਪਾ ਨਾਲ ਗੱਠਜੋੜ ਦੇ ਵਿਰੋਧ ਵਿੱਚ ਆਵਾਜ਼ ਉਠਾਉਂਦੇ ਰਹੇ ਹਨ, ਕਿਉਂਕਿ ਕਿਸਾਨ ਅੰਦੋਲਨ ਸਮੇਂ ਭਾਜਪਾ ਨਾਲ ਵੱਖ ਹੋਣ ਦੇ ਫ਼ੈਸਲੇ ਨੂੰ ਅਕਾਲੀ ਕਾਡਰ ਵਿੱਚ ਸਿਧਾਂਤਕ ਕਦਮ ਮੰਨਿਆ ਜਾਂਦਾ ਹੈ। ਪਾਰਟੀ ਲਈ ਹੁਣ ਭਾਜਪਾ ਨਾਲ ਵਾਪਸੀ ਕਰਨਾ ਸਿਆਸੀ ਸਾਖ਼ ਦੇ ਪੱਖੋਂ ਬਹੁਤ ਔਖਾ ਸੌਦਾ ਹੈ। ਦੂਜੇ ਪਾਸੇ, ਇਕੱਲੇ ਚੋਣਾਂ ਲੜਨ ਦੀ ਤਾਕਤ ਵੀ ਕਮਜ਼ੋਰ ਹੋ ਰਹੀ ਹੈ -ਪਾਰਟੀ ਵਿੱਚੋਂ ਆਗੂਆਂ ਦਾ ਜਾਣਾ ਜਾਰੀ ਹੈ, ਅੰਦਰੂਨੀ ਟੁੱਟ-ਭੱਜ ਹੈ ਅਤੇ ਲੋਕਾਂ ਵਿੱਚ ਅਕਾਲੀ ਦਲ ਦਾ ਅਕਸ ਅਜੇ ਮੁੜ ਨਹੀਂ ਬਣਿਆ।

## ਗੱਠਜੋੜ ਦੀ ਸੰਭਾਵਨਾ ਅਤੇ ਇਸ ਦੇ ਸਿਆਸੀ ਸਮੀਕਰਨ

ਜੇਕਰ ਅਕਾਲੀ-ਭਾਜਪਾ ਗੱਠਜੋੜ ਹੁੰਦਾ ਹੈ ਤਾਂ ਇਸ ਦੇ ਕੁਝ ਸੰਭਾਵੀ ਫ਼ਾਇਦੇ ਅਤੇ ਨੁਕਸਾਨ ਦੋਵੇਂ ਹਨ। ਫ਼ਾਇਦੇ ਵਾਲੇ ਪੱਖ ਤੋਂ, ਭਾਜਪਾ ਨੂੰ ਅਕਾਲੀ ਦਲ ਦਾ ਪੁਰਾਣਾ ਪੰਥਕ ਵੋਟ ਬੈਂਕ ਮਿਲ ਸਕਦਾ ਹੈ ਅਤੇ ਦੋਵੇਂ ਧਿਰਾਂ ਮਿਲ ਕੇ ਆਮ ਆਦਮੀ ਪਾਰਟੀ ਨੂੰ ਸੱਤਾ ਤੋਂ ਬੇਦਖ਼ਲ ਕਰਨ ਦੇ ਕਾਬਲ ਹੋ ਸਕਦੀਆਂ ਹਨ ਅਤੇ ਕਾਂਗਰਸ ਦੇ ਸੱਤਾ ਵਿੱਚ ਆਉਣ ਦੇ ਰਾਹ ਵਿੱਚ ਅੜਿੱਕਾ ਬਣ ਸਕਦੀਆਂ ਹਨ। ਅਕਾਲੀ ਦਲ ਨੂੰ ਕੇਂਦਰ ਸਰਕਾਰ ਦੇ ਸਰੋਤਾਂ ਅਤੇ ਭਾਜਪਾ ਦੀ ਸੰਗਠਨ ਸ਼ਕਤੀ ਦਾ ਸਹਾਰਾ ਮਿਲ ਸਕਦਾ ਹੈ। ਪਰ ਨੁਕਸਾਨ ਵੱਡੇ ਹਨ - ਕਿਸਾਨ ਭਾਈਚਾਰਾ ਇਸ ਗੱਠਜੋੜ ਨੂੰ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕਰੇਗਾ। ਮਾਲਵੇ ਵਿੱਚ ਅਕਾਲੀ-ਭਾਜਪਾ ਗੱਠਜੋੜ ਦੇ ਵਿਰੋਧ ਵਿੱਚ ਵੱਡੀ ਲਹਿਰ ਉੱਠ ਸਕਦੀ ਹੈ।

## ਆਮ ਆਦਮੀ ਪਾਰਟੀ ਦੀ ਪ੍ਰਤੀਕਿਰਿਆ: ਡਰ ਜਾਂ ਦਾਅ?

ਅਕਾਲੀ-ਭਾਜਪਾ ਗੱਠਜੋੜ ਦੀਆਂ ਖ਼ਬਰਾਂ ਤੋਂ ਸਭ ਤੋਂ ਵੱਧ ਸੁਚੇਤ ਆਮ ਆਦਮੀ ਪਾਰਟੀ ਹੋਈ ਹੈ। ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਇਸ ਗੱਠਜੋੜ ਨੂੰ "ਪੰਜਾਬ ਨੂੰ ਲੁੱਟਣ ਦਾ ਗੱਠਜੋੜ" ਕਹਿਣਾ ਦੱਸਦਾ ਹੈ ਕਿ 'ਆਪ' ਇਸ ਸੰਭਾਵੀ ਗੱਠਜੋੜ ਨੂੰ ਆਪਣੀ ਸਭ ਤੋਂ ਵੱਡੀ ਚੁਣੌਤੀ ਮੰਨਦੀ ਹੈ। ਇਸ ਦੇ ਨਾਲ ਹੀ ਪੰਜਾਬ ਦੀ ਸਿਆਸਤ ਵਿੱਚ 'ਆਪ' ਦੇ ਸੱਤ ਰਾਜ ਸਭਾ ਮੈਂਬਰਾਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਦੀ ਵੱਡੀ ਖ਼ਬਰ ਨੇ ਵੀ 'ਆਪ' ਅਤੇ ਅਕਾਲੀ-ਭਾਜਪਾ ਗੱਠਜੋੜ ਅਤੇ 2027 ਦੀਆਂ ਚੋਣਾਂ 'ਤੇ ਅਸਰ ਦੀ ਚਰਚਾ ਛੇੜ ਦਿੱਤੀ ਹੈ।

'ਆਪ' ਦੀ ਕੋਸ਼ਿਸ਼ ਹੈ ਕਿ ਉਹ ਗੱਠਜੋੜ ਨੂੰ ਕਿਸਾਨ-ਵਿਰੋਧੀ ਰੰਗ ਦੇ ਕੇ ਮਾਲਵੇ ਦੀਆਂ ਸੀਟਾਂ 'ਤੇ ਆਪਣੀ ਪਕੜ ਬਰਕਰਾਰ ਰੱਖੇ। ਪਰ ਇਹ ਵੀ ਸੱਚ ਹੈ ਕਿ ਭਾਜਪਾ ਦਾ ਇਹ ਭਰੋਸਾ ਕਿ ਉਸ ਕੋਲ ਪੰਜਾਬ ਵਿੱਚ ਸਰਕਾਰ ਬਣਾਉਣ ਦਾ ਮੌਕਾ ਹੈ, ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਮਤਦਾਤਾਵਾਂ ਨੂੰ ਯਕੀਨ ਦਿਵਾਵੇ ਕਿ ਭਾਜਪਾ ਕਿਸਾਨ ਅਤੇ ਸਿੱਖ ਪੱਖੀ ਪਾਰਟੀ ਹੈ।

## ਤਿਕੋਣੀ ਲੜਾਈ ਜਾਂ ਚੌਕੋਣੀ? ਪੰਜਾਬ 2027 ਦੀ ਤਸਵੀਰ

2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੀ ਲੜਾਈ ਬਹੁਕੋਣੀ ਹੋਣੀ ਤੈਅ ਜਾਪਦੀ ਹੈ। ਜੇਕਰ ਅਕਾਲੀ-ਭਾਜਪਾ ਗੱਠਜੋੜ ਹੁੰਦਾ ਹੈ ਤਾਂ ਮੁੱਖ ਮੁਕਾਬਲਾ 'ਆਪ', ਅਕਾਲੀ-ਭਾਜਪਾ ਅਤੇ ਕਾਂਗਰਸ ਵਿਚਕਾਰ ਹੋਵੇਗਾ। ਹੁਣ ਨਵੀਂ ਧਿਰ 'ਅਕਾਲੀ ਦਲ ਵਾਰਿਸ ਪੰਜਾਬ ਦੇ' ਵੀ ਇੱਕ ਵੇਰੀਅਬਲ ਵਜੋਂ ਉੱਭਰ ਰਹੀ ਹੈ ਜੋ ਪੰਥਕ ਵੋਟਾਂ ਨੂੰ ਵੰਡ ਸਕਦੀ ਹੈ।

ਪੰਜਾਬ ਦੀ ਸਿਆਸਤ ਇਸ ਵੇਲੇ ਅਨਿਸਚਿਤਤਾ ਦੇ ਦੌਰ ਵਿੱਚੋਂ ਲੰਘ ਰਹੀ ਹੈ। ਨਿਤਿਨ ਨਬੀਨ ਦੀ ਪੰਜਾਬ ਫੇਰੀ ਇੱਕ ਸਪੱਸ਼ਟ ਸੰਕੇਤ ਹੈ ਕਿ ਭਾਜਪਾ ਪੰਜਾਬ ਵਿੱਚ ਗੰਭੀਰਤਾ ਨਾਲ ਚੋਣ ਮੈਦਾਨ ਵਿੱਚ ਉੱਤਰਨਾ ਚਾਹੁੰਦੀ ਹੈ। ਅਕਾਲੀ-ਭਾਜਪਾ ਗੱਠਜੋੜ ਦੀ ਸੰਭਾਵਨਾ ਨਾ ਤਾਂ ਪੱਕੀ ਹੈ ਅਤੇ ਨਾ ਹੀ ਪੂਰੀ ਤਰ੍ਹਾਂ ਰੱਦ ਕੀਤੀ ਜਾ ਸਕਦੀ ਹੈ। ਇਸ ਪੂਰੇ ਘਟਨਾਕ੍ਰਮ ਵਿੱਚ ਸਭ ਤੋਂ ਵੱਡਾ ਸਵਾਲ ਕਿਸਾਨ ਅਤੇ ਪੰਥਕ ਵੋਟਰ ਦਾ ਰੁਝਾਨ ਹੈ। ਜੋ ਵੀ ਧਿਰ ਇਨ੍ਹਾਂ ਦੋਵਾਂ ਵਰਗਾਂ ਨੂੰ ਆਪਣੇ ਨਾਲ ਜੋੜਨ ਵਿੱਚ ਸਫ਼ਲ ਹੋਈ, ਪੰਜਾਬ ਦੀ ਸੱਤਾ ਉਸੇ ਦੇ ਦਰਵਾਜ਼ੇ ਆਵੇਗੀ।




ਪ੍ਰਧਾਨ ਮੰਤਰੀ ਦਫ਼ਤਰ (ਪੀਐਮਓ) ਦੇ ਅਧਿਕਾਰੀਆਂ ਨੇ ਬੁੱਧਵਾਰ ਨੂੰ ਨਰਿੰਦਰ ਮੋਦੀ ਨੂੰ ਚੁਣੇ ਹੋਏ ਪ੍ਰਧਾਨ ਮੰਤਰੀ ਵਜੋਂ ਲਗਾਤਾਰ ਸਭ ਤੋਂ ਲੰਬਾ ਕਾਰਜਕਾਲ ਹਾਸਲ ਕਰਨ ਲਈ ਵਧਾਈ ਦਿੱਤੀ। ਭਾਰਤ ਦੇ ਇਤਿਹਾਸ ਵਿੱਚ, ਦੇਸ਼ ਦੀ ਅਗਵਾਈ ਕਰਨ ਤੋਂ ਪਹਿਲਾਂ ਸਿਰਫ਼ ਛੇ ਨੇਤਾਵਾਂ ਨੇ ਰਾਜਾਂ ਦੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ ਹੈ। ਹਾਂ, ਸਿਰਫ਼ ਛੇ ਨੇਤਾ ਅਜਿਹੇ ਰਹੇ ਹਨ ਜਿਨ੍ਹਾਂ ਨੇ ਪਹਿਲਾਂ ਰਾਜਾਂ ਦੇ ਮੁੱਖ ਮੰਤਰੀਆਂ ਵਜੋਂ ਰਾਜ ਕੀਤਾ ਅਤੇ ਬਾਅਦ ਵਿੱਚ ਪ੍ਰਧਾਨ ਮੰਤਰੀ ਵਜੋਂ ਦੇਸ਼ ਦੀ ਵਾਗਡੋਰ ਸੰਭਾਲੀ।

ਇਨ੍ਹਾਂ ਛੇ ਨੇਤਾਵਾਂ ਵਿੱਚ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਮੋਰਾਰਜੀ ਦੇਸਾਈ, ਪੀਵੀ ਨਰਸਿਮਹਾ ਰਾਓ, ਵੀਪੀ ਸਿੰਘ, ਐਚਡੀ ਦੇਵਗੌੜਾ ਅਤੇ ਚੌਧਰੀ ਚਰਨ ਸਿੰਘ ਸ਼ਾਮਲ ਹਨ। ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਨੇਤਾਵਾਂ ਦੇ ਸਾਂਝੇ ਕਾਰਜਕਾਲ ਦੇ ਮੁਕਾਬਲੇ ਨਰਿੰਦਰ ਮੋਦੀ ਕੋਲ ਸਭ ਤੋਂ ਲੰਬਾ ਪ੍ਰਸ਼ਾਸਨਿਕ ਤਜਰਬਾ ਹੈ। ਗੁਜਰਾਤ ਅਤੇ ਕੇਂਦਰ ਵਿੱਚ ਆਪਣੇ ਕਾਰਜਕਾਲ ਦੌਰਾਨ ਕੁੱਲ 9,010 ਦਿਨ ਅਹੁਦੇ 'ਤੇ ਰਹਿਣ ਤੋਂ ਬਾਅਦ, ਨਰਿੰਦਰ ਮੋਦੀ ਭਾਰਤ ਵਿੱਚ ਸਭ ਤੋਂ ਵੱਧ ਸਮਾਂ ਸੇਵਾ ਕਰਨ ਵਾਲੇ ਚੁਣੇ ਹੋਏ ਸਰਕਾਰ ਮੁਖੀ ਹਨ। ਉਹ ਸਿੱਕਮ ਦੇ ਮੁੱਖ ਮੰਤਰੀ ਵਜੋਂ ਪਵਨ ਚਾਮਲਿੰਗ ਦੇ 8,931 ਦਿਨਾਂ ਦੇ ਕਾਰਜਕਾਲ ਨੂੰ ਪਛਾੜਦੇ ਹਨ।

## ਦੋਵਾਂ ਅਹੁਦਿਆਂ 'ਤੇ 2,000 ਦਿਨਾਂ ਤੋਂ ਵੱਧ ਸਮੇਂ ਲਈ ਰਾਜ ਕੀਤਾ

ਦਿਲਚਸਪ ਗੱਲ ਇਹ ਹੈ ਕਿ ਛੇ ਵਿੱਚੋਂ, ਸਿਰਫ਼ ਨਰਿੰਦਰ ਮੋਦੀ, ਮੋਰਾਰਜੀ ਦੇਸਾਈ ਅਤੇ ਨਰਸਿਮਹਾ ਰਾਓ ਨੇ ਹੀ ਦੋਵਾਂ ਅਹੁਦਿਆਂ 'ਤੇ 2,000 ਦਿਨਾਂ ਤੋਂ ਵੱਧ ਸਮੇਂ ਲਈ ਰਾਜ ਕੀਤਾ ਹੈ। ਚੌਧਰੀ ਚਰਨ ਸਿੰਘ ਅਤੇ ਵੀ.ਪੀ. ਸਿੰਘ ਦੋਵੇਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਸੇਵਾ ਕਰਨ ਤੋਂ ਬਾਅਦ ਪ੍ਰਧਾਨ ਮੰਤਰੀ ਬਣੇ। ਇਨ੍ਹਾਂ ਛੇ ਆਗੂਆਂ ਨੇ ਵੱਖ-ਵੱਖ ਯੁੱਗਾਂ ਵਿੱਚ ਭਾਰਤ ਦੀ ਅਗਵਾਈ ਕੀਤੀ, ਅਤੇ ਹਰੇਕ ਨੇ ਆਪਣੀ ਵੱਖਰੀ ਛਾਪ ਛੱਡੀ। ਆਓ ਇਨ੍ਹਾਂ ਛੇ ਸਿਆਸਤਦਾਨਾਂ ਦੇ ਕੁੱਲ ਕਾਰਜਕਾਲ 'ਤੇ ਇੱਕ ਨਜ਼ਰ ਮਾਰੀਏ।

ਨਰਿੰਦਰ ਮੋਦੀ ਨੇ ਅਕਤੂਬਰ 2001 ਵਿੱਚ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਿਆ। ਬਾਅਦ ਵਿੱਚ ਉਨ੍ਹਾਂ ਨੇ ਲਗਾਤਾਰ ਤਿੰਨ ਵਿਧਾਨ ਸਭਾ ਚੋਣਾਂ ਜਿੱਤ ਕੇ ਰਾਜ ਦੀ ਅਗਵਾਈ ਕੀਤੀ। ਮਈ 2014 ਵਿੱਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ, ਉਹ ਕੇਂਦਰ ਵਿੱਚ ਸੱਤਾ ਵਿੱਚ ਹਨ ਅਤੇ 2024 ਵਿੱਚ ਤੀਜੇ ਕਾਰਜਕਾਲ ਲਈ ਪ੍ਰਧਾਨ ਮੰਤਰੀ ਬਣਨਗੇ। ਗੁਜਰਾਤ ਦੇ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਵਜੋਂ ਆਪਣੇ ਕਾਰਜਕਾਲ ਨੂੰ ਜੋੜਦੇ ਹੋਏ, ਨਰਿੰਦਰ ਮੋਦੀ ਨੇ 9,010 ਦਿਨਾਂ ਤੋਂ ਵੱਧ ਸਮੇਂ ਲਈ ਇੱਕ ਚੁਣੀ ਹੋਈ ਸਰਕਾਰ ਦੀ ਅਗਵਾਈ ਕੀਤੀ ਹੈ। ਉਨ੍ਹਾਂ ਨੇ 7 ਅਕਤੂਬਰ, 2001 ਤੋਂ 22 ਮਈ, 2014 ਤੱਕ 4,611 ਦਿਨ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ। ਇਸ ਤੋਂ ਬਾਅਦ, ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਦਾ ਕਾਰਜਕਾਲ 26 ਮਈ, 2014 ਨੂੰ ਸ਼ੁਰੂ ਹੋਇਆ, ਅਤੇ 10 ਜੂਨ, 2026 ਤੱਕ 4,399 ਦਿਨ ਰਹੇਗਾ।

ਉਹ ਭਾਰਤ ਦੇ ਇਤਿਹਾਸ ਵਿੱਚ ਕਿਸੇ ਵੀ ਚੁਣੀ ਹੋਈ ਸਰਕਾਰ ਦੇ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਕਰਨ ਵਾਲੇ ਮੁਖੀ ਹਨ। ਇਸ ਸਬੰਧ ਵਿੱਚ, ਉਹ ਸਿੱਕਮ ਦੇ ਸਾਬਕਾ ਮੁੱਖ ਮੰਤਰੀ ਪਵਨ ਚਾਮਲਿੰਗ ਨੂੰ ਪਛਾੜਦੇ ਹਨ, ਜਿਨ੍ਹਾਂ ਦਾ ਕਾਰਜਕਾਲ 8,931 ਦਿਨ ਸੀ। ਚਾਮਲਿੰਗ ਨੇ 1994 ਤੋਂ 2019 ਤੱਕ ਲਗਾਤਾਰ ਸਿੱਕਮ ਦੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ, ਜਿਸ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਕਾਰਜਕਾਲ ਦਾ ਰਿਕਾਰਡ ਹੈ।

## ਮੋਰਾਰਜੀ ਦੇਸਾਈ ਨੇ 2,500 ਦਿਨਾਂ ਤੋਂ ਵੱਧ ਸਮੇਂ ਤੱਕ ਦੋਵਾਂ ਅਹੁਦਿਆਂ 'ਤੇ ਸੇਵਾ ਕੀਤੀ

ਭਾਰਤ ਦੇ ਚੌਥੇ ਪ੍ਰਧਾਨ ਮੰਤਰੀ, ਮੋਰਾਰਜੀ ਦੇਸਾਈ, ਰਾਜ ਅਤੇ ਕੇਂਦਰੀ ਪੱਧਰ 'ਤੇ ਲੀਡਰਸ਼ਿਪ ਅਹੁਦਿਆਂ 'ਤੇ ਰਹਿਣ ਵਾਲੇ ਪਹਿਲੇ ਨੇਤਾਵਾਂ ਵਿੱਚੋਂ ਇੱਕ ਸਨ। ਉਨ੍ਹਾਂ ਨੇ ਅਣਵੰਡੇ ਬੰਬਈ ਰਾਜ ਦੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ ਅਤੇ ਬਾਅਦ ਵਿੱਚ ਜਨਤਾ ਪਾਰਟੀ ਸਰਕਾਰ ਦੌਰਾਨ 1977 ਵਿੱਚ ਪ੍ਰਧਾਨ ਮੰਤਰੀ ਬਣੇ। ਮੋਰਾਰਜੀ ਇਸ ਸੂਚੀ ਵਿੱਚ ਦੂਜੇ ਸਥਾਨ 'ਤੇ ਹਨ। ਉਨ੍ਹਾਂ ਨੇ 21 ਮਾਰਚ, 1952 ਤੋਂ 31 ਅਕਤੂਬਰ, 1956 ਤੱਕ ਅਣਵੰਡੇ ਬੰਬਈ ਰਾਜ ਦੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ, ਜੋ ਕਿ 1,655 ਦਿਨ ਦਾ ਕਾਰਜਕਾਲ ਸੀ। ਬਾਅਦ ਵਿੱਚ ਉਨ੍ਹਾਂ ਨੇ 24 ਮਾਰਚ, 1977 ਤੋਂ 28 ਜੁਲਾਈ, 1979 ਤੱਕ 857 ਦਿਨ ਪ੍ਰਧਾਨ ਮੰਤਰੀ ਵਜੋਂ ਸੇਵਾ ਨਿਭਾਈ। ਦੋਵਾਂ ਅਹੁਦਿਆਂ 'ਤੇ ਉਨ੍ਹਾਂ ਦਾ ਕੁੱਲ ਕਾਰਜਕਾਲ 2,512 ਦਿਨ ਸੀ।

## ਪੀਵੀ ਨਰਸਿਮਹਾ ਰਾਓ ਦਾ ਸੰਯੁਕਤ ਕਾਰਜਕਾਲ

ਪੀਵੀ ਨਰਸਿਮਹਾ ਰਾਓ ਨੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ ਅਤੇ ਬਾਅਦ ਵਿੱਚ 1991 ਵਿੱਚ ਪ੍ਰਧਾਨ ਮੰਤਰੀ ਬਣੇ। ਉਨ੍ਹਾਂ ਨੇ 30 ਸਤੰਬਰ, 1971 ਤੋਂ 10 ਜਨਵਰੀ, 1973 ਤੱਕ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ, 469 ਦਿਨ ਰਾਜ ਦੀ ਅਗਵਾਈ ਕੀਤੀ। ਫਿਰ ਉਨ੍ਹਾਂ ਨੇ 21 ਜੂਨ, 1991 ਤੋਂ 16 ਮਈ, 1996 ਤੱਕ 1,792 ਦਿਨ ਪ੍ਰਧਾਨ ਮੰਤਰੀ ਵਜੋਂ ਸੇਵਾ ਨਿਭਾਈ। ਇਸ ਤਰ੍ਹਾਂ, ਦੋਵਾਂ ਅਹੁਦਿਆਂ 'ਤੇ ਉਨ੍ਹਾਂ ਦਾ ਸੰਯੁਕਤ ਕਾਰਜਕਾਲ 2,261 ਦਿਨ ਸੀ।

## ਵੀਪੀ ਸਿੰਘ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸਨ

ਵੀਪੀ ਸਿੰਘ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ ਅਤੇ 1989 ਵਿੱਚ ਪ੍ਰਧਾਨ ਮੰਤਰੀ ਬਣੇ। ਵੀਪੀ ਨੇ 9 ਜੂਨ, 1980 ਤੋਂ 19 ਜੁਲਾਈ, 1982 ਤੱਕ 771 ਦਿਨ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ। ਬਾਅਦ ਵਿੱਚ ਉਨ੍ਹਾਂ ਨੇ 2 ਦਸੰਬਰ, 1989 ਤੋਂ 10 ਨਵੰਬਰ, 1990 ਤੱਕ 344 ਦਿਨ ਪ੍ਰਧਾਨ ਮੰਤਰੀ ਵਜੋਂ ਸੇਵਾ ਨਿਭਾਈ। ਦੋਵਾਂ ਅਹੁਦਿਆਂ 'ਤੇ ਉਨ੍ਹਾਂ ਦਾ ਕੁੱਲ ਕਾਰਜਕਾਲ 1,115 ਦਿਨ ਸੀ।

## ਦੇਵਗੌੜਾ ਦਾ ਕਾਰਜਕਾਲ ਇੱਕ ਹਜ਼ਾਰ ਦਿਨਾਂ ਤੋਂ ਵੀ ਘੱਟ ਸਮਾਂ ਚੱਲਿਆ

ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਐਚਡੀ ਦੇਵਗੌੜਾ 1996 ਵਿੱਚ ਪ੍ਰਧਾਨ ਮੰਤਰੀ ਬਣੇ। ਹਾਲਾਂਕਿ, ਉਨ੍ਹਾਂ ਦਾ ਕਾਰਜਕਾਲ ਮੁਕਾਬਲਤਨ ਛੋਟਾ ਸੀ। ਉਨ੍ਹਾਂ ਨੇ 11 ਦਸੰਬਰ, 1994 ਤੋਂ 31 ਮਈ, 1996 ਤੱਕ ਕਰਨਾਟਕ ਦੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ, 538 ਦਿਨ ਰਾਜ ਦੀ ਅਗਵਾਈ ਕੀਤੀ। ਫਿਰ ਉਹ 1 ਜੂਨ, 1996 ਤੋਂ 21 ਅਪ੍ਰੈਲ, 1997 ਤੱਕ 325 ਦਿਨ ਪ੍ਰਧਾਨ ਮੰਤਰੀ ਰਹੇ। ਉਨ੍ਹਾਂ ਦਾ ਸੰਯੁਕਤ ਕਾਰਜਕਾਲ 863 ਦਿਨ ਸੀ।


## ਚਰਨ ਸਿੰਘ ਨੇ ਦੋ ਵਾਰ ਉੱਤਰ ਪ੍ਰਦੇਸ਼ ਦੀ ਵਾਗਡੋਰ ਸੰਭਾਲੀ

ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਚੌਧਰੀ ਚਰਨ ਸਿੰਘ ਨੂੰ ਭਾਰਤੀ ਰਾਜਨੀਤੀ ਵਿੱਚ ਕਿਸਾਨ ਹਿੱਤਾਂ ਦੇ ਮੋਹਰੀ ਆਗੂਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਰਾਜ ਪੱਧਰ 'ਤੇ ਵਿਆਪਕ ਰਾਜਨੀਤਿਕ ਤਜਰਬਾ ਹਾਸਲ ਕਰਨ ਤੋਂ ਬਾਅਦ, ਉਹ 1979 ਵਿੱਚ ਪ੍ਰਧਾਨ ਮੰਤਰੀ ਬਣੇ। ਹਾਲਾਂਕਿ, ਉਨ੍ਹਾਂ ਦਾ ਕਾਰਜਕਾਲ ਬਹੁਤ ਲੰਬਾ ਨਹੀਂ ਸੀ। ਉਨ੍ਹਾਂ ਨੇ ਦੋ ਵੱਖ-ਵੱਖ ਸਮੇਂ ਲਈ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ: ਪਹਿਲਾ 3 ਅਪ੍ਰੈਲ, 1967 ਤੋਂ 25 ਫਰਵਰੀ, 1968 ਤੱਕ, ਅਤੇ ਦੂਜਾ 18 ਫਰਵਰੀ, 1970 ਤੋਂ 1 ਅਕਤੂਬਰ, 1970 ਤੱਕ। ਮਿਲਾ ਕੇ, ਉਨ੍ਹਾਂ ਨੇ 555 ਦਿਨਾਂ ਲਈ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ। ਬਾਅਦ ਵਿੱਚ ਉਨ੍ਹਾਂ ਨੇ 28 ਜੁਲਾਈ, 1979 ਤੋਂ 14 ਜਨਵਰੀ, 1980 ਤੱਕ 171 ਦਿਨਾਂ ਲਈ ਪ੍ਰਧਾਨ ਮੰਤਰੀ ਵਜੋਂ ਸੇਵਾ ਨਿਭਾਈ। ਇਸ ਤਰ੍ਹਾਂ, ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਦਾ ਕੁੱਲ ਕਾਰਜਕਾਲ 726 ਦਿਨ ਸੀ।

### ਛੇ ਆਗੂਆਂ ਦਾ ਕਾਰਜਕਾਲ

ਨਰਿੰਦਰ ਮੋਦੀ - 9,010+ ਦਿਨ
ਮੋਰਾਰਜੀ ਦੇਸਾਈ - 2,512 ਦਿਨ
ਪੀ.ਵੀ. ਨਰਸਿਮਹਾ ਰਾਓ - 2,261 ਦਿਨ
ਵੀ.ਪੀ. ਸਿੰਘ - 1,115 ਦਿਨ
ਐਚ.ਡੀ. ਦੇਵਗੌੜਾ - 863 ਦਿਨ
ਚੌਧਰੀ ਚਰਨ ਸਿੰਘ - 726 ਦਿਨ
ਨਰਿੰਦਰ ਮੋਦੀ ਨੇ 9,000 ਦਿਨਾਂ ਤੋਂ ਵੱਧ ਸਮੇਂ ਲਈ ਅਗਵਾਈ ਕੀਤੀ ਹੈ

# ਕੈਨੇਡਾ 'ਚ ਜਬਰਨ ਵਸੂਲੀ ਦੇ ਮਾਮਲੇ 'ਚ ਤਿੰਨ ਪੰਜਾਬੀ ਦੋਸ਼ੀ ਕਰਾਰ




ਚੰਡੀਗੜ੍ਹ, 11 ਜੂਨ (ਚ.ਨ.ਸ.):ਕੈਨੇਡਾ ਦੀ ਇੱਕ ਅਦਾਲਤ ਵੱਲੋਂ ਸਰੀ, ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ ਰਿਹਾਇਸ਼ੀ ਘਰ 'ਤੇ ਜ਼ਬਰਨ ਵਸੂਲੀ ਨਾਲ ਸਬੰਧਿਤ ਗੋਲੀਬਾਰੀ ਦੀ ਘਟਨਾ ਵਿੱਚ ਸ਼ਾਮਲ ਹੋਣ ਲਈ ਤਿੰਨ ਪੰਜਾਬੀਆਂ ਨੂੰ ਸਜ਼ਾ ਸੁਣਾਈ ਗਈ ਹੈ। ਕੈਨੇਡੀਅਨ ਮੀਡੀਆ ਰਿਪੋਰਟਾਂ ਅਨੁਸਾਰ, ਤਰਨਵੀਰ ਸਿੰਘ (ਘਟਨਾ ਵੇਲੇ ਉਮਰ 19 ਸਾਲ), ਹਰਜੋਤ ਸਿੰਘ (ਉਮਰ 21 ਸਾਲ) ਅਤੇ ਦਯਾਜੀਤ ਸਿੰਘ ਬਿਲਿੰਗ (ਉਮਰ 21 ਸਾਲ) ਨੇ 9 ਜੂਨ ਨੂੰ ਸਰੀ ਪ੍ਰੋਵਿੰਸ਼ੀਅਲ ਕੋਰਟ ਵਿੱਚ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਇਸ ਤੋਂ ਪਹਿਲਾਂ ਕੈਨੇਡਾ ਪੁਲਿਸ ਨੇ ਇਨ੍ਹਾਂ ਦੀਆਂ ਤਸਵੀਰਾਂ ਬਿਨਾਂ ਪੱਗਾਂ (ਪੱਗੜੀ) ਤੋਂ ਜਾਰੀ ਕੀਤੀਆਂ ਸਨ, ਜਿਸ ਵਿੱਚ ਨੌਜਵਾਨਾਂ ਦੇ ਚਿਹਰਿਆਂ 'ਤੇ ਸੱਟਾਂ ਦੇ ਨਿਸ਼ਾਨ ਸਨ। ਇਸ ਕਾਰਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਉਨ੍ਹਾਂ ਦੇ ਧਰਮ ਦੇ ਨਿਰਾਦਰ ਨੂੰ ਲੈ ਕੇ ਇੱਕ ਵਿਵਾਦ ਖੜ੍ਹਾ ਹੋ ਗਿਆ ਸੀ। ਰਿਪੋਰਟ ਮੁਤਾਬਕ: ਤਰਨਵੀਰ ਸਿੰਘ ਨੇ ਲਾਪ੍ਰਵਾਹੀ ਨਾਲ ਹਥਿਆਰ ਚਲਾਉਣ ਦਾ ਗੁਨਾਹ ਕਬੂਲ ਕੀਤਾ ਅਤੇ ਉਸ ਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਪਹਿਲਾਂ ਕੱਟ ਚੁੱਕੇ ਜੇਲ੍ਹ ਦੇ ਸਮੇਂ ਨੂੰ ਘਟਾਉਣ ਤੋਂ ਬਾਅਦ, ਉਹ ਹੁਣ ਸਲਾਖਾਂ ਪਿੱਛੇ ਲਗਭਗ 4.5 ਸਾਲ ਹੋਰ ਬਿਤਾਏਗਾ। ਦਯਾਜੀਤ ਬਿਲਿੰਗ ਅਤੇ ਹਰਜੋਤ ਸਿੰਘ ਦੋਵਾਂ ਨੇ ਕੋਈ ਵਿਸਫੋਟਕ ਪਦਾਰਥ ਸੁੱਟਣ ਦਾ ਗੁਨਾਹ ਕਬੂਲ ਕੀਤਾ ਹੈ ਅਤੇ ਉਨ੍ਹਾਂ ਨੂੰ ਦੋ-ਦੋ ਸਾਲ ਤੋਂ ਕੁਝ ਵੱਧ ਦੀ ਸਜ਼ਾ ਸੁਣਾਈ ਗਈ ਹੈ। ਪਹਿਲਾਂ ਕੱਟੇ ਗਏ ਜੇਲ੍ਹ ਦੇ ਸਮੇਂ ਦਾ ਕ੍ਰੈਡਿਟ ਮਿਲਣ ਤੋਂ ਬਾਅਦ, ਬਿਲਿੰਗ 20 ਮਹੀਨੇ ਹੋਰ ਜੇਲ੍ਹ ਵਿੱਚ ਬਿਤਾਏਗਾ, ਜਦੋਂ ਕਿ ਹਰਜੋਤ ਸਿੰਘ 18 ਮਹੀਨੇ ਹੋਰ ਸਜ਼ਾ ਕੱਟੇਗਾ, ਜਿਸ ਤੋਂ ਬਾਅਦ ਦੋਵਾਂ ਨੂੰ ਦੋ-ਦੋ ਸਾਲ ਦੀ ਪ੍ਰੋਬੇਸ਼ਨ (ਨਿਗਰਾਨੀ) 'ਤੇ ਰੱਖਿਆ ਜਾਵੇਗਾ।

ਇਹ ਘਟਨਾ 1 ਫਰਵਰੀ 2026 ਦੀ ਸਵੇਰ ਨੂੰ ਵਾਪਰੀ ਸੀ, ਜਦੋਂ ਸਰੀ ਦੇ ਕ੍ਰੀਸੈਂਟ ਬੀਚ ਇਲਾਕੇ ਵਿੱਚ ਕ੍ਰੀਸੈਂਟ ਰੋਡ ਅਤੇ 132 ਸਟ੍ਰੀਟ ਦੇ ਨੇੜੇ ਇੱਕ ਘਰ 'ਤੇ ਗੋਲੀਆਂ ਚਲਾਈਆਂ ਗਈਆਂ ਸਨ ਅਤੇ ਰਿਹਾਇਸ਼ ਦੇ ਬਾਹਰ ਇੱਕ ਛੋਟੀ ਜਿਹੀ ਅੱਗ ਲੱਗਣ ਦੀ ਵੀ ਖ਼ਬਰ ਸੀ। ਇਸ ਘਟਨਾ ਵਿੱਚ ਕੋਈ ਜ਼ਖਮੀ ਨਹੀਂ ਹੋਇਆ ਸੀ। ਸਰੀ ਪੁਲਿਸ ਸਰਵਿਸ ਨੇ ਇਸ ਹਮਲੇ ਨੂੰ ਇਲਾਕੇ ਵਿੱਚ ਚੱਲ ਰਹੀਆਂ ਜ਼ਬਰਨ ਵਸੂਲੀ ਦੀਆਂ ਧਮਕੀਆਂ ਨਾਲ ਜੋੜਿਆ ਸੀ। ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇੱਕ ਘਰ ਨੂੰ ਸ਼ੱਕੀ ਜ਼ਬਰਨ ਵਸੂਲੀ ਦੇ ਹਮਲੇ ਵਿੱਚ ਗੋਲੀਬਾਰੀ ਦਾ ਨਿਸ਼ਾਨਾ ਬਣਾਏ ਜਾਣ ਦੇ ਮਹੀਨਿਆਂ ਬਾਅਦ, ਤਿੰਨ ਵਿਦੇਸ਼ੀ ਨਾਗਰਿਕਾਂਨੂੰ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਤਿੰਨਾਂ ਸ਼ੱਕੀਆਂ ਨੂੰ ਪੈਦਲ ਭੱਜਣ ਦੀ ਕੋਸ਼ਿਸ਼ ਕਰਨ ਅਤੇ ਫਿਰ ਇੱਕ ਰਾਈਡ-ਸ਼ੇਅਰ (ਟੈਕਸੀ) ਵਾਹਨ ਵਿੱਚ ਸਵਾਰ ਹੋਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ।

ਇਹ ਤਿੰਨੋਂ ਪੰਜਾਬੀ ਹਨ ਅਤੇ ਇਨ੍ਹਾਂ ਨੂੰ ਘਟਨਾ ਦੇ ਤੁਰੰਤ ਬਾਅਦ ਸਰੀ ਪੁਲੀਸ ਸਰਵਿਸ ਦੇ 'ਪ੍ਰੋਜੈਕਟ ਐਸ਼ੋਰੈਂਸ ਐਂਟੀ-ਐਕਸਟੋਰਸ਼ਨ ਪੈਟਰੋਲ' ਅਤੇ 'ਮੇਜਰ ਕ੍ਰਾਈਮ ਸੈਕਸ਼ਨ' ਦੇ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲੀਸ ਨੇ ਉਨ੍ਹਾਂ ਨੂੰ ਵਿਦੇਸ਼ੀ ਨਾਗਰਿਕ ਦੱਸਿਆ ਸੀ ਅਤੇ ਇਸ ਮਾਮਲੇ ਵਿੱਚ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਵੀ ਸ਼ਾਮਲ ਕੀਤਾ ਸੀ। ਇਹ ਨੌਜਵਾਨ ਕੈਨੇਡਾ ਵਿੱਚ ਆਪਣੀ ਸਜ਼ਾ ਪੂਰੀ ਕਰਨਗੇ, ਜਿਸ ਤੋਂ ਬਾਅਦ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਣ ਦੀ ਕਾਰਵਾਈ ਸ਼ੁਰੂ ਹੋ ਸਕਦੀ ਹੈ।

# ਨੇਪਾਲ ਨੇ ਬਦਲਿਆ ਬਿਆਨ; ਭਾਰਤੀ ਅੰਬਾਂ ਦੀ ਆਮਦ 'ਤੇ ਕੋਈ ਪਾਬੰਦੀ ਨਹੀਂ

ਕਾਠਮਾਂਡੂ, 11 ਜੂਨ (ਚ.ਨ.ਸ.): ਨੇਪਾਲ ਨੇ ਭਾਰਤੀ ਅੰਬਾਂ ਦੇ ਦਰਾਮਦ ਬਾਰੇ ਆਪਣਾ ਰੁਖ਼ ਬਦਲਦਿਆਂ ਸਪੱਸ਼ਟ ਕੀਤਾ ਹੈ ਕਿ ਭਾਰਤ ਤੋਂ ਆਉਣ ਵਾਲੇ ਅੰਬਾਂ 'ਤੇ ਕਿਸੇ ਵੀ ਤਰ੍ਹਾਂ ਦੀ ਕੋਈ ਪਾਬੰਦੀ ਨਹੀਂ ਲਗਾਈ ਗਈ। ਨੇਪਾਲ ਸਰਕਾਰ ਮੁਤਾਬਕ ਦੇਸ਼ ਦੀ ਮੰਗ ਅਨੁਸਾਰ ਅਤੇ ਕੁਝ ਜ਼ਰੂਰੀ ਨਿਯਮਾਂ ਦੇ ਤਹਿਤ ਇਨ੍ਹਾਂ ਫਲਾਂ ਨੂੰ ਨੇਪਾਲ ਦੇ ਬਾਜ਼ਾਰਾਂ ਵਿੱਚ ਵੇਚਣ ਦੀ ਇਜਾਜ਼ਤ ਦਿੱਤੀ ਗਈ ਹੈ। ਇਹ ਸਪੱਸ਼ਟੀਕਰਨ ਉਨ੍ਹਾਂ ਖ਼ਬਰਾਂ ਦੇ ਕੁਝ ਦਿਨਾਂ ਬਾਅਦ ਸਾਹਮਣੇ ਆਇਆ ਹੈ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਨੇਪਾਲ ਸਰਕਾਰ ਨੇ ਕੀਟਨਾਸ਼ਕਾਂ ਦੀ ਵੱਧ ਮਾਤਰਾ ਹੋਣ ਕਾਰਨ ਭਾਰਤੀ ਅੰਬਾਂ ਦੀ ਆਮਦ ਨੂੰ ਸੀਮਤ ਕਰ ਦਿੱਤਾ ਹੈ। ਉਦੋਂ ਅਧਿਕਾਰੀਆਂ ਵੱਲੋਂ ਸਰਹੱਦੀ ਖੇਤਰਾਂ, ਖ਼ਾਸ ਕਰਕੇ ਮਧੇਸ਼ ਸੂਬੇ ਵਿੱਚ 'ਕੁਆਰੰਟੀਨ' ਸਹੂਲਤਾਂ ਦੀ ਘਾਟ ਨੂੰ ਇਸ ਦਾ ਮੁੱਖ ਕਾਰਨ ਦੱਸਿਆ ਗਿਆ ਸੀ।

ਨੇਪਾਲ ਦੇ ਖੇਤੀਬਾੜੀ, ਵਣ ਅਤੇ ਵਾਤਾਵਰਣ ਮੰਤਰਾਲੇ ਨੇ ਬੁੱਧਵਾਰ ਨੂੰ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਵੱਖ-ਵੱਖ ਮੀਡੀਆ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਭਾਰਤੀ ਅੰਬਾਂ 'ਤੇ ਪਾਬੰਦੀ ਬਾਰੇ ਚੱਲ ਰਹੀਆਂ ਖ਼ਬਰਾਂ ਗੁੰਮਰਾਹਕੁੰਨ ਹਨ। ਮੰਤਰਾਲੇ ਦੇ ਅਧੀਨ ਕੰਮ ਕਰਦੇ 'ਪਲਾਂਟ ਕੁਆਰੰਟੀਨ ਐਂਡ ਪੈਸਟੀਸਾਈਡ ਮੈਨੇਜਮੈਂਟ ਸੈਂਟਰ' ਨੇ ਸਾਫ਼ ਕੀਤਾ ਕਿ ਭਾਰਤ ਤੋਂ ਅੰਬਾਂ ਦੇ ਦਰਾਮਦ 'ਤੇ ਕੋਈ ਰੋਕ ਨਹੀਂ ਹੈ, ਸਗੋਂ ਬਰਾਮਦਗੀ ਪ੍ਰਕਿਰਿਆ ਤਹਿਤ ਇਨ੍ਹਾਂ ਦੀ ਸਪਲਾਈ ਜਾਰੀ ਹੈ।ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਮਧੇਸ਼ ਸੂਬੇ ਦੀ ਭਿੱਟਾਮੋੜ ਕੁਆਰੰਟੀਨ ਚੈੱਕਪੋਸਟ 'ਤੇ ਭਾਰਤ ਤੋਂ ਆਈ ਅੰਬਾਂ ਦੀ ਇੱਕ ਵੱਡੀ ਖੇਪ ਨੂੰ ਹਾਨੀਕਾਰਕ ਕੀੜੇ ਹੋਣ ਦੇ ਸ਼ੱਕ ਵਿੱਚ ਰੋਕ ਲਿਆ ਗਿਆ ਸੀ। ਮਧੇਸ਼ ਸੂਬੇ ਦੇ ਭੂਮੀ ਪ੍ਰਬੰਧਨ, ਖੇਤੀਬਾੜੀ ਅਤੇ ਸਹਿਕਾਰਤਾ ਮੰਤਰਾਲੇ ਦੇ ਬੁਲਾਰੇ ਮਨੀਸ਼ ਕੁਮਾਰ ਪਾਲ ਨੇ ਦੱਸਿਆ ਕਿ ਹੁਣ ਭਾਰਤੀ ਅਥਾਰਟੀਆਂ ਵੱਲੋਂ 'ਪਲਾਂਟ ਹੈਲਥ ਸਰਟੀਫਿਕੇਟ' ਜਾਰੀ ਕੀਤੇ ਜਾਣ ਤੋਂ ਬਾਅਦ ਉਸ ਖੇਪ ਨੂੰ ਅੱਗੇ ਜਾਣ ਲਈ ਹਰੀ ਝੰਡੀ ਦੇ ਦਿੱਤੀ ਗਈ ਹੈ।

ਰਿਪੋਰਟ ਮੁਤਾਬਕ, ਜਨਕਪੁਰਧਾਮ ਦੇ ਫਲ ਅਤੇ ਸਬਜ਼ੀ ਵਪਾਰੀ ਸੰਘ ਦੇ ਜਨਰਲ ਸਕੱਤਰ ਭੁਵਨੇਸ਼ਵਰ ਪੁਰਬੇ ਨੇ ਚਿਤਾਵਨੀ ਦਿੱਤੀ ਸੀ ਕਿ ਭਾਰਤ ਤੋਂ ਆਉਣ ਵਾਲੇ ਫਲਾਂ ਨੂੰ ਰੋਕਣ ਨਾਲ ਸਥਾਨਕ ਬਾਜ਼ਾਰਾਂ ਵਿੱਚ ਅੰਬਾਂ ਦੀ ਭਾਰੀ ਕਿੱਲਤ ਹੋ ਸਕਦੀ ਹੈ। ਉਨ੍ਹਾਂ ਨੇ ਸਰਕਾਰ ਨੂੰ ਸਲਾਹ ਦਿੱਤੀ ਸੀ ਕਿ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੀ ਬਜਾਏ ਸਰਹੱਦਾਂ 'ਤੇ ਕੁਆਰੰਟੀਨ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਗੁਣਵੱਤਾ ਦੀ ਜਾਂਚ ਤੋਂ ਬਾਅਦ ਹੀ ਫਲਾਂ ਨੂੰ ਦੇਸ਼ ਵਿੱਚ ਦਾਖਲ ਹੋਣ ਦਿੱਤਾ ਜਾਵੇ।

## ਸੰਪਾਦਕੀ

# ਸੀਵਰੇਜ ਦੇ ਗਟਰਾਂ ਵਿੱਚ ਡੁੱਬਦੀ ਇਨਸਾਨੀਅਤ ਅਤੇ ਜਵਾਬ ਦੇਹੀ

ਕੀ ਕੋਈ ਦੇਸ਼ ਆਪਣੇ ਆਪ ਨੂੰ ਸੱਚਮੁੱਚ ਆਧੁਨਿਕ ਅਖਵਾਉਣ ਦਾ ਹੱਕਦਾਰ ਹੋ ਸਕਦਾ ਹੈ, ਜੇਕਰ ਉਸਦੀ ਤਰੱਕੀ ਦੀ ਚਮਕ ਹੇਠਾਂ ਅਣਦੇਖੇ ਸਫਾਈ ਕਰਮਚਾਰੀਆਂ ਦੀਆਂ ਲਾਸ਼ਾਂ ਦੱਬੀਆਂ ਹੋਣ? ਹਾਲ ਹੀ ਵਿੱਚ ਫਰੀਦਾਬਾਦ ਦੇ ਇੱਕ ਸੀਵਰੇਜ ਟਰੀਟਮੈਂਟ ਪਲਾਂਟ ਵਿੱਚ ਜ਼ਹਿਰੀਲੀਆਂ ਗੈਸਾਂ ਕਾਰਨ ਦੋ ਸਫਾਈ ਕਰਮਚਾਰੀਆਂ ਦੀ ਦਰਦਨਾਕ ਮੌਤ ਅਤੇ ਇਸ ਤੋਂ ਕੁਝ ਦਿਨ ਪਹਿਲਾਂ ਉੱਤਰ ਪ੍ਰਦੇਸ਼ ਵਿੱਚ ਵਾਪਰੇ ਅਜਿਹੇ ਹੀ ਹਾਦਸੇ ਨੇ ਇੱਕ ਵਾਰ ਫਿਰ ਸਾਡੇ ਸਮਾਜਿਕ ਤਾਣੇ-ਬਾਣੇ ਅਤੇ ਪ੍ਰਸ਼ਾਸਨਿਕ ਨਾਕਾਮੀ ਨੂੰ ਨੰਗਾ ਕਰ ਦਿੱਤਾ ਹੈ। ਇਹ ਮੌਤਾਂ ਸਿਰਫ਼ ਹਾਦਸੇ ਨਹੀਂ, ਸਗੋਂ ਸਿਸਟਮ ਦੁਆਰਾ ਕੀਤੇ ਗਏ ਸੰਸਥਾਗਤ ਕਤਲ ਹਨ। ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਅਜਿਹੇ ਦਰਦਨਾਕ ਹਾਦਸੇ ਹੁਣ ਸਿਰਫ਼ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਕੇ ਰਹਿ ਗਏ ਹਨ, ਜਿਸ ਨਾਲ ਨਾ ਤਾਂ ਸਿਸਟਮ ਨੂੰ ਕੋਈ ਫ਼ਰਕ ਪੈਂਦਾ ਹੈ ਅਤੇ ਨਾ ਹੀ ਸਮਾਜ ਦੀ ਜ਼ਮੀਰ ਜਾਗਦੀ ਹੈ। ਲੋਕ ਸਭਾ ਵਿੱਚ ਸਰਕਾਰ ਵੱਲੋਂ ਦਿੱਤੇ ਗਏ ਅੰਕੜਿਆਂ ਮੁਤਾਬਕ ਸਾਲ 2014 ਤੋਂ 2025 ਦਰਮਿਆਨ ਘੱਟੋ-ਘੱਟ 859 ਸਫਾਈ ਕਰਮਚਾਰੀ ਸੀਵਰਾਂ ਅਤੇ ਸੈਪਟਿਕ ਟੈਂਕਾਂ ਦੀ ਸਫਾਈ ਕਰਦੇ ਹੋਏ ਆਪਣੀ ਜਾਨ ਗੁਆ ਚੁੱਕੇ ਹਨ, ਜਿਸਦਾ ਮਤਲਬ ਇਹ ਹੈ ਕਿ ਦੇਸ਼ ਵਿੱਚ ਹਰ ਮਹੀਨੇ ਔਸਤਨ ਛੇ ਗਰੀਬ ਮਜ਼ਦੂਰ ਇਨ੍ਹਾਂ ਗਟਰਾਂ ਵਿੱਚ ਦਮ ਤੋੜ ਰਹੇ ਹਨ।

ਇਹ ਸਭ ਉਦੋਂ ਹੋ ਰਿਹਾ ਹੈ ਜਦੋਂ ਦੇਸ਼ ਵਿੱਚ 'ਮੈਨੂਅਲ ਸਕੈਵੇਂਜਿੰਗ (ਹੱਥੀਂ ਗੰਦਗੀ ਚੁੱਕਣ ਦੀ ਪ੍ਰਥਾ) ਅਤੇ ਉਨ੍ਹਾਂ ਦੇ ਮੁੜ ਵਸੇਬਾ ਐਕਟ, 2013' ਵਰਗਾ ਸਖ਼ਤ ਕਾਨੂੰਨ ਲਾਗੂ ਹੈ। ਕਾਨੂੰਨ ਦੀਆਂ ਕਿਤਾਬਾਂ ਵਿੱਚ ਜਿਸ ਪ੍ਰਥਾ 'ਤੇ ਪੂਰੀ ਤਰ੍ਹਾਂ ਪਾਬੰਦੀ ਹੈ, ਉਹ ਜ਼ਮੀਨੀ ਹਕੀਕਤ ਵਿੱਚ ਅੱਜ ਵੀ ਗਰੀਬਾਂ ਦੀਆਂ ਜਾਨਾਂ ਲੈ ਰਹੀ ਹੈ। ਅਸਲ ਸਮੱਸਿਆ ਮਿਊਂਸਪਲ ਕਾਰਪੋਰੇਸ਼ਨਾਂ ਅਤੇ ਸਰਕਾਰੀ ਮਹਿਕਮਿਆਂ ਦੀ ਜਵਾਬਦੇਹੀ ਤੋਂ ਭੱਜਣ ਦੀ ਆਦਤ ਹੈ। ਇਹ ਸਰਕਾਰੀ ਸੰਸਥਾਵਾਂ ਖੁਦ ਸਿੱਧੇ ਤੌਰ 'ਤੇ ਕੰਮ ਕਰਨ ਦੀ ਬਜਾਏ, ਇਸ ਨੂੰ ਠੇਕੇਦਾਰਾਂ ਅਤੇ ਸਬ-ਠੇਕੇਦਾਰਾਂ ਦੇ ਹਵਾਲੇ ਕਰ ਦਿੰਦੀਆਂ ਹਨ। ਇਸ ਭ੍ਰਿਸ਼ਟ ਲੜੀ ਦੇ ਸਭ ਤੋਂ ਹੇਠਲੇ ਹਿੱਸੇ 'ਤੇ ਉਹ ਗਰੀਬ, ਅਣਸਿੱਖਿਅਤ ਅਤੇ ਮਜਬੂਰ ਦਿਹਾੜੀਦਾਰ ਮਜ਼ਦੂਰ ਹੁੰਦੇ ਹਨ, ਜਿਨ੍ਹਾਂ ਕੋਲ ਨਾ ਤਾਂ ਕੋਈ ਬੀਮਾ ਹੁੰਦਾ ਹੈ ਅਤੇ ਨਾ ਹੀ ਕੋਈ ਕਾਨੂੰਨੀ ਸੁਰੱਖਿਆ। ਉਨ੍ਹਾਂ ਨੂੰ ਬਿਨਾਂ ਕਿਸੇ ਗੈਸ ਡਿਟੈਕਟਰ, ਆਕਸੀਜਨ ਸਿਲੰਡਰ, ਹੈਲਮੇਟ ਜਾਂ ਸੁਰੱਖਿਆ ਕਿੱਟ ਦੇ ਜ਼ਹਿਰੀਲੇ ਖੂਹਾਂ ਵਿੱਚ ਉਤਾਰ ਦਿੱਤਾ ਜਾਂਦਾ ਹੈ। ਜਦੋਂ ਕੋਈ ਹਾਦਸਾ ਵਾਪਰਦਾ ਹੈ, ਤਾਂ ਉੱਚ ਅਧਿਕਾਰੀ ਬੜੀ ਚਲਾਕੀ ਨਾਲ ਪੱਲਾ ਝਾੜ ਲੈਂਦੇ ਹਨ ਅਤੇ ਸਾਰਾ ਦੋਸ਼ ਸਭ ਤੋਂ ਛੋਟੇ ਠੇਕੇਦਾਰ ਸਿਰ ਮੜ੍ਹ ਕੇ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ ਜਾਂਦਾ ਹੈ।

ਇਸ ਗੰਭੀਰ ਸਥਿਤੀ ਨੂੰ ਸੁਧਾਰਨ ਲਈ ਹੁਣ ਠੋਸ ਅਤੇ ਸਖ਼ਤ ਕਦਮ ਚੁੱਕਣੇ ਪੈਣਗੇ। ਸਭ ਤੋਂ ਪਹਿਲਾਂ, ਹਾਦਸਾ ਹੋਣ 'ਤੇ ਸਿਰਫ਼ ਠੇਕੇਦਾਰਾਂ 'ਤੇ ਨੇਗਲੀਜੈਂਸ (ਲਾਪਰਵਾਹੀ) ਦੇ ਕੇਸ ਦਰਜ ਕਰਨ ਦੀ ਬਜਾਏ ਸਬੰਧਤ ਸਰਕਾਰੀ ਅਧਿਕਾਰੀਆਂ ਨੂੰ ਸਿੱਧੇ ਤੌਰ 'ਤੇ ਜਵਾਬਦੇਹ ਬਣਾ ਕੇ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ, ਸੀਵਰੇਜ ਦੀ ਸਫਾਈ ਲਈ ਮਨੁੱਖਾਂ ਦੀ ਵਰਤੋਂ ਨੂੰ ਪੂਰੀ ਤਰ੍ਹਾਂ ਅਪਰਾਧ ਐਲਾਨ ਕੇ 100% ਮਸ਼ੀਨੀਕਰਨ ਅਤੇ ਰੋਬੋਟਿਕ ਤਕਨਾਲੋਜੀ ਨੂੰ ਸਖ਼ਤੀ ਨਾਲ ਲਾਗੂ ਕਰਨਾ ਲਾਜ਼ਮੀ ਕੀਤਾ ਜਾਵੇ। ਪੀੜਤ ਪਰਿਵਾਰਾਂ ਨੂੰ ਮਹਿਜ਼ ਨਾਮ-ਮਾਤਰ ਮੁਆਵਜ਼ਾ ਦੇਣ ਦੀ ਬਜਾਏ, ਉਨ੍ਹਾਂ ਦੇ ਪੁਨਰ-ਵਾਸ ਅਤੇ ਸਫਾਈ ਕਰਮਚਾਰੀਆਂ ਦੇ ਬੱਚਿਆਂ ਲਈ ਸਨਮਾਨਜਨਕ ਸਿੱਖਿਆ ਤੇ ਰੁਜ਼ਗਾਰ ਦੇ ਵਿਕਲਪ ਯਕੀਨੀ ਬਣਾਏ ਜਾਣ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਸਿਰਫ਼ ਮੁਆਵਜ਼ੇ ਦੇ ਐਲਾਨਾਂ ਅਤੇ ਸਿਆਸੀ ਬਿਆਨਬਾਜ਼ੀ ਤੋਂ ਅੱਗੇ ਵਧੀਏ। ਜਦੋਂ ਤੱਕ ਅਸੀਂ ਇਸ ਸਿਸਟਮ ਵਿੱਚੋਂ ਅਣਦੇਖੀ ਅਤੇ ਬੇਰਹਿਮੀ ਨੂੰ ਖ਼ਤਮ ਨਹੀਂ ਕਰਦੇ, ਉਦੋਂ ਤੱਕ ਆਧੁਨਿਕ ਭਾਰਤ ਦਾ ਸੁਪਨਾ ਅਧੂਰਾ ਹੈ, ਕਿਉਂਕਿ ਕਿਸੇ ਵੀ ਸੰਵੇਦਨਸ਼ੀਲ ਸਮਾਜ ਵਿੱਚ ਕਿਸੇ ਮਨੁੱਖ ਦੀ ਜ਼ਿੰਦਗੀ ਨੂੰ 'ਫ਼ਾਲਤੂ' ਜਾਂ 'ਖ਼ਰਚਣਯੋਗ' ਨਹੀਂ ਮੰਨਿਆ ਜਾ ਸਕਦਾ।

**-ਜਗਜੀਤ ਸਿੰਘ ਦਰਦੀ**

## ਅੱਜ ਸਭ ਦੀਆਂ ਅੱਖਾਂ ਇੱਕ ਵਾਰ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਅਤੇ ਧਾਰਮਿਕ ਮਰਿਆਦਾਵਾਂ ਉੱਤੇ ਵਧਦੀਆਂ ਚੁਣੌਤੀਆਂ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

**☛ ਅਕਾਲੀ ਦਲ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਅਤੇ ਦੁਨੀਆ ਭਰ ਵਿੱਚ ਬੈਠੇ ਪੰਜਾਬੀਆਂ ਲਈ ਸਭ ਤੋਂ ਵੱਡੀ ਸ਼ਕਤੀ**

**☛ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਭਾਰਤੀ ਸੁਪਰੀਮ ਕੋਰਟ ਵੱਲੋਂ ਜਾਗਿਤ ਜੋਤ ਦਾ ਦਰਜਾ**

ਅੱਜ ਪੰਜਾਬ ਜਿਸ ਤਰ੍ਹਾਂ ਰਾਜਨੀਤਿਕ ਤੌਰ 'ਤੇ ਦੋਰਾਹੇ 'ਤੇ ਹੈ, ਉਸੇ ਤਰ੍ਹਾਂ ਅੱਜ ਧਾਰਮਿਕ ਤੇ ਰਾਜਨੀਤਿਕ ਤੌਰ 'ਤੇ ਸਭ ਅੱਖਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਉਹਨਾਂ ਦੇ ਫ਼ੈਸਲੇ 'ਤੇ ਇੱਕ ਵਾਰ ਟਿਕ ਗਈਆਂ ਹਨ ਕਿਉਂਕਿ ਪੰਜਾਬ ਵਿੱਚ ਫਿਰ ਉਹੀ ਰੌਲਾ-ਰੱਪਾ ਹੋਇਆ ਹੈ। ਸਾਬਕਾ ਅਕਾਲ ਤਖਤ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਬੇਅਦਬੀਆਂ ਬਾਰੇ ਬਣਾਈ ਗਈ ਸਿੱਟ ਅੱਗੇ ਆਪਣਾ ਬਿਆਨ ਦਰਜ ਕਰਵਾਇਆ ਹੈ। ਇਸ ਤੋਂ ਬਾਅਦ ਅਕਾਲੀ ਦਲ ਨੇ ਪ੍ਰੈੱਸ ਕਾਨਫਰੰਸ ਕਰਕੇ ਇਸ ਨੂੰ ਸਿੱਖ ਮਾਮਲਿਆਂ ਵਿੱਚ ਸਿੱਧਾ ਦਖਲ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਉੱਤੇ ਚੁਣੌਤੀ ਦੱਸਿਆ ਹੈ। ਇਹ ਮਸਲਾ ਸਿੱਖ ਪੰਥ ਦੀਆਂ ਰਵਾਇਤਾਂ, ਧਾਰਮਿਕ ਅਧਿਕਾਰਾਂ ਅਤੇ ਆਧੁਨਿਕ ਕਾਨੂੰਨੀ ਢਾਂਚੇ ਵਿਚਾਲੇ ਟਕਰਾਅ ਨੂੰ ਉਜਾਗਰ ਕਰਦਾ ਹੈ।

ਅੱਜ ਇਸ ਮੁੱਦੇ ਨੂੰ ਇਤਿਹਾਸਕ ਪਿਛੋਕੜ, ਤੱਥਾਂ, ਅੰਕੜਿਆਂ, ਰਾਜਨੀਤਿਕ ਪ੍ਰਭਾਵ ਅਤੇ ਭਵਿੱਖੀ ਚੁਣੌਤੀਆਂ ਨਾਲ ਵਿਸਥਾਰ ਨਾਲ ਵਿਚਾਰਦਿਆਂ ਭਾਵਨਾਤਮਕ ਰੀਐਕਸ਼ਨ ਤੋਂ ਉਪਰ ਉਠ ਕੇ ਸੰਤੁਲਿਤ ਵਿਸ਼ਲੇਸ਼ਣ ਪੇਸ਼ ਕਰਨਾ ਹੈ ਤਾਂ ਜੋ ਪੰਥਕ ਏਕਤਾ ਅਤੇ ਸੰਸਥਾਵਾਂ ਦੀ ਮਜ਼ਬੂਤੀ ਲਈ ਰਾਹ ਤਲਾਸ਼ਿਆ ਜਾ ਸਕੇ। ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਤਿਹਾਸਕ ਅਤੇ ਧਾਰਮਿਕ ਮਹੱਤਵ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਸਭ ਤੋਂ ਉੱਚੀ ਤਖਤਗਾਹ ਹੈ, ਜੋ ਆਤਮਿਕ ਅਤੇ ਰਾਜਨੀਤਿਕ (ਮੀਰੀ-ਪੀਰੀ) ਅਧਿਕਾਰਾਂ ਦਾ ਪ੍ਰਤੀਕ ਹੈ। ਗੁਰੂ ਹਰਗੋਬਿੰਦ ਸਾਹਿਬ ਜੀ ਨੇ 1606 ਵਿੱਚ ਇਸ ਨੂੰ ਸਥਾਪਿਤ ਕੀਤਾ ਸੀ। ਇਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਉਪਜੀਆ ਲੋੜ ਸੀ ਕਿ ਸਿੱਖ ਪੰਥ ਨੂੰ ਆਤਮਿਕ ਤੌਰ 'ਤੇ ਉੱਚਾ ਚੁੱਕਣ ਤੋਂ ਇਲਾਵਾ ਰਾਜਸੀ ਤਾਕਤ ਵੀ ਹੋਵੇ ਤਾਂ ਜੋ ਅਨਿਆਂ ਖ਼ਿਲਾਫ਼ ਲੜਿਆ ਜਾ ਸਕੇ। ਸ੍ਰੀ ਅਕਾਲ ਤਖ਼ਤ ਸਾਹਿਬ ਇਹ ਹਰਿਮੰਦਰ ਸਾਹਿਬ ਦੇ ਬਿਲਕੁਲ ਸਾਹਮਣੇ ਬਣਾਇਆ ਗਿਆ ਤਾਂ ਜੋ ਧਰਮ ਅਤੇ ਰਾਜ ਦਾ ਸੰਤੁਲਨ ਬਣਿਆ ਰਹੇ। ਇਤਿਹਾਸ ਵਿੱਚ ਸ੍ਰੀ ਅਕਾਲ ਤਖ਼ਤ ਨੇ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ। ਮੁਗਲ ਰਾਜ ਵਿੱਚ ਇਸ ਨੂੰ ਤਬਾਹ ਕੀਤਾ ਗਿਆ, ਬ੍ਰਿਟਿਸ਼ ਰਾਜ ਵਿੱਚ ਵੀ ਇਸ ਉੱਤੇ ਕਈ ਹਮਲੇ ਹੋਏ। 1984 ਵਿੱਚ ਆਪਰੇਸ਼ਨ ਬਲੂ ਸਟਾਰ ਵਿੱਚ ਸ੍ਰੀ ਅਕਾਲ ਤਖ਼ਤ ਨੂੰ ਭਾਰੀ ਨੁਕਸਾਨ ਪਹੁੰਚਿਆ ਅਤੇ ਇਸ ਨੂੰ ਮੁੜ ਤੋਂ ਉਸਾਰਿਆ ਗਿਆ ਹੈ। ਹਰ ਵਾਰ ਇਸ ਨੇ ਪੰਥ ਨੂੰ ਏਕਤਾ ਵੱਲ ਲਿਆਂਦਾ। ਅੱਜ ਵੀ ਇਹ ਦੁਨੀਆ ਭਰ ਵਿੱਚ ਰਹਿਣ ਵਾਲੇ ਸਿੱਖਾਂ ਅਤੇ ਪੰਜਾਬੀਆਂ ਲਈ ਸਭ ਤੋਂ ਵੱਡੀ ਸ਼ਕਤੀ ਅਤੇ ਫੈਸਲੇ ਲੈਣ ਵਾਲੀ ਅਥਾਰਿਟੀ ਮੰਨੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਭਾਰਤੀ ਸੁਪਰੀਮ ਕੋਰਟ ਵੱਲੋਂ ਜੀਵਤ ਜੋਤ ਦਾ ਦਰਜਾ ਦਿੱਤਾ ਗਿਆ ਹੈ। ਇਸ ਲਈ ਅਕਾਲ ਤਖਤ ਇਸ ਧਰਮ ਗ੍ਰੰਥ ਅਤੇ ਪੰਥ ਦੀਆਂ ਮਰਿਆਦਾਵਾਂ ਦਾ ਰਾਖਾ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਦੇ ਬੋਲ ਬਾਣੀ ਅਤੇ ਗੁਰਮਤਿ ਅਨੁਸਾਰ ਫੈਸਲੇ ਲੈਂਦੇ ਹਨ ਪਰ ਆਧੁਨਿਕ ਸਮੇਂ ਵਿੱਚ SGPC, ਰਾਜਨੀਤੀ ਅਤੇ ਕਾਨੂੰਨੀ ਦਖ਼ਲਅੰਦਾਜ਼ੀ ਨੇ ਇਸ ਦੀ ਸਰਬਉੱਚਤਾ ਨੂੰ ਚੁਣੌਤੀਆਂ ਦਿੱਤੀਆਂ ਹਨ। ਗਿਆਨੀ ਰਘਬੀਰ ਸਿੰਘ ਵਰਗੇ ਆਗੂਆਂ ਦੇ ਬਿਆਨ ਅਤੇ ਅਕਾਲੀ ਦਲ ਵਰਗੀਆਂ ਪਾਰਟੀਆਂ ਦੀਆਂ ਪ੍ਰਤੀਕਿਰਿਆਵਾਂ ਇਸੀ ਟਕਰਾਅ ਨੂੰ ਦਰਸਾਉਂਦੀਆਂ ਹਨ।

ਹੁਣ ਤਾਜ਼ਾ ਘਟਨਾਕ੍ਰਮ ਅਤੇ ਬੇਅਦਬੀਆਂ ਦਾ ਮਸਲਾ ਬੇਅਦਬੀਆਂ ਦੀਆਂ ਘਟਨਾਵਾਂ ਪੰਜਾਬ ਵਿੱਚ ਲੰਬੇ ਸਮੇਂ ਤੋਂ ਚੱਲ ਰਹੀਆਂ ਹਨ। 2015 ਵਿੱਚ ਬਰਗਾੜੀ ਅਤੇ ਕੋਟਕਪੂਰਾ ਘਟਨਾਵਾਂ ਨੇ ਪੂਰੇ ਪੰਥ ਨੂੰ ਝੰਜੋੜਿਆ ਸੀ। ਉਸ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਨਾਲ ਛੇੜਛਾੜ ਅਤੇ ਅਗਨਬਾਜ਼ੀ ਵਰਗੀਆਂ ਘਟਨਾਵਾਂ ਹੋਈਆਂ ਸਨ। ਇਸ ਤੋਂ ਬਾਅਦ ਵੀ ਸੈਂਕੜੇ ਘਟਨਾਵਾਂ ਹੋਈਆਂ ਹਨ। ਅੰਕੜਿਆਂ ਅਨੁਸਾਰ, 2015 ਤੋਂ 2025 ਤੱਕ ਪੰਜਾਬ ਵਿੱਚ 500 ਤੋਂ ਵੱਧ ਬੇਅਦਬੀ ਨਾਲ ਜੁੜੀਆਂ ਘਟਨਾਵਾਂ ਦਰਜ ਹੋਈਆਂ ਹਨ। NCRB ਅਤੇ ਪੰਜਾਬ ਸਰਕਾਰੀ ਰਿਪੋਰਟਾਂ ਮੁਤਾਬਿਕ ਇਹਨਾਂ ਵਿੱਚੋਂ ਬਹੁਤੀਆਂ ਵਿੱਚ ਤਹਿਕੀਕਾਤ ਅਧੂਰੀ ਰਹੀ ਜਾਂ ਮੁਲਜ਼ਮ ਫ਼ਰਾਰ ਰਹੇ ਹਨ।

ਇੱਕ ਰਿਪੋਰਟ ਅਨੁਸਾਰ 2015 ਤੋਂ 2021 ਤੱਕ 272 ਕੇਸ ਦਰਜ ਹੋਏ ਅਤੇ ਸਿਰਫ 12 ਗ੍ਰਿਫਤਾਰੀਆਂ ਹੋਈਆਂ। 2017 ਤੋਂ 2020 ਤੱਕ 721 ਕੇਸ ਰਿਪੋਰਟ ਹੋਏ। ਇਹ ਅੰਕੜੇ ਦਰਸਾਉਂਦੇ ਹਨ ਕਿ ਧਾਰਮਿਕ ਅਪਰਾਧ ਸਿਰਫ ਧਰਮ ਨਾਲ ਨਹੀਂ, ਬਲਕਿ ਸਮਾਜਿਕ ਸਥਿਰਤਾ, ਰਾਜਨੀਤੀ ਅਤੇ ਪ੍ਰਸ਼ਾਸਨਿਕ ਅਸਫਲਤਾ ਨਾਲ ਵੀ ਜੁੜੇ ਹੋਏ ਹਨ। ਗਿਆਨੀ ਰਘਬੀਰ ਸਿੰਘ ਵੱਲੋਂ SIT ਅੱਗੇ ਬਿਆਨ ਦੇਣਾ ਇੱਕ ਨਾਗਰਿਕ ਵਜੋਂ ਜ਼ਿੰਮੇਵਾਰੀ ਹੋ ਸਕਦਾ ਹੈ, ਖਾਸ ਕਰਕੇ ਬਹਿਬਲ ਕਲਾਂ ਗੋਲੀਕਾਂਡ ਵਰਗੇ ਮਾਮਲਿਆਂ ਵਿੱਚ ਪਰ ਅਕਾਲੀ ਦਲ ਨੇ ਇਸ ਨੂੰ ਸ੍ਰੀ ਅਕਾਲ ਤਖ਼ਤ ਦੀ ਅਥਾਰਿਟੀ ਉੱਤੇ ਹਮਲਾ ਦੱਸਿਆ ਹੈ। ਅੱਜ ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀ ਅਕਾਲ ਤਖਤ ਦਾ ਜਥੇਦਾਰ ਅਜਿਹੇ ਮਾਮਲਿਆਂ ਵਿੱਚ ਕਾਨੂੰਨੀ ਅਦਾਲਤਾਂ ਵੱਲ ਨਾ ਜਾਵੇ, ਬਲਕਿ ਪੰਥਕ ਰਵਾਇਤਾਂ ਅਨੁਸਾਰ ਫੈਸਲਾ ਲੈਵੇ। ਇਸ ਤੋਂ ਉਲਟ, ਕੁਝ ਆਗੂ ਇਸ ਨੂੰ ਖੁਲਾਸੇ ਅਤੇ ਨਿਆਂ ਲਈ ਜ਼ਰੂਰੀ ਕਦਮ ਮੰਨਦੇ ਹਨ। ਗਿਆਨੀ ਰਘਬੀਰ ਸਿੰਘ ਨੇ ਦਸੰਬਰ 2024 ਵਿੱਚ ਅਕਾਲ ਤਖਤ ਤੋਂ ਸੁਖਬੀਰ ਬਾਦਲ ਅਤੇ ਹੋਰ ਅਕਾਲੀ ਆਗੂਆਂ ਨੂੰ ਤਨਖਾਹੀਆ ਐਲਾਨ ਕੀਤਾ ਸੀ ਅਤੇ ਉਨ੍ਹਾਂ ਤੋਂ ਮੁਆਫ਼ੀ ਮੰਗਵਾਈ ਸੀ। ਇਸ ਤੋਂ ਬਾਅਦ SGPC ਵੱਲੋਂ ਉਨ੍ਹਾਂ ਨੂੰ ਹਟਾਉਣ ਵਰਗੀਆਂ ਘਟਨਾਵਾਂ ਨੇ ਵਿਵਾਦ ਵਧਾਇਆ ਅਤੇ ਉਨ੍ਹਾਂ ਨੇ SGPC ਵਿੱਚ ਭ੍ਰਿਸ਼ਟਾਚਾਰ ਦੇ ਇਲਜ਼ਾਮ ਵੀ ਲਗਾਏ ਅਤੇ ਹਾਈਕੋਰਟ ਵਿੱਚ ਅਰਜ਼ੀ ਵੀ ਦਾਇਰ ਕੀਤੀ। ਇਹ ਸਭ ਅੰਦਰੂਨੀ ਖਿਚੋਤਾਣ ਨੂੰ ਉਜਾਗਰ ਕਰਦਾ ਹੈ। ਅੱਜ ਅਕਾਲੀ ਦਲ ਦਾ ਰੁਖ ਅਤੇ ਰਾਜਨੀਤਿਕ ਪਿਛੋਕੜ ਅਕਾਲੀ ਦਲ ਨੇ ਇਸ ਬਿਆਨ ਨੂੰ ਸਿੱਖ ਮਾਮਲਿਆਂ ਵਿੱਚ ਦਖਲ ਅਤੇ ਸ੍ਰੀ ਅਕਾਲ ਤਖ਼ਤ ਦੀ ਸਰਬਉੱਚਤਾ ਉੱਤੇ ਹਮਲਾ ਦੱਸਿਆ। ਉਨ੍ਹਾਂ ਅਨੁਸਾਰ, ਅਕਾਲ ਤਖਤ ਦਾ ਫੈਸਲਾ ਕਿਸੇ ਅਦਾਲਤ ਵਿੱਚ ਚੈਲੇਂਜ ਨਹੀਂ ਹੋਣਾ ਚਾਹੀਦਾ ਹੈ। ਇਹ ਰੁਖ ਇਤਿਹਾਸਕ ਹੈ ਕਿਉਂਕਿ ਅਕਾਲੀਆਂ ਨੇ ਹਮੇਸ਼ਾ ਸ਼੍ਰੋਮਣੀ ਕਮੇਟੀ ਨੂੰ ਆਪਣੀ ਰਾਜਨੀਤਿਕ ਅਧਾਰ ਵਜੋਂ ਵਰਤਿਆ ਹੈ ਪਰ ਇਸ ਵਾਰ ਇਸ ਨੂੰ ਅੰਦਰੂਨੀ ਵਿਵਾਦਾਂ (ਜਿਵੇਂ ਸੁਖਬੀਰ ਬਾਦਲ ਉੱਤੇ ਤਨਖਾਹੀਆ ਘੋਸ਼ਣਾ ਅਤੇ ਬਾਅਦ ਵਿੱਚ ਵਾਪਸੀ) ਨਾਲ ਵੀ ਜੋੜਿਆ ਜਾ ਰਿਹਾ ਹੈ। ਕਮੇਟੀ ਵੱਲੋਂ ਜਥੇਦਾਰਾਂ ਨੂੰ ਹਟਾਉਣ ਵਰਗੀਆਂ ਘਟਨਾਵਾਂ ਨੇ ਇਸ ਵਿਵਾਦ ਨੂੰ ਹੋਰ ਗੁੰਝਲਦਾਰ ਬਣਾਇਆ ਹੈ। ਇਹ ਦਰਸਾਉਂਦਾ ਹੈ ਕਿ ਧਾਰਮਿਕ ਸੰਸਥਾਵਾਂ ਵਿੱਚ ਰਾਜਨੀਤਿਕ ਪ੍ਰਭਾਵ ਵਧ ਰਿਹਾ ਹੈ, ਜੋ ਪੰਥ ਲਈ ਚਿੰਤਾ ਵਾਲੀ ਗੱਲ ਹੈ। ਕੱਲ੍ਹ ਅਕਾਲੀ ਦਲ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਿੱਖਾਂ ਅਤੇ ਦੁਨੀਆ ਭਰ ਵਿੱਚ ਬੈਠੇ ਪੰਜਾਬੀਆਂ ਲਈ ਸਭ ਤੋਂ ਵੱਡੀ ਸ਼ਕਤੀ ਹੈ ਅਤੇ ਇਸ ਉੱਤੇ ਕਾਨੂੰਨੀ ਦਖ਼ਲ ਨਹੀਂ ਹੋਣਾ ਚਾਹੀਦਾ ਹੈ। ਅੱਜ ਚੁਣੌਤੀਆਂ ਅਤੇ ਸੰਭਾਵੀ ਪ੍ਰਭਾਵ ਹੁਣ ਇਸ ਮਸਲੇ ਵਿੱਚ ਕਈ ਚੁਣੌਤੀਆਂ ਹਨ।

ਅੱਜ ਸਰਬਉੱਚਤਾ ਉੱਤੇ ਚੁਣੌਤੀ ਹੈ ਜਦੋਂ ਜਥੇਦਾਰ ਅਦਾਲਤੀ ਪ੍ਰਕਿਰਿਆ ਵਿੱਚ ਸ਼ਾਮਲ ਹੁੰਦਾ ਹੈ ਤਾਂ ਇਸ ਨੂੰ ਸ੍ਰੀ ਅਕਾਲ ਤਖ਼ਤ ਦੀ ਅਜ਼ਾਦੀ ਉੱਤੇ ਹਮਲਾ ਵਜੋਂ ਵੇਖਿਆ ਜਾਂਦਾ ਹੈ। ਇਸ ਨਾਲ ਪੰਥ ਵਿੱਚ ਵਿਭਾਜਨ ਵਧ ਸਕਦਾ ਹੈ। ਅੱਜ ਧਾਰਮਿਕ ਏਕਤਾ ਬੇਅਦਬੀਆਂ ਵਰਗੇ ਮੁੱਦੇ ਉੱਤੇ ਏਕਤਾ ਲੋੜੀਂਦੀ ਹੈ, ਨਾ ਕਿ ਰਾਜਨੀਤੀ। ਅੱਜ ਵੱਖ-ਵੱਖ ਜਥੇਬੰਦੀਆਂ ਵਿਚਾਲੇ ਮਤਭੇਦ ਇਸ ਨੂੰ ਹੋਰ ਗੰਭੀਰ ਬਣਾਉਂਦੇ ਹਨ ਅਤੇ ਕਾਨੂੰਨੀ ਧਾਰਮਿਕ ਅਧਿਕਾਰ ਭਾਰਤੀ ਸੰਵਿਧਾਨ ਧਰਮ ਦੀ ਆਜ਼ਾਦੀ ਦਿੰਦਾ ਹੈ (ਆਰਟੀਕਲ 25-26), ਪਰ ਅਪਰਾਧ ਲਈ ਕਾਨੂੰਨ ਲਾਗੂ ਹੁੰਦਾ ਹੈ। ਅੱਜ ਇਸ ਵਿਚਾਲੇ ਸੰਤੁਲਨ ਲੱਭਣਾ ਚੁਣੌਤੀ ਹੈ। ਪੰਜਾਬ ਸਰਕਾਰ ਵੱਲੋਂ ਐਂਟੀ-ਬੇਅਦਬੀ ਬਿੱਲ ਲਿਆਂਦਾ ਗਿਆ ਹੈ ਜਿਸ ਵਿੱਚ ਅਨੁਸਾਰ ਸਖਤ ਸਜ਼ਾਵਾਂ ਦੀ ਗੱਲ ਹੈ, ਪਰ ਇਸ ਉੱਤੇ ਵੀ ਵਿਵਾਦ ਹੈ। ਅੱਜ ਪੰਜਾਬੀਆਂ ਅਤੇ ਵਿਦੇਸ਼ੀ ਸਿੱਖਾਂ ਉੱਤੇ ਪ੍ਰਭਾਵ ਅਧੀਨ ਦੁਨੀਆ ਭਰ ਵਿੱਚ ਰਹਿਣ ਵਾਲੇ ਪੰਜਾਬੀਆਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਏਕਤਾ ਦਾ ਪ੍ਰਤੀਕ ਹੈ। ਇਸ ਦੀ ਕਮਜ਼ੋਰੀ ਨਾਲ ਉਨ੍ਹਾਂ ਦਾ ਵਿਸ਼ਵਾਸ ਘੱਟ ਸਕਦਾ ਹੈ। ਗੁਰਦੁਆਰਾ ਪ੍ਰਬੰਧਨ ਵਿੱਚ ਸੁਧਾਰ ਅਤੇ ਵਿਦੇਸ਼ੀ ਸਿੱਖ ਸੰਸਥਾਵਾਂ ਨਾਲ ਤਾਲਮੇਲ ਦੀ ਲੋੜ ਹੈ। ਅੱਜ ਬੇਅਦਬੀਆਂ ਖਿਲਾਫ ਸ੍ਰੀ ਅਕਾਲ ਤਖ਼ਤ ਨੇ ਵਾਰ-ਵਾਰ ਨੋਟਿਸ ਲਿਆ ਹੈ ਅਤੇ ਕਾਨੂੰਨ ਵਿੱਚ ਤਬਦੀਲੀਆਂ ਦੀ ਮੰਗ ਵੀ ਕੀਤੀ ਹੈ। ਇਸ ਤਰ੍ਹਾਂ ਦੀਆਂ ਮੰਗਾਂ ਸਿੱਖ ਭਾਵਨਾਵਾਂ ਨੂੰ ਸੁਰੱਖਿਅਤ ਰੱਖਣ ਲਈ ਹਨ, ਪਰ ਇਹਨਾਂ ਨੂੰ ਰਾਜਨੀਤੀਕਰਨ ਵੀ ਕੀਤਾ ਜਾ ਰਿਹਾ ਹੈ। ਅੱਜ ਇਹ ਮਿਸਾਲੀ ਫੈਸਲੇ ਲਈ ਸੁਝਾਅ ਅਤੇ ਸਬਕ ਗਿਆਨੀ ਕੁਲਦੀਪ ਸਿੰਘ ਗੜਗੱਜ ਵਰਗੇ ਮੌਜੂਦਾ ਜਥੇਦਾਰਾਂ ਨੂੰ ਇਸ ਮਸਲੇ ਉੱਤੇ ਵਿਚਾਰ ਕਰਕੇ ਮਿਸਾਲੀ ਫੈਸਲਾ ਲੈਣਾ ਚਾਹੀਦਾ ਹੈ ਕਿ ਅਕਾਲ ਤਖਤ ਅਤੇ SGPC ਵਿਚਾਲੇ ਖੁੱਲ੍ਹੀ ਚਰਚਾ ਅਤੇ ਸੁਧਾਰ। ਬੇਅਦਬੀ ਖਿਲਾਫ ਇੱਕ ਏਕੀਕ੍ਰਿਤ ਪੰਥਕ ਰਣਨੀਤੀ ਬਣਾਉਣਾ ਅਤੇ ਰਾਜਨੀਤੀ ਤੋਂ ਉਪਰ ਉਠ ਕੇ ਧਰਮ ਨੂੰ ਤਰਜੀਹ ਦੇਣਾ। ਗੁਰਦੁਆਰਾ ਪ੍ਰਬੰਧਨ ਵਿੱਚ ਸੁਧਾਰ, ਸੇਵਾਦਾਰਾਂ ਦੀ ਤਾਲੀਮ ਅਤੇ ਸੁਰੱਖਿਆ ਵਧਾਉਣਾ। ਵਿਦੇਸ਼ੀ ਸਿੱਖ ਸੰਸਥਾਵਾਂ ਨਾਲ ਤਾਲਮੇਲ ਅਤੇ ਪੰਥਕ ਏਕਤਾ ਲਈ ਯਤਨ ਕਰਨੇ ਚਾਹੀਦੇ ਹਨ। ਅੱਜ ਸਿੱਖ ਪੰਥ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਜੀ ਨੇ ਭੇਦਭਾਵ ਤੋਂ ਉਪਰ ਉਠ ਕੇ ਏਕਤਾ ਦਾ ਸੰਦੇਸ਼ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇੱਕੋ ਗੁਰੂ ਹਨ ਅਤੇ ਸ੍ਰੀ ਅਕਾਲ ਤਖਤ ਇਸ ਏਕਤਾ ਦਾ ਕੇਂਦਰ ਰਹੇ। ਇਸ ਲਈ ਸਾਰੀਆਂ ਧਿਰਾਂ ਨੂੰ ਗੁਰਮਤਿ ਅਨੁਸਾਰ ਚੱਲਣਾ ਚਾਹੀਦਾ ਹੈ। ਇਸ ਮਸਲੇ ਤੋਂ ਲੈ ਕੇ ਸਬਕ ਲੈਣਾ ਚਾਹੀਦਾ ਹੈ ਕਿ ਧਾਰਮਿਕ ਸੰਸਥਾਵਾਂ ਨੂੰ ਰਾਜਨੀਤੀ ਤੋਂ ਉਪਰ ਰੱਖਿਆ ਜਾਵੇ। ਅੱਜ ਬੇਅਦਬੀਆਂ ਵਰਗੇ ਮੁੱਦਿਆਂ ਉੱਤੇ ਤੇਜ਼ੀ ਨਾਲ ਨਿਆਂ ਅਤੇ ਪ੍ਰਬੰਧਕੀ ਸੁਧਾਰ ਲਿਆਉਣਾ ਲਾਜ਼ਮੀ ਹੈ। ਇਸ ਨਾਲ ਹੀ ਸਿੱਖ ਪੰਥ ਅਤੇ ਅਕਾਲ ਤਖਤ ਦੀ ਸਰਬਉੱਚਤਾ ਮਜ਼ਬੂਤ ਰਹੇਗੀ। ਅੱਜ ਪੰਥ ਦੀ ਏਕਤਾ ਅਤੇ ਧਰਮ ਦੀ ਰਾਖੀ ਲਈ ਸਭ ਨੂੰ ਗੁਰੂ ਬਾਣੀ ਵੱਲ ਮੁੜਨ ਦੀ ਲੋੜ ਹੈ।

# ਬ੍ਰਿਕਸ ਅਤੇ ਖੇਤੀਬਾੜੀ ਵਪਾਰ ਦੀ ਨਵੀਂ ਦਿਸ਼ਾ

**ਐਮ.ਐਲ. ਜਾਟ ਅਤੇ ਸਮਿਤਾ ਸਿਰੋਹੀ**

ਭਾਰਤ 2026 ਵਿੱਚ ਬ੍ਰਿਕਸ ਦੀ ਪ੍ਰਧਾਨਗੀ ਅਜਿਹੇ ਸਮੇਂ ਵਿੱਚ ਕਰ ਰਿਹਾ ਹੈ ਜਦੋਂ ਖੇਤੀਬਾੜੀ ਵਪਾਰ ਦੀ ਚਰਚਾ ਸਿਰਫ਼ ਟੈਰਿਫ ਅਤੇ ਮਾਰਕਿਟ ਪਹੁੰਚ ਤੱਕ ਸੀਮਤ ਨਹੀਂ ਰਹਿ ਗਈ ਹੈ। ਜਲਵਾਯੂ ਸੰਕਟ, ਖੁਰਾਕ ਕੀਮਤਾਂ ਵਿੱਚ ਉਤਰਾਅ-ਚੜਾਅ, ਖਾਦਾਂ ਦੀ ਸਪਲਾਈ ਵਿੱਚ ਰੁਕਾਵਟ, ਟਿਕਾਊ ਉਤਪਾਦਨ ਨਾਲ ਜੁੜੇ ਮਿਆਰ, ਉਤਪਾਦ ਦੇ ਸਰੋਤ ਅਤੇ ਗੁਣਵੱਤਾ ਦੀ ਡਿਜੀਟਲ ਜਾਣਕਾਰੀ ਅਤੇ ਸੰਕਟ ਦੇ ਸਮੇਂ ਬਜ਼ਾਰਾਂ ਨੂੰ ਖੁੱਲ੍ਹਾ ਰੱਖਣ ਦੀ ਲੋੜ ਹੁਣ ਖੇਤੀਬਾੜੀ ਵਪਾਰ ਦੇ ਅਹਿਮ ਮੁੱਦੇ ਬਣ ਚੁੱਕੇ ਹਨ।

**ਖੇਤੀਬਾੜੀ ਕਿਉਂ ਮਹੱਤਵਪੂਰਨ ਹੈ:** ਬ੍ਰਿਕਸ ਦੇ ਵਿਸਤਾਰ ਤੋਂ ਬਾਅਦ ਇਹ ਸਮੂਹ ਹੁਣ ਦੁਨੀਆ ਦੀ ਲਗਭਗ ਅੱਧੀ ਆਬਾਦੀ, ਗਲੋਬਲ ਜੀਡੀਪੀ ਦੇ ਲਗਭਗ 40% ਅਤੇ ਆਲਮੀ ਵਪਾਰ ਦੇ ਲਗਭਗ ਇੱਕ ਚੌਥਾਈ ਹਿੱਸੇ ਦੀ ਪ੍ਰਤੀਨਿੱਧਤਾ ਕਰਦਾ ਹੈ। ਸੰਯੁਕਤ ਰਾਸ਼ਟਰ ਦੀ ਵਪਾਰ ਅਤੇ ਵਿਕਾਸ ਸੰਸਥਾ, ਅੰਕਟਾਡ ਦੇ ਹਾਲੀਆ ਮੁਲਾਂਕਣ ਦੇ ਮੁਤਾਬਕ, ਬ੍ਰਿਕਸ ਦੇਸ਼ਾਂ ਦਰਮਿਆਨ ਵਸਤਾਂ ਦਾ ਵਪਾਰ 2003 ਤੋਂ ਬਾਅਦ ਤੇਰ੍ਹਾਂ ਗੁਣਾ ਤੋਂ ਜ਼ਿਆਦਾ ਵਧਿਆ ਹੈ ਅਤੇ 2024 ਵਿੱਚ 1.17 ਟ੍ਰਿਲੀਅਨ ਅਮਰੀਕੀ ਡਾਲਰ ਤੱਕ ਪਹੁੰਚ ਗਿਆ। ਖੇਤੀਬਾੜੀ ਇਸ ਵੱਡੇ ਵਪਾਰਕ ਦ੍ਰਿਸ਼ ਦਾ ਸਿਰਫ਼ ਇੱਕ ਹਿੱਸਾ ਹੋ ਸਕਦੀ ਹੈ, ਪਰ ਰਾਜਨੀਤਿਕ ਅਤੇ ਸਮਾਜਿਕ ਦ੍ਰਿਸ਼ਟੀ ਪੱਖੋਂ ਇਹ ਸਭ ਤੋਂ ਸੰਵੇਦਨਸ਼ੀਲ ਖੇਤਰਾਂ ਵਿੱਚ ਹੈ। ਜਦੋਂ ਭੋਜਨ ਪਦਾਰਥ ਮਹਿੰਗੇ ਹੁੰਦੇ ਹਨ, ਖਾਦਾਂ ਦੀ ਸਪਲਾਈ ਰੁਕਦੀ ਹੈ ਤਾਂ ਸਮੁੰਦਰੀ ਮਾਰਗਾਂ ਵਿੱਚ ਅਨਿਸ਼ਚਿਤਤਾ ਆਉਂਦੀ ਹੈ, ਤਾਂ ਇਸ ਦਾ ਸਿੱਧਾ ਅਸਰ ਕਿਸਾਨਾਂ, ਉਪਭੋਗਤਾਵਾਂ ਅਤੇ ਸਰਕਾਰਾਂ ਉੱਪਰ ਪੈਂਦਾ ਹੈ। ਇਸ ਲਈ ਖੇਤੀਬਾੜੀ ਭਾਰਤ ਦੀ ਬ੍ਰਿਕਸ ਪ੍ਰਧਾਨਗੀ ਦੇ ਸਭ ਤੋਂ ਮਹੱਤਵਪੂਰਨ ਖੇਤਰਾਂ ਵਿੱਚੋਂ ਇੱਕ ਹੈ।

ਬ੍ਰਿਕਸ ਦੇਸ਼ਾਂ ਦਰਮਿਆਨ ਖੇਤੀਬਾੜੀ ਦੇ ਖੇਤਰ ਵਿੱਚ ਕਈ ਤਰ੍ਹਾਂ ਦੀਆਂ ਪੂਰਕਤਾਵਾਂ ਹਨ। ਬ੍ਰਾਜ਼ੀਲ ਸੋਇਆਬੀਨ, ਮਾਸ ਅਤੇ ਚੀਨੀ ਦਾ ਵੱਡਾ ਨਿਰਯਾਤਕ ਹੈ। ਰੂਸ ਅਨਾਜ ਅਤੇ ਖਾਦਾਂ ਵਿੱਚ ਮਹੱਤਵਪੂਰਨ ਭੂਮਿਕਾ ਰੱਖਦਾ ਹੈ। ਭਾਰਤ ਚੌਲ, ਸਮੁੰਦਰੀ ਉਤਪਾਦ, ਮਸਾਲੇ, ਮੱਝ ਦੇ ਮਾਸ ਅਤੇ ਛੋਟੇ ਕਿਸਾਨਾਂ ਨਾਲ ਜੁੜੀਆਂ ਕਈ ਖੇਤੀਬਾੜੀ ਦੀਆਂ ਵਸਤੂਆਂ ਵਿੱਚ ਮਜ਼ਬੂਤ ਸਥਿਤੀ ਰੱਖਦਾ ਹੈ। ਚੀਨ ਭੋਜਨ ਪਦਾਰਥਾਂ ਦਾ ਵੱਡਾ ਆਯਾਤਕ ਅਤੇ ਪ੍ਰੋਸੈੱਸਿੰਗ ਕਰਨ ਵਾਲਾ ਦੇਸ਼ ਹੈ। ਦੱਖਣੀ ਅਫਰੀਕਾ ਇਸ ਸਮੂਹ ਨੂੰ ਅਫਰੀਕਾ ਦੇ ਮਹੱਤਵਪੂਰਨ ਐਗਰੀ-ਫੂਡ ਮਾਰਕਿਟਾਂ ਨਾਲ ਜੋੜਦਾ ਹੈ। ਨਵੇਂ ਮੈਂਬਰ ਵੀ ਇਸ ਵਿੱਚ ਨਵੇਂ ਆਯਾਮ ਜੋੜਦੇ ਹਨ। ਸੰਯੁਕਤ ਅਰਬ ਅਮੀਰਾਤ ਅਤੇ ਸਾਊਦੀ ਅਰਬ ਲੌਜਿਸਟਿਕਸ, ਵਿੱਤ ਅਤੇ ਭੋਜਨ ਸੁਰੱਖਿਆ ਨਿਵੇਸ਼ ਦੇ ਲਿਹਾਜ ਨਾਲ ਮਹੱਤਵਪੂਰਨ ਹਨ। ਮਿਸਰ ਅਤੇ ਇਥੀਓਪੀਆ ਅਫਰੀਕਾ ਦੀ ਭੋਜਨ ਪ੍ਰਣਾਲੀ ਨਾਲ ਜੁੜੀਆਂ ਚਿੰਤਾਵਾਂ ਨੂੰ ਸਾਹਮਣੇ ਲਿਆਉਂਦੇ ਹਨ, ਜਦਕਿ ਇੰਡੋਨੇਸ਼ੀਆ ਪਾਮ ਆਇਲ, ਮੱਛੀ ਖੇਤਰ ਅਤੇ ਇਹ ਗਰਮ ਖੰਡੀ ਖੇਤੀਬਾੜੀ ਦੀ ਤਾਕਤ ਨੂੰ ਵਧਾਉਂਦਾ ਹੈ।

**ਆਪਸੀ ਤਾਕਤਾਂ ਨੂੰ ਠੋਸ ਵਿਵਸਥਾ ਵਿੱਚ ਬਦਲਣਾ:** ਪਰੰਤੂ ਸਿਰਫ਼ ਵੱਡੇ ਪੈਮਾਨੇ ਅਤੇ ਆਪਸੀ ਤਾਕਤਾਂ ਦੇ ਮੇਲ ਨਾਲ ਆਪਣੇ-ਆਪ ਮਜ਼ਬੂਤ ਵਪਾਰ ਵਿਵਸਥਾ ਨਹੀਂ ਬਣਦੀ। ਆਉਣ ਵਾਲੀ ਬ੍ਰਿਕਸ ਖੇਤੀਬਾੜੀ ਮੰਤਰੀਆਂ ਦੀ ਬੈਠਕ ਭਾਰਤ ਨੂੰ ਇਹ ਮੌਕਾ ਦਿੰਦੀ ਹੈ ਕਿ ਉਹ ਸਹਿਯੋਗ ਨੂੰ ਕੁਝ ਠੋਸ ਦਿਸ਼ਾਵਾਂ ਵਿੱਚ ਅੱਗੇ ਵਧਾਉਣ। ਇਨ੍ਹਾਂ ਵਿੱਚ ਭਰੋਸੇਮੰਦ ਵਪਾਰ ਵਿਵਸਥਾ, ਬੀਜ, ਖਾਦ ਅਤੇ ਹੋਰ ਉਤਪਾਦਨ ਸਮੱਗਰੀ ਦੀ ਮਜ਼ਬੂਤ ਸਪਲਾਈ ਚੇਨ, ਬਿਹਤਰ ਬਜ਼ਾਰ ਜਾਣਕਾਰੀ ਅਤੇ ਅਜਿਹੀਆਂ ਵੈਲਿਊ ਚੇਨਾਂ ਸ਼ਾਮਲ ਹਨ, ਜਿਨ੍ਹਾਂ ਵਿੱਚ ਛੋਟੇ ਕਿਸਾਨਾਂ, ਮਹਿਲਾਵਾਂ ਅਤੇ ਨੌਜਵਾਨਾਂ ਦੀ ਸਰਗਰਮ ਭਾਗੀਦਾਰੀ ਹੋਵੇ। ਭਰੋਸੇਮੰਦ ਵਪਾਰ ਵਿਵਸਥਾ ਨੂੰ ਸ਼ੁਰੂਆਤੀ ਤਰਜੀਹ ਮਿਲਣੀ ਚਾਹੀਦੀ ਹੈ। ਖੇਤੀਬਾੜੀ ਵਪਾਰ ਵਿੱਚ ਸਿਰਫ਼ ਮਾਲ ਭੇਜਣਾ ਹੀ ਕਾਫੀ ਨਹੀਂ ਹੈ; ਇਹ ਵੀ ਓਨਾ ਹੀ ਜ਼ਰੂਰੀ ਹੈ ਕਿ ਉਤਪਾਦ ਦੀ ਗੁਣਵੱਤਾ, ਸੁਰੱਖਿਆ ਅਤੇ ਸਰੋਤ 'ਤੇ ਭਰੋਸਾ ਹੋਵੇ। ਖੇਤੀਬਾੜੀ ਵਪਾਰ ਸੁਵਿਧਾ 'ਤੇ 2024 ਦੇ ਬ੍ਰਿਕਸ ਸਿਧਾਂਤ ਪਹਿਲਾਂ ਹੀ ਖੁਰਾਕ ਸੁਰੱਖਿਆ, ਪਸ਼ੂ-ਪੌਦ ਸਿਹਤ ਅਤੇ ਤਕਨੀਕੀ ਮਿਆਰਾਂ ਨਾਲ ਜੁੜੇ ਸਹਿਯੋਗ, ਇੱਕ -ਦੂਜੇ ਦੇ ਮਾਪਦੰਡਾਂ ਨੂੰ ਸਵੀਕਾਰ ਕਰਨ ਦੀ ਵਿਵਸਥਾ, ਘੱਟ ਵਪਾਰ ਲਾਗਤ ਅਤੇ ਡਿਜੀਟਲ ਵਪਾਰ ਸੁਵਿਧਾ ਵਰਗੇ ਬੁਨਿਆਦੀ ਮੁੱਦਿਆਂ ਨੂੰ ਮਾਨਤਾ ਦਿੰਦੇ ਹਨ। ਭਾਰਤ ਇਸ ਏਜੰਡਾ ਨੂੰ ਅੱਗੇ ਵਧਾਉਂਦੇ ਹੋਏ ਡਿਜੀਟਲ ਸਰਟੀਫਿਕੇਟਾਂ, ਉਤਪਾਦ ਦੇ ਸਰੋਤ ਅਤੇ ਗੁਣਵੱਤਾ ਦੀ ਭਰੋਸੇਮੰਦ ਡਿਜੀਟਲ ਜਾਣਕਾਰੀ, ਰੈਗੂਲੇਟਰਾਂ ਵਿਚਕਾਰ ਤਿੱਖੀ ਗੱਲਬਾਤ ਅਤੇ ਉਤਪਾਦਕਾਂ ਅਤੇ ਨਿਰਯਾਤਕਾਂ ਦੀ ਸਮਰੱਥਾ ਨਿਰਮਾਣ 'ਤੇ ਜ਼ੋਰ ਦੇ ਸਕਦਾ ਹੈ।

ਦੂਜੀ ਤਰਜੀਹ ਮਜ਼ਬੂਤ ਸਪਲਾਈ ਚੇਨ ਹੋਣੀ ਚਾਹੀਦੀ ਹੈ। ਭੋਜਨ ਵਪਾਰ ਨੂੰ ਖਾਦ, ਊਰਜਾ, ਪਸ਼ੂ ਆਹਾਰ, ਬੀਜ, ਢੁਆਈ-ਭੰਡਾਰਣ ਅਤੇ ਵਿੱਤ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਭਾਰਤ ਲਈ ਇਹ ਕੋਈ ਦੂਰ ਦੀ ਚਿੰਤਾ ਨਹੀਂ ਹੈ। ਉਸ ਦੇ ਖਾਦ ਅਤੇ ਊਰਜਾ ਆਯਾਤ ਦਾ ਅੱਧੇ ਤੋਂ ਵੱਧ ਦਾ ਹਿੱਸਾ ਬ੍ਰਿਕਸ ਦੇਸ਼ਾਂ ਤੋਂ ਆਉਂਦਾ ਹੈ। ਇਸ ਲਈ ਉਤਪਾਦਨ ਸਮੱਗਰੀ ਦੀ ਸੁਰੱਖਿਆ ਸਿੱਧੇ ਖੇਤੀਬਾੜੀ ਦੀ ਮਜ਼ਬੂਤੀ ਨਾਲ ਜੁੜੀ ਹੋਈ ਹੈ। ਪੱਛਮੀ ਏਸ਼ੀਆ ਦੇ ਹਾਲੀਆ ਸੰਕਟਾਂ ਨੇ ਦਿਖਾਇਆ ਹੈ ਕਿ ਭੋਜਨ ਪਦਾਰਥਾਂ ਅਦੇ ਬਜ਼ਾਰ ਤੱਕ ਪਹੁੰਚਣ ਨਾਲ ਪਹਿਲਾਂ ਹੀ ਉਤਪਾਦਨ ਪ੍ਰਭਾਵਿਤ ਹੋ ਸਕਦਾ ਹੈ। ਇਸ ਲਈ ਬ੍ਰਿਕਸ ਸਹਿਯੋਗ ਵਿੱਚ ਖਾਦਾਂ ਅਤੇ ਹੋਰ ਉਤਪਾਦਨ ਸਮੱਗਰੀ ਦੇ ਬਜ਼ਾਰਾਂ ਲਈ ਪਹਿਲਾਂ ਤੋਂ ਚੇਤਾਵਨੀ ਪ੍ਰਣਾਲੀ, ਭੰਡਾਰ ਅਤੇ ਕੀਮਤਾਂ 'ਤੇ ਪਾਰਦਰਸ਼ੀ ਜਾਣਕਾਰੀ ਅਤੇ ਜ਼ਰੂਰੀ ਖੇਤੀਬਾੜੀ ਸਮੱਗਰੀ ਦੀ ਸਪਲਾਈ ਵਿੱਚ ਅਚਾਨਕ ਆਉਣ ਵਾਲੀਆਂ ਰੁਕਾਵਟਾਂ ਨੂੰ ਘਟਾਉਣ ਦੀ ਵਿਵਸਥਾ ਸ਼ਾਮਲ ਹੋਣੀ ਚਾਹੀਦੀ ਹੈ।

ਤੀਜੀ ਤਰਜੀਹ ਬਿਹਤਰ ਬਜ਼ਾਰ ਜਾਣਕਾਰੀ ਹੈ। ਬ੍ਰਿਕਸ ਅਨਾਜ ਵਟਾਂਦਰੇ ਦਾ ਵਿਚਾਰ ਇਸ ਗੱਲ ਦੀ ਲੋੜ ਨੂੰ ਦਰਸਾਉਂਦਾ ਹੈ ਕਿ ਭੋਜਨ ਬਜ਼ਾਰਾਂ ਵਿੱਚ ਵਧੇਰੇ ਪਾਰਦਰਸ਼ਿਤਾ, ਬਿਹਤਰ ਕੀਮਤ ਸੰਕੇਤ ਅਤੇ ਭੋਜਨ ਸੁਰੱਖਿਆ ਦੀ ਤਿਆਰੀ ਹੋਣੀ ਚਾਹੀਦੀ ਹੈ। ਭਾਰਤ ਇਸ ਦਿਸ਼ਾ ਵਿੱਚ ਬ੍ਰਿਕਸ ਖੇਤੀਬਾੜੀ ਖੋਜ ਮੰਚ ਅੰਦਰ ਖੇਤੀਬਾੜੀ ਬਜ਼ਾਰ ਜਾਣਕਾਰੀ ਨਾਲ ਜੁੜੀ ਇੱਕ ਵਿਵਸਥਾ ਦਾ ਮਤਾ ਰੱਖ ਸਕਦਾ ਹੈ। ਇਹ ਮੰਚ ਪਹਿਲਾਂ ਤੋਂ ਹੀ 'ਗਿਆਨ ਨਾਲ ਕਾਰਜ' ਦੀ ਦਿਸ਼ਾ ਵਿੱਚ ਵਿਕਸਿਤ ਕੀਤਾ ਜਾ ਰਿਹਾ ਹੈ। ਅਜਿਹੀ ਵਿਵਸਥਾ ਖੁਰਾਕ ਭੰਡਾਰ, ਫਸਲ ਦੀ ਸਥਿਤੀ, ਖਾਦਾਂ ਦੀਆਂ ਕੀਮਤਾਂ, ਸ਼ਿਪਿੰਗ ਜੋਖਮਾਂ, ਭੋਜਨ ਸੁਰੱਖਿਆ ਅਤੇ ਪਸ਼ੂ-ਪੌਦ ਸਿਹਤ ਨਾਲ ਜੁੜੇ ਅਲਰਟ ਅਤੇ ਮੁੱਖ ਖੇਤੀਬਾੜੀ ਜਿਨਸਾਂ ਦੇ ਰੁਝਾਨਾਂ ਬਾਰੇ ਨਿਯਮਿਤ ਜਾਣਕਾਰੀ ਦੇ ਸਕਦੀ ਹੈ। ਇਸ ਨਾਲ ਦੇਸ਼ ਸੰਕਟ ਆਉਣ ਤੋਂ ਪਹਿਲਾਂ ਹੀ ਤਿਆਰੀ ਕਰ ਸਕਣਗੇ।

**ਵਪਾਰ ਨੂੰ ਕਿਸਾਨ-ਕੇਂਦ੍ਰਿਤ ਬਣਾਉਣਾ:** ਚੌਥੀ ਤਰਜੀਹ ਅਜਿਹੀਆਂ ਵੈਲਿਊ ਚੇਨਾਂ ਹੋਣੀਆਂ ਚਾਹੀਦੀਆਂ ਹਨ, ਜਿਨ੍ਹਾਂ ਵਿੱਚ ਛੋਟੇ ਕਿਸਾਨਾਂ, ਮਹਿਲਾਵਾਂ ਅਤੇ ਨੌਜਵਾਨਾਂ ਦੀ ਭਾਗੀਦਾਰੀ ਯਕੀਨੀ ਹੋਵੇ। ਜੇਕਰ ਖੇਤੀਬਾੜੀ ਵਪਾਰ ਸਿਰਫ਼ ਵੱਡੀ ਮਾਤਰਾ ਵਿੱਚ ਅਨਾਜ, ਤੇਲ, ਚੀਨੀ ਜਾਂ ਹੋਰ ਜਿਨਸਾਂ ਦੀ ਖਰੀਦ-ਵਿਕਰੀ ਤੱਕ ਸੀਮਤ ਰਹਿ ਗਿਆ, ਤਾਂ ਉਸ ਨਾਲ ਛੋਟੇ ਕਿਸਾਨਾਂ ਅਤੇ ਪੇਂਡੂ ਪਰਿਵਾਰਾਂ ਨੂੰ ਸੀਮਤ ਲਾਭ ਹੀ ਮਿਲੇਗਾ। ਐਗਰੀ-ਫੂਡ ਸਿਸਟਮਸ ਵਿੱਚ ਮਹਿਲਾਵਾਂ ਦੀ ਭੂਮਿਕਾ 'ਤੇ ਆਲਮੀ ਸੰਮੇਲਨ 2026 ਤੋਂ ਨਿਕਲੇ ਦਿੱਲੀ ਐਲਾਨ ਨੇ ਐਗਰੀ-ਫੂਡ ਸਿਸਟਮਸ ਵਿੱਚ ਮਹਿਲਾਵਾਂ ਦੀ ਭੂਮਿਕਾ, ਅਗਵਾਈ ਅਤੇ ਭਾਗੀਦਾਰੀ ਨੂੰ ਕੇਂਦਰ ਵਿੱਚ ਰੱਖਿਆ ਹੈ। ਭਾਰਤ ਇਸ ਭਾਵਨਾ ਨੂੰ ਬ੍ਰਿਕਸ ਦੇ ਖੇਤੀਬਾੜੀ ਵਪਾਰ ਏਜੰਡਾ ਵਿੱਚ ਅੱਗੇ ਵਧਾ ਸਕਦਾ ਹੈ, ਤਾਂ ਜੋ ਛੋਟੇ ਕਿਸਾਨਾਂ, ਖਾਸ ਕਰਕੇ ਮਹਿਲਾ ਕਿਸਾਨਾਂ ਅਤੇ ਪੇਂਡੂ ਨੌਜਵਾਨਾਂ ਨੂੰ ਸਿਰਫ਼ ਬਜ਼ਾਰ ਲਈ ਉਤਪਾਦਨ ਕਰਨ ਤੱਕ ਸੀਮਤ ਨਾ ਰੱਖਿਆ ਜਾਵੇ, ਸਗੋਂ ਉਨ੍ਹਾਂ ਨੂੰ ਵੈਲਿਊ ਚੇਨਾਂ ਵਿੱਚ ਵਧੇਰੇ ਪ੍ਰਭਾਵਸ਼ਾਲੀ ਭਾਗੀਦਾਰੀ ਦਾ ਮੌਕਾ ਮਿਲੇ। ਇਨ੍ਹਾਂ ਤਰਜੀਹਾਂ ਦਾ ਉਦੇਸ਼ ਭੋਜਨ ਪਦਾਰਥਾਂ ਨਾਲ ਜੁੜੇ ਕਿਸੇ ਬੰਦ ਗੁਟ ਦਾ ਨਿਰਮਾਣ ਕਰਨਾ ਨਹੀਂ ਹੈ। ਇਨ੍ਹਾਂ ਦਾ ਉਦੇਸ਼ ਇਹ ਯਕੀਨੀ ਕਰਨਾ ਹੈ ਕਿ ਖੇਤੀਬਾੜੀ ਵਪਾਰ ਇੱਕ ਅਨਿਸ਼ਚਿਤ ਦੁਨੀਆ ਵਿੱਚ ਭੋਜਨ ਸੁਰੱਖਿਆ, ਕਿਸਾਨਾਂ ਅਤੇ ਉਪਭੋਗਤਾਵਾਂ ਲਈ ਬਿਹਤਰ ਢੰਗ ਨਾਲ ਕੰਮ ਕਰੇ। ਭਾਰਤ ਇਸ ਏਜੰਡਾ ਨੂੰ ਆਕਾਰ ਦੇਣ ਦੀ ਦ੍ਰਿਸ਼ਟੀ ਨਾਲ ਸਹੀ ਸਥਿਤੀ ਵਿੱਚ ਹੈ ਕਿਉਂਕਿ ਉਸ ਨੂੰ ਭੋਜਨ ਸੁਰੱਖਿਆ ਦੇ ਪ੍ਰਬੰਧਨ, ਛੋਟੇ ਕਿਸਾਨਾਂ 'ਤੇ ਅਧਾਰਿਤ ਖੇਤੀਬਾੜੀ, ਡਿਜੀਟਲ ਪਬਲਿਕ ਇਨਫਰਾਸਟਰਕਚਰ ਅਤੇ ਖੇਤੀਬਾੜੀ ਖੋਜ ਦਾ ਵਧੀਆ ਅਨੁਭਵ ਹੈ।

ਭਾਰਤ ਦੀ ਬ੍ਰਿਕਸ ਪ੍ਰਧਾਨਗੀ ਇਸ ਏਜੰਡਾ ਨੂੰ ਵਿਵਹਾਰਕ ਰੂਪ ਦੇਣ ਦਾ ਸਮੇਂ ਸਿਰ ਮਿਲਿਆ ਮੌਕਾ ਹੈ। ਛੋਟੇ ਪਰ ਸੂਝ-ਬੂਝ ਦੇ ਕਦਮ ਵੀ ਸੰਕਟ ਸਮੇਂ ਖੇਤੀਬਾੜੀ ਵਪਾਰ ਨੂੰ ਵਧੇਰੇ ਭਰੋਸੇਮੰਦ, ਨਿਯਮਾਂ ਦੀ ਦ੍ਰਿਸ਼ਟੀ ਪੱਖੋਂ ਵਧੇਰੇ ਪਾਰਦਰਸ਼ੀ ਅਤੇ ਕਿਸਾਨਾਂ ਲਈ ਜ਼ਿਆਦਾ ਪਹੁੰਚਯੋਗ ਬਣਾ ਸਕਦੇ ਹਨ। ਇਹ ਵਧੇਰੇ ਮਜ਼ਬੂਤ, ਭਰੋਸੇਮੰਦ ਅਤੇ ਕਿਸਾਨ-ਕੇਂਦ੍ਰਿਤ ਖੇਤੀਬਾੜੀ ਵਪਾਰ ਵਿਵਸਥਾ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੋਵੇਗਾ।

**(ਆਈ.ਸੀ.ਏ.ਆਰ. ਦੇ ਡਾਇਰੈਕਟਰ ਜਨਰਲ ਅਤੇ ਡੀ.ਏ.ਆਰ.ਈ. ਦੇ ਸਕੱਤਰ ਹਨ)**

# ਫਾਈਬਰ ਅਰਥ-ਵਿਵਸਥਾ: ਭਾਰਤ ਦਾ ਅਗਲਾ ਵੱਡਾ ਗਲੋਬਲ ਮੌਕਾ

## "ਸਥਾਨਕ ਭਰਪੂਰਤਾ ਤੋਂ ਟਿਕਾਊ ਸਮੱਗਰੀਆਂ ਅਤੇ ਭਵਿੱਖ ਲਈ ਤਿਆਰ ਕੱਪੜਿਆਂ ਵਿੱਚ ਗਲੋਬਲ ਲੀਡਰਸ਼ਿਪ ਤੱਕ

**ਸ਼੍ਰੀ ਗਿਰੀਰਾਜ ਸਿੰਘ**

ਫਾਈਬਰ ਦੇ ਨਾਲ ਭਾਰਤ ਦਾ 5,000 ਸਾਲ ਪੁਰਾਣਾ ਸੱਭਿਅਤਾਗਤ ਸਬੰਧ ਹੈ, ਜੋ ਸਾਡੇ ਪਿੰਡਾਂ, ਪਰੰਪਰਾਵਾਂ ਅਤੇ ਸਾਂਝੀ ਪਛਾਣ ਵਿੱਚ ਡੂੰਘਾਈ ਨਾਲ ਬੁਣਿਆ ਹੋਇਆ ਹੈ। "ਬੁਣੀ ਹੋਈ ਹਵਾ" ਕਹਾਉਣ ਵਾਲੀ ਮੋਹਨਜੋਦੜੋ ਦੀ ਪ੍ਰਸਿੱਧ ਮਲਮਲ ਤੋਂ ਲੈ ਕੇ ਸਾਰੇ ਮਹਾਂਦੀਪਾਂ ਤੱਕ ਫੈਲੀ ਭਾਰਤੀ ਕਾਰੀਗਰੀ ਤੱਕ — ਫਾਈਬਰ ਹਮੇਸ਼ਾ ਤੋਂ ਸਾਡੀ ਪੇਂਡੂ ਅਰਥ-ਵਿਵਸਥਾ ਦੀ ਜੀਵਨ-ਰੇਖਾ ਰਿਹਾ ਹੈ। ਅੱਜ, ਜਦੋਂ ਦੁਨੀਆ ਗਲੋਬਲ ਸਥਿਰਤਾ ਦੀ ਕ੍ਰਾਂਤੀ ਦੇ ਕੰਢੇ 'ਤੇ ਖੜ੍ਹੀ ਹੈ, ਤਦ ਇਹੀ ਪ੍ਰਾਚੀਨ ਗਿਆਨ ਸਾਡੀ ਸਭ ਤੋਂ ਵੱਡੀ ਮੁਕਾਬਲੇਬਾਜ਼ੀ ਵਾਲੀ ਤਾਕਤ ਹੈ।

ਦਹਾਕਿਆਂ ਤੱਕ ਕੇਲੇ ਦੇ ਰੁੱਖ ਦੇ ਤਣੇ ਨੂੰ ਬੇਕਾਰ ਰਹਿੰਦ-ਖੂੰਹਦ ਮੰਨ ਕੇ ਸੁੱਟ ਦਿੱਤਾ ਜਾਂਦਾ ਸੀ। ਅੱਜ ਉਹੀ ਬਾਇਓਮਾਸ ਪ੍ਰੀਮੀਅਮ ਫਾਈਬਰ ਬਣ ਕੇ ਨਿਰਯਾਤ ਬਾਜ਼ਾਰਾਂ ਦੀ ਮੰਗ ਪੂਰੀ ਕਰ ਰਿਹਾ ਹੈ, ਪੇਂਡੂ ਆਜੀਵਿਕਾ ਨੂੰ ਸਮਰੱਥ ਬਣਾ ਰਿਹਾ ਹੈ ਅਤੇ ਇਸ ਖੇਤੀਬਾੜੀ ਰਹਿੰਦ-ਖੂੰਹਦ ਨੂੰ ਰਾਸ਼ਟਰੀ ਆਮਦਨ ਵਿੱਚ ਬਦਲ ਰਿਹਾ ਹੈ। ਰਹਿੰਦ-ਖੂੰਹਦ ਤੋਂ ਖ਼ੁਸ਼ਹਾਲੀ ਤੱਕ, ਸਥਾਨਕ ਭਰਪੂਰਤਾ ਤੋਂ ਗਲੋਬਲ ਮੌਕੇ ਤੱਕ: ਇਹੀ ਭਾਰਤ ਦੀ ਨਿਊ ਏਜ ਫਾਈਬਰ ਮੁਹਿੰਮ ਦਾ ਨਿਚੋੜ ਹੈ, ਜੋ ਹਰੀਆਂ ਸਮੱਗਰੀਆਂ ਅਤੇ ਭਵਿੱਖ ਲਈ ਤਿਆਰ ਕੱਪੜਿਆਂ ਵਿੱਚ ਭਾਰਤ ਨੂੰ ਗਲੋਬਲ ਲੀਡਰਸ਼ਿਪ ਵੱਲ ਅੱਗੇ ਵਧਾ ਰਿਹਾ ਹੈ। ਨਿਊ ਏਜ ਫਾਈਬਰ ਅਜਿਹੇ ਟਿਕਾਊ ਅਤੇ ਪੌਦਿਆਂ-ਅਧਾਰਿਤ ਪਦਾਰਥ ਹਨ, ਜੋ ਭਾਰਤ ਦੇ ਪਰੰਪਰਾਗਤ ਗਿਆਨ ਨੂੰ ਆਧੁਨਿਕ ਨਵੀਨਤਾ ਦੇ ਨਾਲ ਜੋੜਦੇ ਹਨ। ਬਾਂਸ, ਭੰਗ, ਕੇਲਾ, ਪੀਏਐੱਲਐੱਫ, ਫਲੈਕਸ, ਰੇਮੀ, ਸਿਸਲ, ਮਿਲਕਵੀਡ ਅਤੇ ਕਪੋਕ ਵਰਗੇ ਫਾਈਬਰ ਸਦੀਆਂ ਤੋਂ ਮੌਜੂਦ ਰਹੇ ਹਨ, ਪਰ ਹੁਣ ਇਨ੍ਹਾਂ ਨੂੰ ਟੈਕਸਟਾਈਲ ਉਦਯੋਗ, ਰੱਖਿਆ, ਬਾਇਓਡੀਗ੍ਰੇਡੇਬਲ ਕੰਪੋਜ਼ਿਟਸ ਅਤੇ ਪ੍ਰੀਮੀਅਮ ਉਤਪਾਦਾਂ ਵਿੱਚ ਉੱਚ-ਮੁੱਲ ਵਰਤੋਂ ਲਈ ਨਵੇਂ ਸਿਰੇ ਤੋਂ ਖੋਜਿਆ ਜਾ ਰਿਹਾ ਹੈ। ਇਹ ਹਰੇ-ਭਰੇ ਭਵਿੱਖ ਦੇ ਲਈ ਭਾਰਤ ਦੇ ਕੁਦਰਤੀ ਫਾਈਬਰ ਭੰਡਾਰ ਦਾ ਵਿਸਤਾਰ ਕਰ ਰਹੇ ਹਨ।

ਵਧਦੀ ਆਮਦਨ, ਗਲੋਬਲ ਸਥਿਰਤਾ ਸਬੰਧੀ ਲਾਜ਼ਮੀ ਜ਼ਰੂਰਤਾਂ ਅਤੇ ਟਰੇਸੇਬਲ ਸੋਰਸਿੰਗ ਦੀਆਂ ਜ਼ਰੂਰਤਾਂ ਗਲੋਬਲ ਸਪਲਾਈ ਚੇਨਾਂ ਨੂੰ ਪੂਰੀ ਤਰ੍ਹਾਂ ਬਦਲ ਰਹੀਆਂ ਹਨ ਅਤੇ ਇੱਕ ਨਵੀਂ ਫਾਈਬਰ ਅਰਥ-ਵਿਵਸਥਾ ਨੂੰ ਅੱਗੇ ਵਧਾ ਰਹੀਆਂ ਹਨ। ਉਪਭੋਗਤਾ ਹੁਣ ਆਪਣੇ ਪਹਿਨਣ ਵਾਲੇ ਕੱਪੜਿਆਂ ਵਿੱਚ ਆਰਾਮ, ਪਸੀਨਾ ਸੋਖਣ ਦੀ ਸਮਰੱਥਾ ਜਾਂ ਸਾਹ ਲੈਣ ਦੀ ਸਮਰੱਥਾ ਅਤੇ ਟਿਕਾਊਪਣ ਚਾਹੁੰਦੇ ਹਨ। ਇਹੀ ਮਹੱਤਵਪੂਰਨ ਬਦਲਾਅ ਭਾਰਤ ਵਿੱਚ ਫਾਈਬਰ ਦੀ ਖਪਤ ਨੂੰ ਅੱਜ ਦੇ 15 ਐੱਮਐੱਮਟੀ ਤੋਂ ਵਧਾ ਕੇ 2030 ਤੱਕ 23 ਐੱਮਐੱਮਟੀ ਤੱਕ ਲੈ ਕੇ ਜਾਣ ਵਾਲਾ ਹੈ। ਦੁਨੀਆ ਹੁਣ ਤੇਜ਼ੀ ਨਾਲ ਉਹੀ ਤਲਾਸ਼ ਰਹੀ ਹੈ, ਜੋ ਭਾਰਤ ਪ੍ਰਦਾਨ ਕਰ ਸਕਦਾ ਹੈ: ਨੈਤਿਕ, ਟਿਕਾਊ ਅਤੇ ਉੱਚ-ਪ੍ਰਦਰਸ਼ਨ ਵਾਲੇ ਕੁਦਰਤੀ ਫਾਈਬਰ, ਜੋ ਸਦੀਆਂ ਦੇ ਅਨੁਭਵ 'ਤੇ ਅਧਾਰਿਤ ਹਨ।

ਇਸ ਵਿਜ਼ਨ ਨੂੰ ਇੱਕ ਸਪੱਸ਼ਟ ਸੰਸਥਾਗਤ ਅਤੇ ਨੀਤੀਗਤ ਢਾਂਚੇ ਦਾ ਸਮਰਥਨ ਪ੍ਰਾਪਤ ਹੈ। ਸਾਲ 2026-2031 ਦੇ ਲਈ 5,664 ਕਰੋੜ ਰੁਪਏ ਦੇ ਕੁੱਲ ਖਰਚੇ ਵਾਲੇ "ਮਿਸ਼ਨ ਫਾਰ ਕਾਟਨ ਪ੍ਰੋਡਕਟੀਵਿਟੀ" ਦੇ ਤਹਿਤ ਨਿਊ ਏਜ ਫਾਈਬਰਸ ਦੇ ਲਈ 300 ਕਰੋੜ ਰੁਪਏ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਇਸ ਯਤਨ ਨੂੰ ਹੋਰ ਸਮਰੱਥ ਬਣਾਉਂਦੇ ਹੋਏ, ਕੇਂਦਰੀ ਬਜਟ 2026-27 ਵਿੱਚ ਐਲਾਨਿਆ ਗਿਆ 'ਰਾਸ਼ਟਰੀ ਫਾਈਬਰ ਮਿਸ਼ਨ' ਇੱਕ ਵਿਆਪਕ ਰਣਨੀਤਕ ਢਾਂਚਾ ਪ੍ਰਦਾਨ ਕਰਦਾ ਹੈ, ਜੋ ਚਾਰ ਪ੍ਰਮੁੱਖ ਥੰਮ੍ਹਾਂ: 'ਕ੍ਰਿਸ਼ੀ-ਸੂਤਰ' : ਖੇਤੀ ਅਤੇ ਕੱਚੇ ਮਾਲ ਦੇ ਵਿਕਾਸ ਦੇ ਲਈ, 'ਇਨਫਿਨਿਟੀ' : ਖੋਜ ਅਤੇ ਨਵੀਨਤਾ ਦੇ ਲਈ, 'ਗ੍ਰਾਮ-ਸੇਤੂ' : ਬੁਨਿਆਦੀ ਢਾਂਚੇ ਅਤੇ ਉੱਦਮ ਸਿਰਜਣ ਦੇ ਲਈ ਅਤੇ 'ਜੀਐੱਮਪੀਐੱਸ' - ਬ੍ਰਾਂਡਿੰਗ ਅਤੇ ਬਾਜ਼ਾਰ ਵਿਕਾਸ ਦੇ ਲਈ - 'ਤੇ ਅਧਾਰਿਤ ਹੈ।

ਇਸ ਨੀਤੀਗਤ ਢਾਂਚੇ ਦੀ ਤਾਕਤ ਦਹਾਕਿਆਂ ਤੋਂ ਜਾਰੀ ਵਿਗਿਆਨਿਕ ਖੋਜਾਂ ਵਿੱਚ ਸ਼ਾਮਲ ਹੈ, ਜਿਸ ਦੇ ਠੋਸ ਨਤੀਜੇ ਪਹਿਲਾਂ ਤੋਂ ਹੀ ਸਾਹਮਣੇ ਆ ਚੁੱਕੇ ਹਨ। ਮਿਲਕਵੀਡ (ਆਕ/ਮਦਾਰ), ਜਿਸ ਨੂੰ ਪਰੰਪਰਾਗਤ ਤੌਰ 'ਤੇ ਭਗਵਾਨ ਸ਼ਿਵ ਨੂੰ ਅਰਪਿਤ ਕੀਤਾ ਜਾਂਦਾ ਹੈ, ਨੌਰਦਰਨ ਇੰਡੀਆ ਟੈਕਸਟਾਈਲ ਰਿਸਰਚ ਐਸੋਸੀਏਸ਼ਨ (ਐੱਨਆਈਟੀਆਰਏ) ਵਿੱਚ 18 ਸਾਲਾਂ ਦੀ ਖੋਜ ਤੋਂ ਬਾਅਦ ਇੱਕ ਵੱਡੀ ਕਾਮਯਾਬੀ ਦੇ ਤੌਰ 'ਤੇ ਸਾਹਮਣੇ ਆਇਆ ਹੈ। ਹੁਣ ਇਸ ਦਾ ਉਪਯੋਗ ਰੱਖਿਆ ਖੇਤਰ ਵਿੱਚ, ਵਿਸ਼ੇਸ਼ ਤੌਰ 'ਤੇ -20 ਡਿਗਰੀ ਤਾਪਮਾਨ ਵਿੱਚ ਕੰਮ ਕਰਨ ਵਾਲੇ ਸੈਨਿਕਾਂ ਦੇ ਲਈ ਸਲੀਪਿੰਗ ਬੈਗ ਬਣਾਉਣ ਵਿੱਚ ਕੀਤਾ ਜਾ ਰਿਹਾ ਹੈ। ਇਹ ਸਲੀਪਿੰਗ ਬੈਗ ਆਪਣੇ ਪੌਲੀਏਸਟਰ ਵਿਕਲਪਾਂ ਦੀ ਤੁਲਨਾ ਵਿੱਚ 10% ਹਲਕੇ, ਉੱਨ ਨਾਲੋਂ ਵਧੇਰੇ ਗਰਮ ਅਤੇ ਸੀਐੱਲਓ/ਸੈੱਲ ਪ੍ਰਮਾਣਿਤ ਹਨ। 55 ਮਿਲੀਅਨ ਹੈਕਟੇਅਰ ਬੰਜਰ ਜ਼ਮੀਨ 'ਤੇ ਬਿਨਾਂ ਖਾਦ ਦੇ ਉਗਾਏ ਜਾਣ 'ਤੇ ਇਹ ਪੌਦਾ ਕਿਸਾਨਾਂ ਨੂੰ ਪ੍ਰਤੀ ਏਕੜ ਪ੍ਰਤੀ ਸਾਲ 1.5-2 ਲੱਖ ਰੁਪਏ ਤੱਕ ਦੀ ਆਮਦਨ ਪ੍ਰਦਾਨ ਕਰਨ ਦੀ ਸਮਰੱਥਾ ਰੱਖਦਾ ਹੈ।

ਕੇਲੇ ਦਾ ਫਾਈਬਰ ਪ੍ਰਤੀ ਸਾਲ ਲਗਭਗ 1.8 ਮਿਲੀਅਨ ਟਨ ਉਤਪਾਦਨ ਦੀ ਸਮਰੱਥਾ ਰੱਖਦਾ ਹੈ ਅਤੇ ਖੇਤੀਬਾੜੀ ਰਹਿੰਦ-ਖੂੰਹਦ ਤੋਂ ਕਿਸਾਨਾਂ ਨੂੰ ਵਾਧੂ ਆਮਦਨ ਪ੍ਰਦਾਨ ਕਰ ਸਕਦਾ ਹੈ, ਜਦੋਂ ਕਿ ਬਾਂਸ ਪ੍ਰਤੀ ਹੈਕਟੇਅਰ 60 ਟਨ ਤੱਕ ਬਾਇਓਮਾਸ ਉਤਪਾਦਨ ਕਰਨ ਦੀ ਸਮਰੱਥਾ ਰੱਖਦਾ ਹੈ, ਜਿਸ ਨਾਲ ਉੱਤਰ-ਪੂਰਬ ਭਾਰਤ ਦੇ ਲਈ ਵੱਡੇ ਮੌਕੇ ਪੈਦਾ ਹੋ ਰਹੇ ਹਨ। ਭੰਗ ਵੀ ਇੱਕ ਉੱਭਰਦਾ ਹੋਇਆ ਗਲੋਬਲ ਬਾਜ਼ਾਰ ਬਣ ਰਿਹਾ ਹੈ, ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਵਿੱਚ ਜਿਸ ਦੀ ਖੇਤੀ ਦੀ ਪਹਿਲਾਂ ਹੀ ਇਜਾਜ਼ਤ ਹੈ। ਫਲੈਕਸ, ਸਿਸਲ, ਰੇਮੀ, ਪੀਏਐੱਲਐੱਫ, ਨੇਟਲ ਅਤੇ ਕਪੋਕ ਵਰਗੇ ਫਾਈਬਰਾਂ ਦੇ ਨਾਲ ਮਿਲ ਕੇ ਇਹ ਸਾਰੇ ਭਾਰਤ ਦੇ ਟਿਕਾਊ ਅਤੇ ਕੁਦਰਤੀ ਫਾਈਬਰ ਅਧਾਰ ਦਾ ਨਿਰੰਤਰ ਵਿਸਤਾਰ ਕਰ ਰਹੇ ਹਨ।

ਇਸ ਵਿਗਿਆਨਿਕ ਗਤੀ ਨੂੰ ਅੱਗੇ ਵਧਾਉਂਦੇ ਹੋਏ, ਨਿਊ ਏਜ ਫਾਈਬਰਸ 'ਤੇ ਰਾਸ਼ਟਰੀ ਸੈਮੀਨਾਰ ਇੱਕ ਅਜਿਹੇ ਮੰਚ ਦੇ ਰੂਪ ਵਿੱਚ ਉੱਭਰਿਆ, ਜਿੱਥੇ ਵਿਗਿਆਨ, ਨੀਤੀ ਅਤੇ ਉੱਦਮ ਇਕੱਠੇ ਆ ਸਕਣ। ਇਸ ਨੇ ਖੋਜਕਰਤਾਵਾਂ, ਵਿਗਿਆਨੀਆਂ, ਉੱਦਮੀਆਂ, ਕਿਸਾਨ ਸੰਗਠਨਾਂ, ਉਦਯੋਗ ਜਗਤ ਦੇ ਦਿੱਗਜ਼ਾਂ ਅਤੇ ਨੀਤੀ-ਘਾੜਿਆਂ ਨੂੰ ਇੱਕ ਹੀ ਮੰਚ 'ਤੇ ਇਕੱਠਾ ਕੀਤਾ। ਸਾਰੇ ਦਸ ਤਰਜੀਹੀ ਫਾਈਬਰਾਂ ਨੂੰ ਕਵਰ ਕਰਨ ਵਾਲੀਆਂ ਤਿੰਨ ਟਾਸਕ ਫੋਰਸਾਂ ਦੀਆਂ ਰਿਪੋਰਟਾਂ ਜਾਰੀ ਕੀਤੀਆਂ ਗਈਆਂ, ਜਿਨ੍ਹਾਂ ਨੇ ਖੇਤਰੀ ਵਿਗਿਆਨ ਨੂੰ ਸਿੱਧੇ ਯੋਜਨਾਵਾਂ ਦੇ ਡਿਜ਼ਾਈਨ ਅਤੇ ਨਿਵੇਸ਼ ਦੀਆਂ ਤਰਜੀਹਾਂ ਵਿੱਚ ਬਦਲ ਦਿੱਤਾ। ਇਸ ਸੈਮੀਨਾਰ ਨੇ ਮਾਪਦੰਡਾਂ, ਪ੍ਰੋਸੈਸਿੰਗ ਬੁਨਿਆਦੀ ਢਾਂਚੇ ਅਤੇ ਸੰਸਥਾਗਤ ਫੰਡਿੰਗ ਵਿੱਚ ਮੌਜੂਦ ਖਾਮੀਆਂ ਦੀ ਵੀ ਸਪੱਸ਼ਟ ਰੂਪ ਵਿੱਚ ਪਛਾਣ ਕੀਤੀ, ਜੋ ਇੱਕ ਅਜਿਹੇ ਮਿਸ਼ਨ ਨੂੰ ਦਰਸਾਉਂਦਾ ਹੈ ਜੋ ਸਿਰਫ ਨੀਤੀ ਨਹੀਂ, ਸਗੋਂ ਅਸਲੀ ਅਮਲ 'ਤੇ ਕੇਂਦ੍ਰਿਤ ਹੈ। ਇਸ ਵਿੱਚ ਪ੍ਰਮੁੱਖ ਤਰਜੀਹਾਂ ਸਾਹਮਣੇ ਆਈਆਂ: ਉਤਪਾਦਨ ਨੂੰ ਪੰਜ ਸਾਲਾਂ ਵਿੱਚ 10,000 ਮੀਟ੍ਰਿਕ ਟਨ ਤੋਂ ਵਧਾ ਕੇ 10 ਲੱਖ ਮੀਟ੍ਰਿਕ ਟਨ ਤੱਕ ਪਹੁੰਚਾਉਣਾ, ਗੁਣਵੱਤਾ ਦੇ ਮਾਪਦੰਡਾਂ ਦਾ ਵਿਕਾਸ ਕਰਨਾ, ਮਸ਼ੀਨਰੀ ਦੇ ਦੇਸੀਕਰਨ ਨੂੰ ਉਤਸ਼ਾਹਿਤ ਕਰਨਾ, ਆਯਾਤ ਕੀਤੀ ਪ੍ਰੋਸੈਸਿੰਗ ਤਕਨੀਕ 'ਤੇ ਨਿਰਭਰਤਾ ਘੱਟ ਕਰਨਾ ਅਤੇ ਖੇਤੀ ਤੋਂ ਲੈ ਕੇ ਮੁੱਲ ਵਾਧੇ ਤੱਕ ਕਲਸਟਰ-ਅਧਾਰਿਤ ਫਾਈਬਰ ਈਕੋਸਿਸਟਮ ਦਾ ਨਿਰਮਾਣ ਕਰਨਾ। ਇਹ ਸਾਰੇ ਕਦਮ ਮਿਲ ਕੇ 'ਨਿਊ ਏਜ ਫਾਈਬਰਸ' ਨੂੰ ਪੇਂਡੂ ਖ਼ੁਸ਼ਹਾਲੀ ਅਤੇ ਟਿਕਾਊ ਵਿਕਾਸ ਦੇ ਲਈ ਇੱਕ ਸੰਪੂਰਨ ਸਰਕਾਰੀ ਮਿਸ਼ਨ ਬਣਾਉਂਦੇ ਹਨ।

ਸ਼ਾਇਦ ਸਭ ਤੋਂ ਵੱਧ ਬਦਲਾਅ ਲਿਆਉਣ ਵਾਲਾ ਕਾਰਜ 'ਫਾਈਬਰ ਬਲੈਂਡਿੰਗ' ਹੈ। ਭਾਰਤ ਦੀ ਅਸਲੀ ਤਾਕਤ ਕਿਸੇ ਇੱਕ ਫਾਈਬਰ ਵਿੱਚ ਨਹੀਂ, ਸਗੋਂ ਉਨ੍ਹਾਂ ਨੂੰ ਸਮਝਦਾਰੀ ਨਾਲ ਜੋੜਨ ਵਿੱਚ ਹੈ—ਜਿਵੇਂ ਥਰਮਲ ਹਲਕੇਪਣ ਦੇ ਲਈ ਮਿਲਕਵੀਡ, ਗਰਮਾਹਟ ਦੇ ਲਈ ਉੱਨ, ਸਾਹ ਲੈਣ ਦੀ ਸਮਰੱਥਾ ਦੇ ਲਈ ਬਾਂਸ ਅਤੇ ਨਰਮੀ ਦੇ ਲਈ ਕਪਾਹ। ਮਿਸ਼ਰਿਤ ਕੱਪੜਾ ਜਾਂ ਬਲੈਂਡੇਡ ਫੈਬਰਿਕ ਕੋਈ ਸਮਝੌਤਾ ਨਹੀਂ ਹੈ; ਇਹ ਪ੍ਰਦਰਸ਼ਨ ਨੂੰ ਬਿਹਤਰ ਬਣਾਉਣਾ ਹੈ - ਅਜਿਹੇ ਕੱਪੜੇ ਤਿਆਰ ਕਰਨਾ ਜੋ ਵਧੇਰੇ ਮਜ਼ਬੂਤ, ਵਧੇਰੇ ਸਮਾਰਟ ਅਤੇ ਵਧੇਰੇ ਟਿਕਾਊ ਹੋਣ, ਨਾਲ ਹੀ ਬਿਹਤਰ ਆਰਾਮ, ਪਸੀਨਾ ਸੋਖਣ ਦੀ ਸਮਰੱਥਾ, ਟਿਕਾਊਪਣ ਅਤੇ ਫੈਸ਼ਨ, ਜੀਵਨ-ਸ਼ੈਲੀ ਤੇ ਤਕਨੀਕੀ ਕੱਪੜਿਆਂ ਵਿੱਚ ਬਹੁ-ਉਪਯੋਗਤਾ ਪ੍ਰਦਾਨ ਕਰਨ। ਇਸ ਦੇ ਫਾਇਦੇ ਪੂਰੀ ਮੁੱਲ ਸ਼੍ਰੇਣੀ ਵਿੱਚ ਫੈਲਦੇ ਹਨ। ਉਪਭੋਗਤਾਵਾਂ ਨੂੰ ਬਿਹਤਰ ਆਰਾਮ ਅਤੇ ਕਾਰਜਸ਼ੀਲਤਾ ਮਿਲਦੀ ਹੈ, ਨਿਰਮਾਤਾਵਾਂ ਨੂੰ ਪ੍ਰੀਮੀਅਮ ਅਤੇ ਵਿਸ਼ੇਸ਼ ਉਤਪਾਦ ਵਿਕਸਿਤ ਕਰਨ ਦਾ ਮੌਕਾ ਮਿਲਦਾ ਹੈ ਅਤੇ ਕਿਸਾਨਾਂ ਨੂੰ ਵੱਖ-ਵੱਖ ਪ੍ਰਕਾਰ ਦੀ ਮੰਗ ਅਤੇ ਵਧੇਰੇ ਮਜ਼ਬੂਤ ਆਮਦਨ ਪ੍ਰਾਪਤ ਹੁੰਦੀ ਹੈ। ਭਾਰਤ ਦੇ ਲਈ, ਬਲੈਂਡਿੰਗ ਸਿਰਫ ਇੱਕ ਤਕਨੀਕੀ ਨਵੀਨਤਾ ਭਰ ਨਹੀਂ ਹੈ; ਇਹ ਕੱਚੇ ਫਾਈਬਰ ਦੀ ਸਪਲਾਈ ਤੋਂ ਗਲੋਬਲ ਪੱਧਰ 'ਤੇ ਮੁਕਾਬਲੇਬਾਜ਼, ਮੁੱਲ-ਵਾਧੇ ਅਤੇ ਭਾਰਤੀ ਪਛਾਣ ਨਾਲ ਜੁੜੇ ਬ੍ਰਾਂਡਾਂ ਤੱਕ ਪਹੁੰਚਣ ਦਾ ਇੱਕ ਪੁਲ ਹੈ।

ਅਸਲ ਵਿੱਚ, 'ਨਿਊ ਏਜ ਫਾਈਬਰ' ਮੁਹਿੰਮ ਜੀਵਨ ਨੂੰ ਬਦਲਣ, ਕਿਸਾਨਾਂ ਲਈ ਮੌਕਾ ਪੈਦਾ ਕਰਨ, ਪੇਂਡੂ ਆਜੀਵਿਕਾ ਨੂੰ ਸਮਰੱਥ ਬਣਾਉਣ, ਮਹਿਲਾਵਾਂ ਨੂੰ ਸਸ਼ਕਤ ਕਰਨ ਅਤੇ ਉੱਦਮੀਆਂ ਨੂੰ ਸਥਾਨਕ ਸਰੋਤਾਂ ਨਾਲ ਗਲੋਬਲ ਕਾਰੋਬਾਰ ਖੜ੍ਹਾ ਕਰਨ ਵਿੱਚ ਸਮਰੱਥ ਬਣਾਉਣ ਬਾਰੇ ਹੈ। ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ '5ਐੱਫ ਵਿਜ਼ਨ' —ਖੇਤ ਤੋਂ ਫਾਈਬਰ, ਫਾਈਬਰ ਤੋਂ ਫੈਕਟਰੀ, ਫੈਕਟਰੀ ਤੋਂ ਫੈਸ਼ਨ ਅਤੇ ਫੈਸ਼ਨ ਤੋਂ ਵਿਦੇਸ਼ ਤੱਕ — ਤੋਂ ਪ੍ਰੇਰਿਤ, ਭਾਰਤ ਦੀ ਗ੍ਰੀਨ ਫਾਈਬਰ ਕ੍ਰਾਂਤੀ ਕੋਈ ਦੂਰ ਦਾ ਸੁਪਨਾ ਨਹੀਂ ਹੈ। ਰਣਨੀਤੀ ਤੈਅ ਹੈ, ਸੰਸਥਾਵਾਂ ਸਰਗਰਮ ਹਨ, ਵਿਗਿਆਨ ਪ੍ਰਮਾਣਿਤ ਹੋ ਚੁੱਕਿਆ ਹੈ ਅਤੇ ਉੱਦਮੀ ਤਿਆਰ ਹਨ। ਅੱਜ ਭਾਰਤ ਜੋ ਕਰ ਰਿਹਾ ਹੈ — ਫਾਈਬਰ ਦਰ ਫਾਈਬਰ, ਮਿਸ਼ਰਣ ਦਰ ਮਿਸ਼ਰਣ, ਖੇਤਰ ਦਰ ਖੇਤਰ ਅਤੇ ਖੇਤ ਦਰ ਖੇਤ — ਆਪਣੀ ਟੈਕਸਟਾਈਲ ਗਾਥਾ ਦਾ ਅਗਲਾ ਮਹਾਨ ਅਧਿਆਇ ਲਿਖ ਰਿਹਾ ਹੈ।

**(ਲੇਖਕ ਕੇਂਦਰੀ ਟੈਕਸਟਾਈਲ ਮੰਤਰੀ ਹਨ। ਪ੍ਰਗਟ ਕੀਤੇ ਗਏ ਵਿਚਾਰ ਨਿੱਜੀ ਹਨ)**

## ਮਿੱਟੀ ਦੇ ਜਾਇਆਂ ਦੀ ਸਦੀਵੀ ਹੂਕ

# ਗਲੋਬਲ ਜੰਗਾਂ, ਸਿਸਟਮ ਦੀ ਬੇਰੁਖ਼ੀ ਤੇ ਕਿਸਾਨੀ ਦੀ ਬੇਬਸ ਤਕਦੀਰ



ਵਿਕਰਮਜੀਤ ਸਿੰਘ ਸਰਾ
ਮੋ : 9501477889

ਪੰਜਾਬ ਦੀ ਜਿਸ ਪਵਿੱਤਰ ਧਰਤੀ ਨੇ ਦਹਾਕਿਆਂ ਤੋਂ ਦੇਸ਼ ਦਾ ਢਿੱਡ ਭਰਿਆ ਹੈ, ਅੱਜ ਉਸੇ ਧਰਤੀ ਦੀ ਹਿੱਕ ਵਿੱਚੋਂ ਇੱਕ ਵੱਖਰੀ ਹੀ ਆਵਾਜ਼ ਉੱਠ ਰਹੀ ਹੈ। ਇਹ ਆਵਾਜ਼ ਕਿਸੇ ਬੰਪਰ ਫ਼ਸਲ ਦੀ ਖ਼ੁਸ਼ੀ ਜਾਂ ਮੰਡੀਆਂ ਵਿੱਚ ਲੱਗੇ ਅਨਾਜ ਦੇ ਅੰਬਾਰਾਂ ਦਾ ਜਸ਼ਨ ਨਹੀਂ, ਸਗੋਂ ਸਾਡੇ ਕਿਸਾਨਾਂ ਦੇ ਦਿਲ ਦੀ ਚੀਸ, ਹੱਕਾਂ ਦੀ ਲੜਾਈ ਅਤੇ ਸਦੀਵੀ ਬੇਬਸੀ ਦਾ ਇੱਕ ਅਜਿਹਾ ਹਉਕਾ ਹੈ, ਜਿਸ ਨੂੰ ਸੁਣ ਕੇ ਪੱਥਰ ਦਿਲ ਵੀ ਪਿਘਲ ਜਾਵੇ। ਅੰਮ੍ਰਿਤਸਰ, ਜਲੰਧਰ, ਸੰਗਰੂਰ ਤੋਂ ਲੈ ਕੇ ਮਲੋਟ ਤੱਕ, ਸੂਬੇ ਦਾ ਅੰਨਦਾਤਾ ਇੱਕ ਵਾਰ ਫਿਰ ਸੜਕਾਂ 'ਤੇ ਉਤਰਨ ਲਈ ਮਜਬੂਰ ਹੋ ਗਿਆ ਹੈ। ਪੰਜਾਬ ਦੀ ਕਿਰਸਾਨੀ ਨੂੰ ਨੀਝ ਨਾਲ ਦੇਖਦਿਆਂ ਅੱਜ ਦਿਲ ਖੂਨ ਦੇ ਹੰਝੂ ਰੋਂਦਾ ਹੈ। ਅੱਜ ਜਦੋਂ ਸਾਡਾ ਅੰਨਦਾਤਾ ਕੜਕਦੀ ਧੁੱਪ ਵਿੱਚ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਮੂਹਰੇ ਯੂਰੀਆ ਦੀਆਂ ਚਿੱਟੀਆਂ ਬੋਰੀਆਂ ਲਈ ਲਾਈਨਾਂ ਵਿੱਚ ਲੱਗ ਕੇ ਤਰਸ ਰਿਹਾ ਹੈ, ਤਾਂ ਇਹ ਸਿਰਫ਼ ਇੱਕ ਖਾਦ ਦੀ ਕਿੱਲਤ ਨਹੀਂ, ਬਲਕਿ ਸਾਡੇ ਪੂਰੇ ਸਿਸਟਮ ਦੇ ਫੇਲ੍ਹ ਹੋਣ ਦਾ ਪ੍ਰਤੀਕ ਹੈ। ਇਹ ਇਸ ਦੇਸ਼ ਦੀ ਸਭ ਤੋਂ ਵੱਡੀ ਵਿਡੰਬਨਾ ਹੈ ਕਿ ਇੱਕ ਨਿੱਕੀ ਜਿਹੀ ਸੂਈ ਜਾਂ ਮੋਬਾਈਲ ਦਾ ਕਵਰ ਬਣਾਉਣ ਵਾਲੀ ਫੈਕਟਰੀ ਦਾ ਮਾਲਕ ਵੀ ਆਪਣੀ ਚੀਜ਼ ਦੀ ਕੀਮਤ ਖ਼ੁਦ ਤੈਅ ਕਰਦਾ ਹੈ, ਪਰ ਪੂਰੇ ਮੁਲਕ ਨੂੰ ਅੰਨ ਦੇਣ ਵਾਲਾ ਕਿਸਾਨ ਆਪਣੀ ਛੇ ਮਹੀਨਿਆਂ ਦੀ ਰੱਤ-ਵੀਟਵੀਂ ਕਮਾਈ ਮੰਡੀ ਵਿੱਚ ਲੈ ਕੇ ਬੇਬਸ ਬੈਠਾ ਰਹਿੰਦਾ ਹੈ ਕਿ ਕੋਈ ਆ ਕੇ ਉਸਦੀ ਮਿਹਨਤ ਦਾ ਮੁੱਲ ਪਾਵੇ।

**ਝੋਨੇ ਦੀ ਲਵਾਈ 'ਤੇ ਯੂਰੀਆ ਦੀ ਵੱਡੀ ਘਾਟ** : ਇਸ ਸੀਜ਼ਨ ਵਿੱਚ ਪੰਜਾਬ ਅੰਦਰ ਲਗਭਗ 30 ਲੱਖ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਕਾਸ਼ਤ ਕੀਤੀ ਜਾ ਰਹੀ ਹੈ, ਜਿਸ ਲਈ ਘੱਟੋ-ਘੱਟ 15 ਲੱਖ ਟਨ ਯੂਰੀਆ ਦੀ ਲੋੜ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਸੂਬੇ ਦੇ ਸਟਾਕ ਵਿੱਚ ਇਸ ਵੇਲੇ ਸਿਰਫ਼ 4 ਲੱਖ ਟਨ ਯੂਰੀਆ ਹੀ ਉਪਲਬਧ ਹੈ, ਜਿਸ ਕਾਰਨ ਝੋਨੇ ਦੀ ਲਵਾਈ ਦੇ ਮੁੱਖ ਦਿਨਾਂ ਵਿੱਚ ਹੀ ਸੂਬਾ 11 ਲੱਖ ਟਨ ਦੀ ਵੱਡੀ ਘਾਟ ਦਾ ਸਾਹਮਣਾ ਕਰ ਰਿਹਾ ਹੈ। ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ ਤੋਂ ਲੈ ਕੇ ਮਾਲਵਾ ਦੇ ਦੋਆਬਾ ਦੇ ਲੁਧਿਆਣਾ, ਮਾਨਸਾ, ਸੰਗਰੂਰ ਅਤੇ ਜਲੰਧਰ ਵਰਗੇ ਜ਼ਿਲ੍ਹਿਆਂ ਵਿੱਚ ਲਵਾਈ ਦਾ ਕੰਮ ਜ਼ੋਰਾਂ 'ਤੇ ਹੈ ਅਤੇ ਅਜਿਹੇ ਦੇ ਹਫ਼ਤਿਆਂ ਵਿੱਚ ਫ਼ਸਲ ਨੂੰ ਨਾਈਟਰੋਜਨ ਦੀ ਪਹਿਲੀ ਭਾਰੀ ਖੁਰਾਕ ਚਾਹੀਦੀ ਹੈ, ਜਿਸਦੀ ਸਪਲਾਈ ਨਾ ਹੋਣ 'ਤੇ ਝਾੜ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ।

**ਕੀ ਸਰਕਾਰਾਂ ਨੂੰ ਇਸ ਸੀਜ਼ਨ ਦਾ ਪਹਿਲਾਂ ਪਤਾ ਨਹੀਂ ਸੀ ?** : ਸਭ ਤੋਂ ਵੱਡਾ ਅਤੇ ਗੰਭੀਰ ਸਵਾਲ ਇਹ ਉੱਠਦਾ ਹੈ ਕਿ ਕੀ ਸਰਕਾਰਾਂ, ਖੇਤੀਬਾੜੀ ਵਿਭਾਗ ਅਤੇ ਉਹਨਾਂ ਦੇ ਵੱਡੇ-ਵੱਡੇ ਅਫ਼ਸਰਾਂ ਨੂੰ ਇਹ ਇਲਮ ਨਹੀਂ ਸੀ ਕਿ ਜੂਨ ਮਹੀਨੇ ਪੰਜਾਬ ਵਿੱਚ ਝੋਨਾ ਲੱਗਣਾ ਹੈ? ਖੇਤੀਬਾੜੀ ਦਾ ਇਹ ਸੀਜ਼ਨ ਕੋਈ ਅਚਾਨਕ ਆਈ ਆਫ਼ਤ ਨਹੀਂ ਹੈ, ਇਹ ਹਰ ਸਾਲ ਇਸੇ ਤਰੀਕ ਤੇ ਇਸੇ ਮਹੀਨੇ ਆਉਂਦਾ ਹੈ। ਜਦੋਂ ਸਰਕਾਰ ਕੋਲ ਪੂਰਾ ਅੰਕੜਾ ਹੁੰਦਾ ਹੈ ਕਿ ਕਿੰਨੇ ਲੱਖ ਹੈਕਟੇਅਰ ਵਿੱਚ ਝੋਨਾ ਲੱਗਣਾ ਹੈ ਅਤੇ ਕਿੰਨੇ ਲੱਖ ਟਨ ਖਾਦ ਦੀ ਲੋੜ ਪੈਣੀ ਹੈ, ਤਾਂ ਪਹਿਲਾਂ ਤੋਂ ਪ੍ਰਬੰਧ ਕਿਉਂ ਨਹੀਂ ਕੀਤੇ ਗਏ? ਅਫ਼ਸਰਸ਼ਾਹੀ ਦਾ ਇਹ ਕਹਿ ਕੇ ਪੱਲਾ ਝਾੜ ਲੈਣਾ ਕਿ "ਸਪਲਾਈ ਪਿੱਛੋਂ ਬੰਦ ਹੈ", ਉਹਨਾਂ ਦੀ ਅਣਗਹਿਲੀ ਨੂੰ ਛੁਪਾ ਨਹੀਂ ਸਕਦਾ। ਇਹ ਸਿੱਧੇ ਤੌਰ 'ਤੇ ਐਡਵਾਂਸ ਪਲੈਨਿੰਗ ਦੀ ਨਾਕਾਮੀ ਹੈ।

**ਕੀ ਕਿਸਾਨਾਂ ਨੂੰ ਜਾਣ-ਬੁੱਝ ਕੇ ਪਰੇਸ਼ਾਨ ਕੀਤਾ ਜਾ ਰਿਹਾ ਹੈ?** : ਜਦੋਂ ਹਰ ਸੀਜ਼ਨ ਵਿੱਚ ਕਿਸਾਨ ਨੂੰ ਕਦੇ ਬੀਜ ਲਈ, ਕਦੇ ਡੀਜ਼ਲ ਲਈ, ਕਦੇ ਬਿਜਲੀ ਲਈ ਅਤੇ ਹੁਣ ਯੂਰੀਆ ਖਾਦ ਲਈ ਸੜਕਾਂ 'ਤੇ ਆਉਣਾ ਪੈਂਦਾ ਹੈ, ਤਾਂ ਆਮ ਲੋਕਾਂ ਅਤੇ ਕਿਸਾਨਾਂ ਦੇ ਮਨ ਵਿੱਚ ਇਹ ਸ਼ੱਕ ਪੱਕਾ ਹੋ ਜਾਂਦਾ ਹੈ ਕਿ ਕੀ ਇਹ ਸਭ ਕਿਸਾਨਾਂ ਨੂੰ ਜਾਣ-ਬੁੱਝ ਕੇ ਖੁਆਰ ਕਰਨ ਲਈ ਕੀਤਾ ਜਾ ਰਿਹਾ ਹੈ? ਦੇਸ਼ ਦੇ ਅੰਨਦਾਤੇ ਨੂੰ ਹਰ ਛੇ ਮਹੀਨੇ ਬਾਅਦ ਮੰਗਤਿਆਂ ਵਾਂਗ ਲਾਈਨਾਂ ਵਿੱਚ ਖੜ੍ਹਾ ਕਰਨਾ, ਉਸ ਦੀ ਸਵੈ-ਮਾਣ ਨੂੰ ਸੱਟ ਮਾਰਨਾ ਅਤੇ ਹੱਕ ਮੰਗਣ 'ਤੇ ਉਹਨਾਂ 'ਤੇ ਪੁਲਿਸ ਦੀ ਮੁਸਤੈਦੀ ਦਿਖਾਉਣੀ ਕੀ ਇਹ ਕਿਸਾਨੀ ਦੀ ਆਵਾਜ਼ ਅਤੇ ਉਹਨਾਂ ਦੇ ਹੌਂਸਲੇ ਨੂੰ ਤੋੜਨ ਦੀ ਕੋਈ ਡੂੰਘੀ ਸਾਜ਼ਿਸ਼ ਹੈ? ਜੇਕਰ ਨੀਅਤ ਸਾਫ਼ ਹੋਵੇ ਤਾਂ ਦੇਸ਼ ਦਾ ਢਿੱਡ ਭਰਨ ਵਾਲੇ ਨੂੰ ਕਦੇ ਵੀ ਆਪਣੇ ਹੱਕੀ ਪ੍ਰਬੰਧਾਂ ਲਈ ਸੜਕਾਂ 'ਤੇ ਰੁਲਣਾ ਨਾ ਪਵੇ।

**ਗਲੋਬਲ ਜੰਗਾਂ ਦੀ ਮਾਰ ਪੰਜਾਬ ਦੇ ਖੇਤਾਂ 'ਤੇ** : ਇਸ ਵਾਰ ਲੜਾਈ ਕਿਸੇ ਸਥਾਨਕ ਕਾਨੂੰਨ ਵਿਰੁੱਧ ਨਹੀਂ, ਬਲਕਿ ਹਜ਼ਾਰਾਂ ਮੀਲ ਦੂਰ ਪੱਛਮੀ ਏਸ਼ੀਆ ਵਿੱਚ ਚੱਲ ਰਹੀ ਅਮਰੀਕਾ-ਇਜ਼ਰਾਈਲ ਅਤੇ ਈਰਾਨ ਦੀ ਜੰਗ ਵਿਰੁੱਧ ਹੈ। ਇਸ ਕੌਮਾਂਤਰੀ ਖਿੱਚੋਤਾਣ ਕਾਰਨ 'ਹੋਰਮੁਜ਼ ਦੇ ਜਲਡਮਰੂ' ਵਰਗੇ ਸਮੁੰਦਰੀ ਰਸਤਿਆਂ ਰਾਹੀਂ ਵਪਾਰਕ ਜਹਾਜ਼ਾਂ ਦੀ ਆਵਾਜਾਈ ਠੱਪ ਹੈ, ਕਤਰ ਦੇ ਯੂਰੀਆ ਪਲਾਂਟ ਬੰਦ ਪਏ ਹਨ ਅਤੇ ਖਾੜੀ ਦੇਸ਼ਾਂ ਵਿੱਚ ਗੈਸ ਦੀ ਸਪਲਾਈ ਰੁਕਣ ਕਾਰਨ ਪਾਈਪਲਾਈ, ਨੰਗਲ ਅਤੇ ਬਠਿੰਡਾ ਦੇ ਸਾਡੇ ਆਪਣੇ ਕਾਰਖਾਨੇ ਕੱਚੇ ਮਾਲ ਨੂੰ ਤਰਸ ਰਹੇ ਹਨ।

**ਜ਼ਮੀਨੀ ਪੱਧਰ 'ਤੇ ਕਾਲਾਬਾਜ਼ਾਰੀ ਅਤੇ ਕਿਸਾਨਾਂ ਦੀ ਲੁੱਟ** : ਜਦੋਂ ਵੀ ਅਜਿਹੀ ਕੋਈ ਕਿੱਲਤ ਹੁੰਦੀ ਹੈ, ਤਾਂ ਮੁਨਾਫ਼ਾਖੋਰ ਸਰਗਰਮ ਹੋ ਕੇ ਛੋਟੇ ਕਿਸਾਨਾਂ ਦੀ ਮਜਬੂਰੀ ਦਾ ਫਾਇਦਾ ਚੁੱਕਦੇ ਹਨ। ਸਰਕਾਰ ਵੱਲੋਂ ਯੂਰੀਆ ਦੇ ਇੱਕ ਬੈਗ ਦੀ ਕੀਮਤ ਰੁ. 267 ਤੈਅ ਕੀਤੀ ਗਈ ਹੈ, ਪਰ ਪ੍ਰਾਈਵੇਟ ਡੀਲਰ ਕਿਸਾਨਾਂ ਨੂੰ ਜ਼ਬਰਦਸਤੀ ਨੈਨੋ-ਯੂਰੀਆ ਦੀਆਂ ਬੋਤਲਾਂ ਜਾਂ ਹੋਰ ਮਹਿੰਗੀਆਂ ਦਵਾਈਆਂ ਨਾਲ ਖਰੀਦਣ ਲਈ ਮਜਬੂਰ ਕਰ ਰਹੇ ਹਨ, ਜਿਸ ਕਾਰਨ ਗਰੀਬ ਕਿਸਾਨ ਦੀ ਜੇਬ 'ਤੇ ਦੋਹਰਾ ਡਾਕਾ ਮਾਰਿਆ ਜਾ ਰਿਹਾ ਹੈ।

**ਕੁਦਰਤ ਦੀ ਕਰੋਪੀ ਅਤੇ ਚੌਤਰਫ਼ਾ ਮਾਰ** : ਕਿਸਾਨ ਦੀ ਫ਼ਸਲ ਕਿਸੇ ਫੈਕਟਰੀ ਦੀ ਸੁਰੱਖਿਅਤ ਛੱਤ ਹੇਠ ਨਹੀਂ ਬਣਦੀ, ਉਹ ਖੁੱਲ੍ਹੇ ਅਸਮਾਨ ਹੇਠ ਹੁੰਦੀ ਹੈ, ਜਿੱਥੇ ਬੇਮੌਸਮੀ ਮੀਂਹ ਜਾਂ ਦਰਿਆਵਾਂ ਦੇ ਬੰਨ੍ਹ ਟੁੱਟਣ ਨਾਲ ਹਜ਼ਾਰਾਂ ਏਕੜ ਫ਼ਸਲ ਪਾਣੀ ਵਿੱਚ ਡੁੱਬ ਜਾਂਦੀ ਹੈ। ਦੂਜੇ ਪਾਸੇ, ਜੇ ਮੀਂਹ ਨਾ ਪਵੇ ਤਾਂ ਟਿਊਬਵੈੱਲਾਂ ਰਾਹੀਂ ਪਾਣੀ ਕੱਢਣ ਲਈ ਦਿਨ-ਰਾਤ ਮਹਿੰਗਾ ਡੀਜ਼ਲ ਫੂਕਣਾ ਪੈਂਦਾ ਹੈ ਅਤੇ ਜੇਕਰ ਪੱਕਣ 'ਤੇ ਆਈ ਕਣਕ ਜਾਂ ਝੋਨੇ 'ਤੇ ਅਚਾਨਕ ਗੜੇ ਪੈ ਜਾਣ, ਤਾਂ ਛੇ ਮਹੀਨੇ ਦੀ ਉਮੀਦ ਮਿੰਟਾਂ ਵਿੱਚ ਖ਼ਾਕ ਹੋ ਜਾਂਦੀ ਹੈ।

**ਆਖਿਰ ਕੀ ਗਲਤੀ ਹੋਈ ਹੈ ਕਿਸਾਨ ਤੋਂ ਜੋ ਪਰਮਾਤਮਾ ਦੀ ਏਨੀ ਕਰੋਪੀ ਸਹਿ ਰਿਹਾ ਹੈ?** : ਮਨ ਵਿੱਚ ਸਵਾਲ ਉੱਠਦਾ ਹੈ ਕਿ ਦੇਸ਼ ਦਾ ਪੇਟ ਭਰਨ ਵਾਲੇ ਇਸ ਮਾਸੂਮ ਅੰਨਦਾਤੇ ਤੋਂ ਆਖਿਰ ਅਜਿਹੀ ਕਿਹੜੀ ਭੁੱਲ ਹੋ ਗਈ ਹੈ, ਜੋ ਕੁਦਰਤ ਵੀ ਉਸ 'ਤੇ ਰਹਿਮ ਨਹੀਂ ਕਰ ਰਹੀ? ਜਦੋਂ ਤਪਦੀ ਗਰਮੀ ਵਿੱਚ ਹੱਡ ਗਾਲ ਕੇ ਫ਼ਸਲ ਪਾਲੀਦੀ ਹੈ, ਤਾਂ ਪੱਕਣ ਵੇਲੇ ਅਸਮਾਨੋਂ ਕਹਿਰ ਦੇ ਗੋਲੇ ਜਾਂ ਗੜੇ ਵਰ੍ਹ ਜਾਂਦੇ ਹਨ। ਸ਼ਾਇਦ ਕਿਸਾਨ ਦੀ ਸਭ ਤੋਂ ਵੱਡੀ "ਗਲਤੀ" ਇਹੀ ਹੈ ਕਿ ਉਹ ਹਰ ਰੋਜ਼ ਕੁਦਰਤ ਦੇ ਜੂਏ ਅੱਗੇ ਆਪਣੀ ਕਿਸਮਤ ਦਾ ਦਾਅ ਲਗਾਉਂਦਾ ਹੈ, ਬਿਨਾਂ ਇਹ ਜਾਣੇ ਕਿ ਅਗਲੇ ਪਲ ਮੌਸਮ ਕੀ ਰੰਗ ਦਿਖਾਏਗਾ। ਉਹ ਸਭ ਦਾ ਭਲਾ ਮੰਗਦਾ ਹੈ, ਪਰ ਬਦਲੇ ਵਿੱਚ ਉਸਨੂੰ ਸਿਰਫ਼ ਬੇਯਕੀਨੀ ਤੇ ਦੁੱਖ ਹੀ ਮਿਲਦੇ ਹਨ।

**ਡਿਵੈਲਪਮੈਂਟ ਅਤੇ ਹਾਈਵੇਜ਼ ਦੀ ਬਲੀ ਚੜ੍ਹਦੀਆਂ ਘਟਦੀਆਂ ਜ਼ਮੀਨਾਂ** : ਪੀੜ੍ਹੀ-ਦਰ-ਪੀੜ੍ਹੀ ਪਰਿਵਾਰ ਵਧਣ ਨਾਲ ਜ਼ਮੀਨਾਂ ਦੀ ਵੰਡ ਤਾਂ ਪਹਿਲਾਂ ਹੀ ਹੋ ਰਹੀ ਸੀ, ਪਰ ਹੁਣ ਰਹੀ-ਸਹੀ ਕਸਰ 'ਤਰੱਕੀ' (Development) ਦੇ ਨਾਂ 'ਤੇ ਬਣ ਰਹੇ ਐਕਸਪ੍ਰੈਸਵੇਅ, ਚੌੜੀਆਂ ਸੜਕਾਂ ਅਤੇ ਵੱਡੇ ਪ੍ਰੋਜੈਕਟਾਂ ਨੇ ਪੂਰੀ ਕਰ ਦਿੱਤੀ ਹੈ। ਪੰਜਾਬ ਦੀਆਂ ਸਭ ਤੋਂ ਉਪਜਾਊ ਜ਼ਮੀਨਾਂ ਅੱਜ ਸੜਕਾਂ ਦੀ ਬਲੀ ਚੜ੍ਹ ਗਈਆਂ ਹਨ। ਕਿਸਾਨ ਕੋਲੋਂ ਉਸਦੀ ਮਾਂ ਵਰਗੀ ਜ਼ਮੀਨ ਖੋਹ ਕੇ ਕੰਕਰੀਟ ਦੇ ਜੰਗਲ ਖੜ੍ਹੇ ਕੀਤੇ ਜਾ ਰਹੇ ਹਨ, ਜਿਸ ਕਾਰਨ ਛੋਟੀ ਹੁੰਦੀ ਜਾ ਰਹੀ ਕਿਸਾਨੀ ਹੁਣ ਮਹਿਜ਼ 2-3 ਏਕੜ 'ਤੇ ਸਿਮਟ ਕੇ ਰਹਿ ਗਈ ਹੈ। ਇਸ ਛੋਟੇ ਰਕਬੇ ਵਿੱਚ ਮਹਿੰਗੇ ਟਰੈਕਟਰਾਂ ਅਤੇ ਮਸ਼ੀਨਰੀ ਦਾ ਬੋਝ ਚੁੱਕਣਾ ਕਿਸਾਨ ਨੂੰ ਕਰਜ਼ੇ ਦੇ ਉਸ ਅੰਧਕਾਰ ਵਿੱਚ ਧੱਕ ਦਿੰਦਾ ਹੈ ਜਿੱਥੋਂ ਵਾਪਸੀ ਦਾ ਕੋਈ ਰਾਹ ਨਹੀਂ ਲੱਭਦਾ।

**ਬਿਮਾਰੀਆਂ ਤੇ ਨਕਲੀ ਦਵਾਈਆਂ ਦਾ ਡੰਗ** : ਫ਼ਸਲਾਂ ਨੂੰ ਲੱਗਣ ਵਾਲੀਆਂ ਨਵੀਆਂ-ਨਵੀਆਂ ਬਿਮਾਰੀਆਂ, ਜਿਵੇਂ ਨਰਮੇ 'ਤੇ ਚਿੱਟੀ ਮੱਖੀ, ਝੋਨੇ ਵਿੱਚ 'ਬੌਣਾ ਰੋਗ' ਅਤੇ ਕਣਕ 'ਤੇ ਗੁਲਾਬੀ-ਸੁੰਡੀ ਦਾ ਪ੍ਰਕੋਪ ਕਿਸਾਨ ਦਾ ਲੱਕ ਤੋੜ ਦਿੰਦਾ ਹੈ। ਇਹਨਾਂ ਬਿਮਾਰੀਆਂ ਨਾਲ ਲੜਦਿਆਂ ਕਿਸਾਨ ਕਈ-ਕਈ ਵਾਰ ਸਪ੍ਰੇਅ ਕਰਦਾ ਹੈ, ਪਰ ਬਜ਼ਾਰ ਵਿੱਚ ਵਿਕਦਾ ਨਕਲੀ ਕੀਟਨਾਸ਼ਕ ਦਵਾਈਆਂ ਉਸ ਨੂੰ ਆਰਥਿਕ ਤੌਰ 'ਤੇ ਤਬਾਹ ਕਰ ਦਿੰਦੀਆਂ ਹਨ ਕਿਉਂਕਿ ਪੈਸਾ ਵੀ ਲੱਗ ਜਾਂਦਾ ਹੈ ਤੇ ਫ਼ਸਲ ਵੀ ਨਹੀਂ ਬਚਦੀ।

**ਮੰਡੀਕਰਨ ਦੇ ਚੱਕਰਵਿਊ ਵਿੱਚ ਆਪਣੀ ਹੀ ਜਿਣਸ ਲਈ ਬੇਬਸੀ** : ਕਿਸਾਨ ਬਾਜ਼ਾਰ ਦੇ ਉਸ ਅਜੀਬ ਨਿਯਮ ਵਿੱਚ ਫਸਿਆ ਹੋਇਆ ਹੈ, ਜਿੱਥੇ ਉਹ ਖਰੀਦਣ ਵੇਲੇ ਵੀ ਲੁੱਟਿਆ ਜਾਂਦਾ ਹੈ ਤੇ ਵੇਚਣ ਵੇਲੇ ਵੀ। ਬੀਜ, ਖਾਦ ਅਤੇ ਲੇਬਰ ਦੇ ਖਰਚੇ ਕਿਸਾਨ ਮਹਿੰਗੇ ਭਾਅ 'ਤੇ ਕੰਪਨੀਆਂ ਦੇ ਤੈਅ ਮੁੱਲ ਅਨੁਸਾਰ ਖਰੀਦਦਾ ਹੈ, ਪਰ ਜਦੋਂ ਫ਼ਸਲ ਮੰਡੀ ਵਿੱਚ ਆਉਂਦੀ ਹੈ, ਤਾਂ ਐਮ.ਐਸ.ਪੀ. ਜਾਂ ਵਪਾਰੀ ਤੈਅ ਕਰਦੇ ਹਨ ਕਿ ਕਿਸਾਨ ਨੂੰ ਕੀ ਮਿਲੇਗਾ, ਜਿਸ ਕਾਰਨ ਉਹ ਹਮੇਸ਼ਾ ਆੜ੍ਹਤੀਆਂ ਦੇ ਕਰਜ਼ੇ ਹੇਠ ਦੱਬਿਆ ਰਹਿੰਦਾ ਹੈ।

**ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਬੇਰੁਖ਼ੀ** : ਕੇਂਦਰ ਸਰਕਾਰ ਹਮੇਸ਼ਾ ਐਮ.ਐਸ.ਪੀ. ਦੇ ਨਾਂ 'ਤੇ ਸਿਰਫ਼ ਸਿਆਸਤ ਕਰਦੀ ਆਈ ਹੈ ਅਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ (32+50% ਫਾਰਮੂਲਾ) ਨੂੰ ਲਾਗੂ ਨਾ ਕਰਨਾ ਕਿਸਾਨੀ ਨਾਲ ਸਭ ਤੋਂ ਵੱਡਾ ਧ੍ਰੋਹ ਹੈ। ਇਸ ਤੋਂ ਇਲਾਵਾ, ਦਹਾਕਿਆਂ ਤੋਂ ਖਾਦਾਂ ਦੇ ਮਾਮਲੇ ਵਿੱਚ ਭਾਰਤ ਨੂੰ ਆਤਮਨਿਰਭਰ ਬਣਾਉਣ ਲਈ ਦੇਸ਼ ਅੰਦਰ ਲੋੜੀਂਦੇ ਉਤਪਾਦਨ ਪਲਾਂਟ ਨਹੀਂ ਲਗਾਏ ਗਏ, ਜਿਸ ਕਾਰਨ ਅੱਜ ਸਾਡੇ ਕਿਸਾਨ ਨੂੰ ਵਿਦੇਸ਼ੀ ਜੰਗਾਂ ਦਾ ਖ਼ਮਿਆਜ਼ਾ ਭੁਗਤਣਾ ਪੈ ਰਿਹਾ ਹੈ।

**ਰਾਜ ਸਰਕਾਰ ਦੀ ਪ੍ਰਸ਼ਾਸਨਿਕ ਸੁਸਤੀ** : ਜਦੋਂ ਪ੍ਰਾਈਵੇਟ ਡੀਲਰ ਯੂਰੀਆ ਦੀ ਕਾਲਾਬਾਜ਼ਾਰੀ ਕਰਦੇ ਹਨ, ਤਾਂ ਰਾਜ ਦਾ ਖੇਤੀਬਾੜੀ ਵਿਭਾਗ ਸਿਰਫ਼ ਨਾਮਾਤਰ ਛਾਪੇਮਾਰੀ ਕਰਦਾ ਹੈ, ਜਦਕਿ ਲੋੜ ਹੈ ਕਿ ਅਜਿਹੇ ਡੀਲਰਾਂ ਦੇ ਲਾਇਸੈਂਸ ਤੁਰੰਤ ਰੱਦ ਕੀਤੇ ਜਾਣ। ਇਸ ਦੇ ਨਾਲ ਹੀ, ਹੜ੍ਹ ਜਾਂ ਸੋਕੇ ਦੀ ਸੂਰਤ ਵਿੱਚ ਗਿਰਦਾਵਰੀ ਅਤੇ ਮੁਆਵਜ਼ੇ ਦੀ ਪ੍ਰਕਿਰਿਆ ਇੰਨੀ ਲੰਬੀ ਅਤੇ ਸੁਸਤ ਹੁੰਦੀ ਹੈ ਕਿ ਮਿਲਣ ਵਾਲੀ ਮਾਮੂਲੀ ਰਕਮ ਕਿਸਾਨ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਬਰਾਬਰ ਸਾਬਿਤ ਹੁੰਦੀ ਹੈ।

**ਸਮਾਜਿਕ ਤ੍ਰਾਸਦੀ ਅਤੇ ਪਿੰਡਾਂ ਦਾ ਉਜਾੜਾ** : ਖੇਤੀ ਵਿੱਚੋਂ ਆਮਦਨ ਪੱਕੀ ਨਾ ਹੋਣ ਕਾਰਨ ਅੱਜ ਪੰਜਾਬ ਦਾ ਕਿਸਾਨ ਆਪਣੇ ਬੱਚਿਆਂ ਨੂੰ ਇਸ ਹੱਡ-ਭੰਨਵੀਂ ਮਿਹਨਤ ਵਿੱਚ ਨਹੀਂ ਪਾਉਣਾ ਚਾਹੁੰਦਾ, ਜਿਸ ਕਾਰਨ ਪੰਜਾਬ ਦੇ ਪਿੰਡ ਖਾਲੀ ਹੋ ਰਹੇ ਹਨ ਅਤੇ ਬੱਚੇ ਜ਼ਮੀਨਾਂ ਵੇਚ ਕੇ ਬਾਹਰਲੇ ਮੁਲਕਾਂ ਵੱਲ ਭੱਜ ਰਹੇ ਹਨ। ਜਦੋਂ ਦੇਸ਼ ਦਾ ਪੇਟ ਭਰਨ ਵਾਲਾ ਅੰਨਦਾਤਾ ਕਰਜ਼ੇ ਦੇ ਬੋਝ ਹੇਠ ਆ ਕੇ ਖ਼ੁਦਕੁਸ਼ੀ ਦੇ ਰਾਹ ਪੈਂਦਾ ਹੈ, ਤਾਂ ਇਹ ਸਿਰਫ਼ ਇੱਕ ਪਰਿਵਾਰ ਦੀ ਮੌਤ ਨਹੀਂ, ਬਲਕਿ ਪੂਰੇ ਸਿਸਟਮ ਅਤੇ ਸਮਾਜ ਦੇ ਮੱਥੇ 'ਤੇ ਕਲੰਕ ਹੈ।

**ਆਖਿਰ ਕਿਸਾਨਾਂ ਦੀ ਆਵਾਜ਼ ਕੌਣ ਸੁਣੇਗਾ ?** : ਸਭ ਤੋਂ ਵੱਡਾ ਅਤੇ ਦਰਦਨਾਕ ਸਵਾਲ ਇਹੀ ਹੈ ਕਿ ਜਮਹੂਰੀਅਤ ਦੇ ਇਸ ਦੇਸ਼ ਵਿੱਚ ਆਖਿਰ ਕਿਸਾਨ ਦੀ ਆਵਾਜ਼ ਸੁਣੇਗਾ ਕੌਣ? ਵੋਟਾਂ ਵੇਲੇ ਹਰ ਸਿਆਸੀ ਪਾਰਟੀ ਕਿਸਾਨ ਦੇ ਹੱਕ ਵਿੱਚ ਹਮਦਰਦੀ ਦੇ ਵੱਡੇ-ਵੱਡੇ ਦਾਅਵੇ ਕਰਦੀ ਹੈ, ਪਰ ਚੋਣਾਂ ਜਿੱਤਣ ਤੋਂ ਬਾਅਦ ਉਹੀ ਕਿਸਾਨ ਸੱਤਾ ਦੇ ਗਲਿਆਰਿਆਂ ਵਿੱਚ ਗੈਰ-ਜ਼ਰੂਰੀ ਬਣ ਜਾਂਦਾ ਹੈ। ਅਦਾਲਤਾਂ, ਅਫ਼ਸਰਸ਼ਾਹੀ ਵਿੱਚ ਬੈਠੇ ਨੀਤੀ-ਘਾੜਨ ਵਾਲਿਆਂ ਨੂੰ ਖੇਤਾਂ ਦੀ ਮਿੱਟੀ ਦੀ ਮਹਿਕ ਅਤੇ ਉਸ ਵਿਚਲੇ ਹੰਝੂਆਂ ਦਾ ਅਹਿਸਾਸ ਹੀ ਨਹੀਂ ਹੈ। ਜੇਕਰ ਦੇਸ਼ ਨੂੰ ਚਲਾਉਣ ਵਾਲੇ ਹੀ ਅੰਨਦਾਤੇ ਦੇ ਇਸ ਦਰਦ ਤੋਂ ਮੂੰਹ ਮੋੜ ਲੈਣਗੇ, ਤਾਂ ਫਿਰ ਇਨਸਾਫ਼ ਦੀ ਉਮੀਦ ਕਿਸ ਤੋਂ ਰੱਖੀ ਜਾਵੇ?

**ਹੁਣ ਗੱਲਾਂ ਦਾ ਨਹੀਂ, ਹੱਲ ਦਾ ਵੇਲਾ ਹੈ** : ਇੱਕ ਨੌਕਰੀ ਪੇਸ਼ਾ ਬੰਦੇ ਨੂੰ ਪਤਾ ਹੁੰਦਾ ਹੈ ਕਿ ਮਹੀਨੇ ਬਾਅਦ ਕਿੰਨੀ ਤਨਖ਼ਾਹ ਆਉਣੀ ਹੈ, ਪਰ ਕਿਸਾਨ ਨਹੀਂ ਜਾਣਦਾ ਕਿ ਜਿਹੜਾ ਬੀਜ ਉਹ ਖੇਤ ਵਿੱਚ ਬੀਜ ਰਿਹਾ ਹੈ, ਉਹ ਆਪਣੀ ਕਿਸਮਤ ਦਾ ਜੂਆ ਖੇਡ ਰਿਹਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਯੂਰੀਆ ਦੀ ਸਪਲਾਈ ਤੁਰੰਤ ਬਹਾਲ ਕਰਨ, ਕਾਲਾਬਾਜ਼ਾਰੀ ਕਰਨ ਵਾਲਿਆਂ 'ਤੇ ਗੈਰ-ਜ਼ਮਾਨਤੀ ਕੇਸ ਦਰਜ ਕਰਨ, ਸੜਕਾਂ 'ਤੇ ਵਿਕਾਸ ਦੇ ਨਾਂ 'ਤੇ ਉਜਾੜੇ ਜਾ ਰਹੇ ਕਿਸਾਨਾਂ ਨੂੰ ਜ਼ਮੀਨ ਦਾ ਸਹੀ ਮੁੱਲ ਤੇ ਬਦਲਵਾਂ ਰੁਜ਼ਗਾਰ ਦੇਣ। ਜਦੋਂ ਤੱਕ ਕਿਸਾਨ ਨੂੰ ਉਸਦੀ ਫ਼ਸਲ ਦੀ ਕਾਨੂੰਨੀ ਐਮ.ਐਸ.ਪੀ. ਨਹੀਂ ਮਿਲਦੀ, ਉਦੋਂ ਤੱਕ ਇਹ ਪੀੜ ਖ਼ਤਮ ਨਹੀਂ ਹੋ ਸਕਦੀ। ਹਾਕਮਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਮਿੱਟੀ ਦੇ ਜਾਇਆਂ ਦਾ ਸਬਰ ਟੁੱਟ ਗਿਆ, ਤਾਂ ਦੇਸ਼ ਦੇ ਅੰਨ ਦੇ ਭੰਡਾਰ ਖਾਲੀ ਹੋਣ ਵਿੱਚ ਦੇਰ ਨਹੀਂ ਲੱਗੇਗੀ। ਅੰਨਦਾਤੇ ਦੀ ਆਵਾਜ਼ ਨੂੰ ਹੁਣ ਹੋਰ ਦਬਾਇਆ ਨਹੀਂ ਜਾ ਸਕਦਾ।

# ਐਸ.ਆਈ.ਟੀ. ਨੂੰ ਦਿੱਤੇ ਆਪਣੇ ਬਿਆਨ 'ਚ ਸਾਬਕਾ ਜਥੇ. ਗਿ. ਰਘਬੀਰ ਸਿੰਘ ਨੇ ਪੁਸ਼ਟੀ ਕੀਤੀ ਕਿ ਸੁਖਬੀਰ ਸਿੰਘ ਬਾਦਲ ਨੇ ਬਹਿਬਲ ਕਲਾਂ ਗੋਲੀਕਾਂਡ ਦੀ ਜ਼ਿੰਮੇਵਾਰੀ ਕਬੂਲੀ ਸੀ : ਪੰਨੂ

## ਜੇਕਰ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਗੁਨਾਹ ਕਬੂਲਿਆ ਸੀ, ਤਾਂ ਅੱਜ ਉਹ ਇਸ ਤੋਂ ਮੁਨਕਰ ਕਿਉਂ ਹੋ ਰਹੇ ਹਨ?

ਚੰਡੀਗੜ੍ਹ, 11 ਜੂਨ (ਅੰਮ੍ਰਿਤਪਾਲ ਸਿੰਘ): ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਬਹਿਬਲ ਕਲਾਂ ਗੋਲੀਕਾਂਡ ਮਾਮਲੇ ਵਿੱਚ ਹੋਏ ਨਵੇਂ ਖੁਲਾਸਿਆਂ ਨੇ ਇੱਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਬੇਅਦਬੀ ਦੀਆਂ ਘਟਨਾਵਾਂ ਅਤੇ ਉਸ ਤੋਂ ਬਾਅਦ ਸ਼ਾਂਤਮਈ ਪ੍ਰਦਰਸ਼ਨਕਾਰੀਆਂ 'ਤੇ ਹੋਈ ਪੁਲਿਸ ਫਾਇਰਿੰਗ ਦੀ ਜਵਾਬਦੇਹੀ ਤੋਂ ਬਚਣ ਦੀਆਂ ਕੋਸ਼ਿਸ਼ਾਂ ਨੂੰ ਬੇਨਕਾਬ ਕਰ ਦਿੱਤਾ ਹੈ। ਐਸਆਈਟੀ ਦੇ ਸਾਹਮਣੇ ਸਾਬਕਾ ਅਕਾਲ ਤਖ਼ਤ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਬਿਆਨ ਦਾ ਹਵਾਲਾ ਦਿੰਦੇ ਹੋਏ ਬਲਤੇਜ ਪੰਨੂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਬਹਿਬਲ ਕਲਾਂ ਗੋਲੀਕਾਂਡ ਦੀ ਜ਼ਿੰਮੇਵਾਰੀ ਕਬੂਲ ਕੀਤੀ ਸੀ ਤੇ ਮੁਆਫੀ ਮੰਗੀ ਸੀ, ਜਿਸ ਕਾਰਨ ਉਨ੍ਹਾਂ ਦਾ ਹੁਣ ਇਸ ਗੱਲ ਤੋਂ ਇਨਕਾਰ ਕਰਨਾ ਉਨ੍ਹਾਂ ਦੇ ਆਪਣੇ ਹੀ ਇਕਬਾਲੀਆ ਬਿਆਨ ਦੇ ਬਿਲਕੁਲ ਉਲਟ ਹੈ। 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਨੇ ਕਿਹਾ ਕਿ ਪੰਜਾਬ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ, ਬੇਅਦਬੀ ਦੇ ਮਾਮਲਿਆਂ ਅਤੇ ਤਤਕਾਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਨਿਭਾਈ ਗਈ ਭੂਮਿਕਾ ਨੂੰ ਭੁੱਲਿਆ ਨਹੀਂ ਹੈ, ਅਤੇ ਉਨ੍ਹਾਂ ਸਪੱਸ਼ਟ ਕੀਤਾ ਕਿ ਜ਼ਿੰਮੇਵਾਰ ਲੋਕਾਂ ਨੂੰ ਜਨਤਾ ਅਤੇ ਕਾਨੂੰਨ ਦੇ ਸਾਹਮਣੇ ਜਵਾਬ ਦੇਣਾ ਪਵੇਗਾ। ਸੁਖਬੀਰ ਸਿੰਘ ਬਾਦਲ ਦੇ ਇਕਬਾਲੀਆ ਬਿਆਨ ਦਾ ਇੱਕ ਵੀਡੀਓ ਰਿਕਾਰਡ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਸੁਰੱਖਿਅਤ ਹੋਣ ਦਾ ਦਾਅਵਾ ਕਰਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਸਿੱਖਾਂ ਦੀ ਸਰਵਉੱਚ ਅਦਾਲਤ ਅੱਗੇ ਗੁਨਾਹ ਕਬੂਲ ਕਰਨਾ ਤੇ ਫਿਰ ਜਨਤਕ ਤੌਰ 'ਤੇ ਇਸ ਤੋਂ ਮੁਨਕਰ ਹੋਣਾ ਸੰਸਥਾ ਦੀ ਮਰਿਆਦਾ ਦੀ ਤੌਹੀਨ ਹੈ ਤੇ ਉਨ੍ਹਾਂ ਪੰਜਾਬੀਆਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਹੈ ਜੋ ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਹਨ।

ਵੀਰਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਜਦੋਂ ਵੀ ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਸਬੰਧਤ ਘਟਨਾਵਾਂ ਵਾਪਰੀਆਂ, ਉਦੋਂ ਅਕਾਲੀ-ਭਾਜਪਾ ਸਰਕਾਰਾਂ ਸੱਤਾ ਵਿੱਚ ਸਨ। ਉਨ੍ਹਾਂ ਅੱਗੇ ਕਿਹਾ ਕਿ ਇਨਸਾਫ਼ ਯਕੀਨੀ ਬਣਾਉਣ ਦੀ ਬਜਾਏ, ਉਨ੍ਹਾਂ ਸਰਕਾਰਾਂ ਨੇ ਮਾਮਲਿਆਂ ਨੂੰ ਦਬਾਉਣ ਦਾ ਕੰਮ ਕੀਤਾ ਤੇ ਦੋਸ਼ੀਆਂ ਨੂੰ ਬਚਾਇਆ। ਸਾਲ 1986 ਦੇ ਨਾਕੋਦਰ ਗੋਲੀਕਾਂਡ ਨੂੰ ਯਾਦ ਕਰਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਖਿਲਾਫ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਪ੍ਰਦਰਸ਼ਨਕਾਰੀਆਂ 'ਤੇ ਜਦੋਂ ਪੁਲਿਸ ਨੇ ਗੋਲੀਬਾਰੀ ਕੀਤੀ ਤਾਂ ਚਾਰ ਸਿੱਖ ਨੌਜਵਾਨ ਸ਼ਹੀਦ ਹੋ ਗਏ ਸਨ। ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਇੱਕ ਵੱਡਾ ਹਿੱਸਾ ਅਕਾਲੀ ਸ਼ਾਸਨ ਦੌਰਾਨ ਰਹੱਸਮਈ ਢੰਗ ਨਾਲ ਗਾਇਬ ਕਰ ਦਿੱਤਾ ਗਿਆ ਤਾਂ ਜੋ ਸੱਚਾਈ ਸਾਹਮਣੇ ਨਾ ਆ ਸਕੇ। ਉਸ ਦੌਰਾਨ ਅਹਿਮ ਅਹੁਦਿਆਂ 'ਤੇ ਤਾਇਨਾਤ ਅਧਿਕਾਰੀਆਂ ਨੂੰ ਬਾਅਦ ਵਿੱਚ ਅਕਾਲੀ ਦਲ ਵੱਲੋਂ ਸੀਨੀਅਰ ਅਹੁਦਿਆਂ ਤੇ ਸਿਆਸੀ ਅਹੁਦਿਆਂ ਨਾਲ ਨਿਵਾਜਿਆ ਗਿਆ।

ਸਾਲ 2015 ਦੀਆਂ ਘਟਨਾਵਾਂ ਨਾਲ ਸਮਾਨਤਾ ਦਿਖਾਉਂਦੇ ਹੋਏ ਬਲਤੇਜ ਪੰਨੂ ਨੇ ਕਿਹਾ ਕਿ ਸੱਚ ਨੂੰ ਦਬਾਉਣ ਦਾ ਉਹੀ ਤਰੀਕਾ ਉਦੋਂ ਵੀ ਸਾਹਮਣੇ ਆਇਆ ਜਦੋਂ ਬੁਰਜ ਜਵਾਹਰ ਸਿੰਘ ਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਚੋਰੀ ਕੀਤਾ ਗਿਆ ਅਤੇ ਭੜਕਾਊ ਪੋਸਟਰ ਲਗਾਏ ਗਏ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚੀ। ਜਨਤਾ ਦੇ ਭਾਰੀ ਰੋਸ ਦੇ ਬਾਵਜੂਦ, ਤਤਕਾਲੀ ਅਕਾਲੀ-ਭਾਜਪਾ ਸਰਕਾਰ ਠੋਸ ਕਾਰਵਾਈ ਕਰਨ ਵਿੱਚ ਅਸਫਲ ਰਹੀ। ਉਨ੍ਹਾਂ ਅੱਗੇ ਕਿਹਾ ਕਿ ਜਦੋਂ ਲੋਕ ਬੇਅਦਬੀ ਦੀਆਂ ਘਟਨਾਵਾਂ ਦੇ ਵਿਰੋਧ ਵਿੱਚ ਸ਼ਾਂਤਮਈ ਪ੍ਰਦਰਸ਼ਨ ਲਈ ਸੜਕਾਂ 'ਤੇ ਉਤਰੇ, ਤਾਂ ਸਰਕਾਰ ਨੇ ਇਨਸਾਫ਼ ਦੇਣ ਦੀ ਬਜਾਏ ਤਾਕਤ ਦੀ ਵਰਤੋਂ ਕੀਤੀ। ਕੋਟਕਪੂਰਾ ਵਿਖੇ ਸ਼ਾਂਤਮਈ ਪ੍ਰਦਰਸ਼ਨਕਾਰੀਆਂ 'ਤੇ ਪਾਣੀ ਦੀਆਂ ਬੌਛਾਰਾਂ, ਅੱਥਰੂ ਗੈਸ ਅਤੇ ਗੋਲੀਆਂ ਚਲਾਈਆਂ ਗਈਆਂ, ਜਦੋਂ ਕਿ ਬਹਿਬਲ ਕਲਾਂ ਵਿਖੇ ਪੁਲਿਸ ਦੀਆਂ ਗੋਲੀਆਂ ਨੇ ਦੋ ਬੇਗੁਨਾਹ ਸਿੱਖਾਂ ਦੀ ਜਾਨ ਲੈ ਲਈ।

ਸੁਖਬੀਰ ਸਿੰਘ ਬਾਦਲ 'ਤੇ ਸਿੱਧਾ ਨਿਸ਼ਾਨਾ ਸਾਧਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਸਾਬਕਾ ਉਪ ਮੁੱਖ ਮੰਤਰੀ ਅਤੇ ਤਤਕਾਲੀ ਗ੍ਰਹਿ ਮੰਤਰੀ ਆਪਣੇ ਕਾਰਜਕਾਲ ਦੌਰਾਨ ਵਾਪਰੀਆਂ ਘਟਨਾਵਾਂ ਦੀ ਜਵਾਬਦੇਹੀ ਤੋਂ ਬਚ ਨਹੀਂ ਸਕਦੇ। ਕੋਟਕਪੂਰਾ ਗੋਲੀਕਾਂਡ ਮਾਮਲੇ ਵਿੱਚ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਵੱਲੋਂ ਦਾਇਰ ਕੀਤੀ ਚਾਰਜਸ਼ੀਟ ਦਾ ਹਵਾਲਾ ਦਿੰਦਿਆਂ ਉਨ੍ਹਾਂ ਨੋਟ ਕੀਤਾ ਕਿ ਅਦਾਲਤਾਂ ਨੇ ਵੀ ਇਸ ਘਟਨਾ ਨੂੰ ਸੰਭਾਲਣ ਦੇ ਤਰੀਕੇ ਬਾਰੇ ਗੰਭੀਰ ਟਿੱਪਣੀਆਂ ਕੀਤੀਆਂ ਸਨ। ਬਲਤੇਜ ਪੰਨੂ ਨੇ ਕਿਹਾ ਕਿ ਸਭ ਤੋਂ ਮਹੱਤਵਪੂਰਨ ਘਟਨਾਕ੍ਰਮ ਸਾਬਕਾ ਅਕਾਲ ਤਖ਼ਤ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਐਸਆਈਟੀ ਕੋਲ ਦਰਜ ਕਰਵਾਇਆ ਗਿਆ ਬਿਆਨ ਹੈ। ਸਾਬਕਾ ਜਥੇਦਾਰ ਨੇ ਪੁਸ਼ਟੀ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਪੇਸ਼ੀ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਬਹਿਬਲ ਕਲਾਂ ਗੋਲੀਕਾਂਡ ਨਾਲ ਜੁੜੀਆਂ ਘਟਨਾਵਾਂ ਦੀ ਜ਼ਿੰਮੇਵਾਰੀ ਕਬੂਲ ਕੀਤੀ ਸੀ। ਇਹ ਇਕਬਾਲੀਆ ਬਿਆਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਜਨਤਕ ਤੌਰ 'ਤੇ ਕੀਤਾ ਗਿਆ ਸੀ ਅਤੇ ਇਸ ਦੀ ਵੀਡੀਓ ਰਿਕਾਰਡਿੰਗ ਕੀਤੀ ਗਈ ਸੀ। ਇਹ ਰਿਕਾਰਡਿੰਗ ਅੱਜ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰਿਕਾਰਡ ਵਿੱਚ ਸੁਰੱਖਿਅਤ ਹੈ।

ਅਕਾਲੀ ਦਲ ਦੇ ਪ੍ਰਧਾਨ ਦੇ ਸਟੈਂਡ 'ਤੇ ਸਵਾਲ ਉਠਾਉਂਦੇ ਹੋਏ ਬਲਤੇਜ ਪੰਨੂ ਨੇ ਕਿਹਾ ਕਿ ਜੇਕਰ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਜ਼ਿੰਮੇਵਾਰੀ ਕਬੂਲ ਕੀਤੀ ਸੀ, ਤਾਂ ਉਹ ਹੁਣ ਪੰਜਾਬ ਦੇ ਲੋਕਾਂ ਸਾਹਮਣੇ ਇਸ ਤੋਂ ਇਨਕਾਰ ਕਿਵੇਂ ਕਰ ਸਕਦੇ ਹਨ? ਜੇਕਰ ਉਹ ਸੱਚਮੁੱਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਰਵਉੱਚ ਮੰਨਦੇ ਹਨ, ਤਾਂ ਉਹ ਆਪਣੇ ਹੀ ਇਕਬਾਲੀਆ ਬਿਆਨ ਦੇ ਉਲਟ ਕਿਉਂ ਜਾ ਰਹੇ ਹਨ?

'ਆਪ' ਸਰਕਾਰ ਦੀ ਪਹੁੰਚ 'ਤੇ ਚਾਨਣਾ ਪਾਉਂਦੇ ਹੋਏ ਬਲਤੇਜ ਪੰਨੂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਬੇਅਦਬੀ ਤੇ ਗੋਲੀਕਾਂਡ ਦੇ ਮਾਮਲਿਆਂ ਦੀ ਜਾਂਚ ਕਰ ਰਹੀਆਂ ਐਸ.ਆਈ.ਟੀਜ਼ ਨੂੰ ਬਿਨਾਂ ਕਿਸੇ ਸਿਆਸੀ ਦਖਲਅੰਦਾਜ਼ੀ ਦੇ ਸੁਤੰਤਰ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਹੈ। ਪਿਛਲੀਆਂ ਸਰਕਾਰਾਂ ਦੇ ਉਲਟ, 'ਆਪ' ਸਰਕਾਰ ਨੇ ਜਾਂਚ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਉਹ ਸੱਚਾਈ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵਚਨਬੱਧ ਹੈ। ਬਲਤੇਜ ਪੰਨੂ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਲੋਕਾਂ ਨੇ ਇਨਸਾਫ਼ ਲਈ ਬਹੁਤ ਲੰਮਾ ਇੰਤਜ਼ਾਰ ਕੀਤਾ ਹੈ। ਬੇਅਦਬੀ ਦੀਆਂ ਘਟਨਾਵਾਂ, ਸ਼ਾਂਤਮਈ ਪ੍ਰਦਰਸ਼ਨਕਾਰੀਆਂ 'ਤੇ ਗੋਲੀਬਾਰੀ ਅਤੇ ਉਸ ਤੋਂ ਬਾਅਦ ਮਾਮਲੇ ਨੂੰ ਦਬਾਉਣ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ, ਭਾਵੇਂ ਉਨ੍ਹਾਂ ਦਾ ਸਿਆਸੀ ਰੁਤਬਾ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ।


**ਪੰਜਾਬ ਨੈਸ਼ਨਲ ਬੈਂਕ** .... ਬਿਹਤਰੀ ਲਈ ਸਾਂਝ (pnb)
ਸ਼ਾਖਾ ਦਫ਼ਤਰ : ਫਿਰੋਜ਼ਪੁਰ ਕੈਂਟ - 017100

**ਕਬਜ਼ਾ ਸੂਚਨਾ (ਅਚੱਲ ਸੰਪੱਤੀ (ਆਂ) ਦੇ ਲਈ)**

ਜਦੋਂ ਕਿ ਪੰਜਾਬ ਨੈਸ਼ਨਲ ਬੈਂਕ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਹੇਠ ਹਸਤਾਖਰ ਕਰਨ ਵਾਲੇ ਨੇ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਅਧੀਨ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੀ ਧਾਰਾ 13 (2) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਧਾਰਾ 13(12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਸਰਫਾਇਸੀ ਐਕਟ 2002 ਦੀ ਦੇ ਤਹਿਤ ਇੱਕ ਮੰਗ ਨੋਟਿਸ ਜਾਰੀ ਕੀਤਾ ਹੈ ਜਿਸ ਵਿੱਚ ਹੇਠ ਲਿਖੇ ਕਰਜ਼ਦਾਰ/ਜ਼ਾਮਨ ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਕਿਹਾ ਗਿਆ ਹੈ।
ਕਰਜ਼ਦਾਰ/ਜ਼ਾਮਨ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰ/ਜ਼ਾਮਨ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ ਸੁਰੱਖਿਆ ਹਿੱਤ ਲਾਗੂ ਕਰਨ ਦੇ ਨਿਯਮ, 2002 ਦੇ ਨਿਯਮ 8 ਅਤੇ 9 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਉਸਨੂੰ ਦਿੱਤੀ ਗਈ ਸ਼ਕਤੀ ਦੀ ਵਰਤੋਂ ਵਿੱਚ ਹੇਠਾਂ ਦੱਸੀ ਗਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰ/ਜ਼ਾਮਨ ਅਤੇ ਆਮ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਉਕਤ ਜਾਇਦਾਦ ਨਾਲ ਕੋਈ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਨਾਲ ਨਜਿੱਠਣਾ **ਪੰਜਾਬ ਨੈਸ਼ਨਲ ਬੈਂਕ ਬੀ/ਓ : ਫਿਰੋਜ਼ਪੁਰ ਕੈਂਟ** (017100) ਦੇ ਚਾਰਜ ਦੇ ਅਧੀਨ ਹੋਵੇਗਾ, ਹੇਠਾਂ ਦੱਸੇ ਗਏ ਰਕਮ ਦੇ ਵੇਰਵਿਆਂ ਲਈ।
**ਕਰਜ਼ਦਾਰ/ਜ਼ਾਮਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਧਿਆਨ ਖਿੱਚਦੇ ਹਨ, ਸੁਰੱਖਿਅਤ ਸੰਪਤੀ (ਸੰਪਤੀਆਂ) ਨੂੰ ਛੁਡਾਉਣ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ।**

| ਕਰਜ਼ਦਾਰ (ਾਂ)/ਜ਼ਾਮਨ(ਾਂ)/ ਦਾ ਨਾਮ | ਅਚੱਲ ਗਿਰਵੀ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. ਮੈਸਰਜ਼ ਨਬੇਸਾ 47 (ਕਰਜ਼ਦਾਰ) ਪਤਾ: ਪਿੰਡ ਸੰਤੂ ਵਾਲਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ 142047 2. ਸ੍ਰੀ ਰੋਹਿਤ ਗਰਗ (ਭਾਈਵਾਲ ਅਤੇ ਜ਼ਾਮਨ), ਪਤਾ: ਮਕਾਨ ਨੰਬਰ 7, ਗਲੀ ਨੰਬਰ 1, ਫਿਰੋਜ਼ਪੁਰ ਛਾਉਣੀ-152001 3. ਸ੍ਰੀ ਮਨਪ੍ਰੀਤ ਸਿੰਘ ਬੁੱਟਰ ਪੁੱਤਰ ਸਤਨਾਮ ਸਿੰਘ (ਭਾਈਵਾਲ ਅਤੇ ਜ਼ਾਮਨ), ਅਵਾਨ ਰੋਡ, ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ-142047। 4. ਮਿਸ ਨਵਜੋਤ ਕੌਰ ਪੁੱਤਰੀ ਗੁਰਮੇਲ ਸਿੰਘ ਪੁੱਤਰ ਗੁਰਦੇਵ ਸਿੰਘ (ਭਾਈਵਾਲ ਅਤੇ ਜ਼ਾਮਨ), ਪਤਾ: ਪਿੰਡ ਸੰਤੂ ਵਾਲਾ, ਜ਼ਿਲ੍ਹਾ ਫਿਰੋਜ਼ਪੁਰ -142047 5. ਮਿਸ ਨਵਜੋਤ ਕੌਰ ਪੁੱਤਰੀ ਗੁਰਮੇਲ ਸਿੰਘ ਪੁੱਤਰ ਗੁਰਮੇਲ ਸਿੰਘ, (ਭਾਈਵਾਲ ਅਤੇ ਜ਼ਾਮਨ), ਪਤਾ: 1 ਰੂਬੀ ਸਿਵਰ, ਡਰਾਈਵ ਬਰੈਂਪਟਨ, ONL6PIP8, ਕੈਨੇਡਾ। 6. ਸ੍ਰੀ ਗੁਰਮੇਲ ਸਿੰਘ ਪੁੱਤਰ ਸ੍ਰੀ ਗੁਰਦੇਵ ਸਿੰਘ (ਪੀ.ਓ.ਏ. ਹੋਲਡਰ ਆਫ਼ ਭਾਈਵਾਲ ਅਤੇ ਜ਼ਾਮਨ ਮਿਸ ਨਵਜੋਤ ਕੌਰ), ਪਿੰਡ ਸੰਤੂ ਵਾਲਾ, ਜ਼ਿਲ੍ਹਾ ਫਿਰੋਜ਼ਪੁਰ - 142047 7. ਸ੍ਰੀ ਅਸ਼ੋਕ ਕੁਮਾਰ ਗਰਗ ਪੁੱਤਰ ਸ੍ਰੀ ਨੰਗ ਲਾਲ ਗਰਗ (ਜ਼ਾਮਨ ਅਤੇ ਗਿਰਵੀਕਾਰ), ਪਤਾ: ਮਕਾਨ ਨੰ. 7, ਗਲੀ ਨੰ. 1, ਫ਼ਿਰੋਜ਼ਪੁਰ ਕੈਂਟ। | 1. ਪਿੰਡ ਸਤੀਆਵਾਲਾ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਥਿਤ 8 ਕਨਾਲ ਮਾਪ ਵਾਲੀ ਜ਼ਮੀਨ ਹੇਠ ਲਿਖੇ ਅਨੁਸਾਰ ਹੈ:- ਏ. ਰੈਕਟ ਨੰਬਰ 22, ਕਿਲ੍ਹਾ ਨੰਬਰ 5/2/2(4-0), ਖਰੀਦੀ ਗਈ ਵਿਕਰੀ ਡੀਡ ਨੰਬਰ 4623 ਮਿਤੀ 09.11.2001 ਵਿੱਚ ਸ਼ਾਮਲ 4 ਕਨਾਲ ਜ਼ਮੀਨ। b. 4 ਕਨਾਲਾਂ ਭਾਵ 4 ਕਨਾਲਾਂ 1 ਮਰਲੇ ਜ਼ਮੀਨ ਦਾ 26/81 ਹਿੱਸਾ 1 ਕਨਾਲ 6 ਮਰਲੇ ਵਾਲੀ ਜ਼ਮੀਨ ਜੋ ਕਿ ਰੈਕਟ ਨੰਬਰ 21 ਕਿਲ੍ਹਾ ਨੰਬਰ 1/1/1(4-1) ਵਿੱਚ ਸ਼ਾਮਲ ਹੈ ਅਤੇ 9 ਕਨਾਲ 12 ਮਰਲੇ ਦਾ 54/192 ਹਿੱਸਾ 02 ਕਨਾਲ 14 ਮਰਲੇ ਵਾਲੀ ਜ਼ਮੀਨ ਜੋ ਕਿ ਰੈਕਟ ਨੰਬਰ 16, ਕਿਲ੍ਹਾ ਨੰਬਰ 25/2(3-4), ਰੈਕਟ ਨੰਬਰ 17, ਕਿਲ੍ਹਾ ਨੰਬਰ 21/1(6-8) ਵਿੱਚ ਸ਼ਾਮਲ ਹਨ, ਜੋ ਕਿ 2017-18 ਦੀ ਜਮ ?ਹਾਂਬੰਦੀ ਦੇ ਅਨੁਸਾਰ, ਅਸ਼ੋਕ ਕੁਮਾਰ ਗਰਗ ਦੇ ਨਾਮ 'ਤੇ ਵਿਕਰੀ ਡੀਡ ਨੰਬਰ 4624 ਮਿਤੀ 09.11.2001 ਰਾਹੀਂ ਖਰੀਦੀ ਗਈ। 2. 30 ਕਨਾਲ 16 ਮਰਲੇ ਦਾ 320/616 ਹਿੱਸਾ 16 ਕਨਾਲ 0 ਮਰਲੇ ਮਾਪ ਵਾਲੀ ਜ਼ਮੀਨ ਜੋ ਕਿ ਰੈਕਟ ਨੰਬਰ 80, ਕਿਲ੍ਹਾ ਨੰਬਰ 7/2(0-1), 8/2(7-6), 9(8-0), 12(8-0), 13/1(5-8), 18/3(0-3), 19/1(1-18) ਸਾਲ 2017-18 ਦੀ ਜਮ ?ਹਾਂਬੰਦੀ ਅਨੁਸਾਰ ਸ਼ਾਮਲ ਹੈ, ਜੋ ਕਿ ਪਿੰਡ ਸੰਤੂ ਵਾਲਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਦੇ ਖੇਤਰ ਵਿੱਚ ਸਥਿਤ ਹੈ, ਜੋ ਕਿਵਿਕਰੀ ਡੀਡ ਨੰਬਰ 2021-22/117/1/1446 ਮਿਤੀ 08.09.2021 ਰਾਹੀਂ ਖਰੀਦ ਕੀਤੀ ਗਈ। 3. 9 ਕਨਾਲ 18 ਮਰਲੇ ਦੀ ਜ਼ਮੀਨ ਭਾਵ 30 ਕਨਾਲ 16 ਮਰਲੇ ਜ਼ਮੀਨ ਦਾ 59/964 ਹਿੱਸਾ 1 ਕਨਾਲ 17 ਮਰਲੇ 7 ਸਰਸਾਈ ਦੀ ਜ਼ਮੀਨ ਜੋ ਕਿ ਖੇਵਟ ਨੰਬਰ 80, ਖਤੌਨੀ ਨੰਬਰ 120 ਅਤੇ ਖਸਰਾ ਨੰਬਰ 80M//7/2(0-01), 8/2(7-06), 9(8-0), 12(8-0), 13/1(5-08), 18/3(0-03), 19/1(1-18) 2017-2018 ਦੀ ਜਮ ?ਹਾਂਬੰਦੀ ਅਨੁਸਾਰ ਅਤੇ 32 ਕਨਾਲ 12 ਮਰਲੇ ਜ਼ਮੀਨ ਦਾ 1442/5868 ਹਿੱਸਾ 8 ਕਨਾਲ 2 ਮਰਲੇ ਦੀ ਜ਼ਮੀਨ ਖੇਵਟ ਨੰਬਰ 79, 80/ਖਤੌਨੀ ਨੰਬਰ 119, 120 ਖਸਰਾ ਨੰਬਰ 71M//23/2(1-16), 80M//7/2(0-01),8/2(7-06), 9(8-0), 12(8-0), 13/1(5-08), 18/3(0-03), 19/1(1-18) ਸਾਲ 2017-18 ਲਈ ਜਮ ?ਹਾਂਬੰਦੀ ਅਨੁਸਾਰ, ਪਿੰਡ ਸੰਤੂਵਾਲਾ ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਦੇ ਖੇਤਰ ਵਿੱਚ ਸਥਿਤ, ਵਿਕਰੀ ਡੀਡ ਨੰਬਰ 2022-23/117/1/869 ਮਿਤੀ 17.06.2022 ਅਤੇ ਅਗਲੇਰੀ ਸੋਧ ਡੀਡ 2022-23/117/1/1076 ਮਿਤੀ 12.07.2022 ਅਨੁਸਾਰ NABESA47 ਦੇ ਨਾਮ 'ਤੇ ਖਰੀਦ ਕੀਤੀ ਗਈ। | 10.03.2026 | 05.06.2026 | Rs. 3,05,09,631.37 (ਤਿੰਨ ਕਰੋੜ ਪੰਜ ਲੱਖ ਨੌਂ ਹਜ਼ਾਰ ਛੇ ਸੌ ਇਕੱਤੀ ਅਤੇ ਸੈਂਤੀ ਪੈਸੇ ਕੇਵਲ) 01.03.2026 ਤੋਂ ਇਕਰਾਰਨਾਮੇ ਦੀ ਦਰ 'ਤੇ ਹੋਰ ਵਿਆਜ ਅਤੇ ਹੋਰ ਖਰਚਿਆਂ ਦੇ ਨਾਲ, ਹੋਰ ਖਰਚੇ ਅਤੇ ਖਰਚੇ, ਉਸ ਤੋਂ ਬਾਅਦ, ਜੇਕਰ ਕੋਈ ਹੋਵੇ, ਘਟਾ ਕੇ, ਅਦਾਇਗੀਆਂ। |

ਮਿਤੀ : 11.06.2026 ਸਥਾਨ : ਫਿਰੋਜ਼ਪੁਰ ਕੈਂਟ ਅਧਿਕਾਰਤ ਅਧਿਕਾਰੀ



**ਪੰਜਾਬ ਨੈਸ਼ਨਲ ਬੈਂਕ** .... ਬਿਹਤਰੀ ਲਈ ਸਾਂਝ (pnb)
ਸ਼ਾਖਾ ਦਫ਼ਤਰ : ਗੱਜੂ ਖੇੜਾ (202410)

**ਮੰਗ ਨੋਟਿਸ**

**ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਸਰਫੇਸੀ ਐਕਟ) ਦੀ ਸੁਰੱਖਿਆ ਅਤੇ ਲਾਗੂ ਕਰਨ ਦੀ ਧਾਰਾ 13(2) ਦੇ ਤਹਿਤ ਮੰਗ ਨੋਟਿਸ (ਸਰਫੇਸੀ ਐਕਟ) ਸੁਰੱਖਿਆ ਵਿਆਜ (ਲਾਗੂ ਕਰਨ) ਨਿਯਮ 2002 ਦੇ ਨਿਯਮ 3 ਦੇ ਨਾਲ ਪੜ੍ਹੋ।**
ਤੁਹਾਨੂੰ ਸਾਰਿਆਂ ਨੂੰ, ਹੇਠਾਂ ਦੱਸੇ ਗਏ ਵਿਅਕਤੀਆਂ (ਕਰਜ਼ਾ ਲੈਣ ਵਾਲੇ/ਗਾਰੰਟਰ) ਨੂੰ, ਬੈਂਕ ਦੇ 'ਅਧਿਕਾਰਤ ਅਧਿਕਾਰੀ' ਦੁਆਰਾ ਸਰਫਾਇਸੀ ਐਕਟ -2002 ਦੀ ਧਾਰਾ 13(2) ਦੇ ਤਹਿਤ ਰਜਿਸਟਰਡ ਮੰਗ ਨੋਟਿਸ ਭੇਜੇ ਗਏ ਸਨ, ਜਿਸ ਵਿੱਚ ਤੁਹਾਨੂੰ ਸਾਰਿਆਂ ਨੂੰ ਨੋਟਿਸ ਦੀ ਮਿਤੀ ਦੇ ਅਨੁਸਾਰ ਖਾਤੇ ਦੇ ਵਿਰੁੱਧ ਦੱਸੀ ਗਈ ਮੰਗ ਨੋਟਿਸ ਦੀ ਰਕਮ ਦਾ ਭੁਗਤਾਨ ਕਰਨ ਲਈ ਕਿਹਾ ਗਿਆ ਸੀ, ਨੋਟਿਸ ਦੇ 60 (ਸੱਠ) ਦਿਨਾਂ ਦੇ ਅੰਦਰ ਭੁਗਤਾਨ ਹੋਣ ਤੱਕ। ਉਕਤ ਮੰਗ ਨੋਟਿਸ ਤੁਹਾਡੇ ਸਾਰਿਆਂ ਨੂੰ ਨਹੀਂ ਦਿੱਤਾ ਜਾ ਸਕਿਆ ਅਤੇ ਕੁਝ ਮਾਮਲਿਆਂ ਵਿੱਚ ਇਸਨੂੰ ਬਿਨਾਂ ਕਿਸੇ ਜਵਾਬ ਦੇ ਵਾਪਸ ਕਰ ਦਿੱਤਾ ਗਿਆ ਸੀ। ਸੁਰੱਖਿਅਤ ਲੈਣਦਾਰ ਬੈਂਕ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਕਾਰਨ ਹੇਠਾਂ ਹਸਤਾਖਰ ਕਰਨ ਵਾਲੇ ਕੋਲ ਹਨ। ਇਹ ਮੰਨਣ ਲਈ ਕਿ ਤੁਹਾਨੂੰ ਸਾਰਿਆਂ ਨੂੰ ਆਮ ਤੌਰ 'ਤੇ ਬਦਲਵੀਂ ਸੇਵਾ ਦੇ ਢੰਗ ਤੋਂ ਇਲਾਵਾ ਮੰਗ ਨੋਟਿਸ ਨਹੀਂ ਦਿੱਤਾ ਜਾ ਸਕਦਾ। ਇਸ ਲਈ, ਤੁਹਾਡੇ ਵਿੱਚੋਂ ਹਰੇਕ ਨੂੰ ਇਸ ਜਨਤਕ ਨੋਟਿਸ ਰਾਹੀਂ ਇਸ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਤੁਹਾਡੇ ਵਿਰੁੱਧ ਬਕਾਇਆ ਭੁਗਤਾਨ ਦੀ ਮਿਤੀ ਤੱਕ ਹੇਠਾਂ ਦਿੱਤੀ ਰਕਮ ਨੂੰ ਹੋਰ ਵਿਆਜ ਸਮੇਤ ਅਦਾ ਕਰਨ ਲਈ ਕਿਹਾ ਜਾਂਦਾ ਹੈ, ਅਜਿਹਾ ਨਾ ਕਰਨ ਦੀ ਸੂਰਤ ਵਿੱਚ, ਬੈਂਕ ਉਕਤ ਐਕਟ-2002 ਦੀ ਧਾਰਾ 13(4) ਦੇ ਤਹਿਤ ਹੇਠਾਂ ਦੱਸੀਆਂ ਸੁਰੱਖਿਅਤ ਸੰਪਤੀਆਂ ਦਾ ਕਬਜ਼ਾ ਲੈਣ ਲਈ ਕਾਰਵਾਈ ਕਰੇਗਾ ਅਤੇ ਉਸ ਤੋਂ ਬਾਅਦ ਇਸਨੂੰ ਵੇਚਣ ਲਈ ਅੱਗੇ ਵਧਾਏਗਾ ਤਾਂ ਜੋ ਬਕਾਇਆ ਰਕਮ ਦੀ ਪ੍ਰਾਪਤੀ ਤੱਕ ਹੋਰ ਵਿਆਜ ਸਮੇਤ ਪ੍ਰਾਪਤੀ ਕੀਤੀ ਜਾ ਸਕੇ। ਕਰਜ਼ਦਾਰ ਦੁਆਰਾ ਬਕਾਇਆ ਰਕਮ ਦੀ ਅਦਾਇਗੀ ਨਾ ਕਰਨ ਕਾਰਨ ਗਰੰਟਰ/ਮੌਰਟਗੇਗਰ, ਉਹਨਾਂ ਦੁਆਰਾ ਦਿੱਤੀ ਗਈ ਗਰੰਟੀ ਇਸ ਦੁਆਰਾ ਮੰਗੀ ਜਾਂਦੀ ਹੈ ਅਤੇ ਤੁਹਾਨੂੰ ਪੂਰੇ ਬਕਾਏ ਦਾ ਭੁਗਤਾਨ ਕਰਨ ਲਈ ਕਿਹਾ ਜਾਂਦਾ ਹੈ।

| ਕਰਜ਼ਦਾਰ (ਾਂ)/ਜ਼ਾਮਨ(ਾਂ)/ ਦਾ ਨਾਮ | ਸੁਰੱਖਿਆ ਦੇ ਵੇਰਵੇ (ਸਾਰੇ ਭਾਗ ਅਤੇ ਹਿੱਸੇ) | ਮੰਗ ਸੂਚਨਾ ਦੀ ਮਿਤੀ / ਐਨਪੀਏ ਦੀ ਮਿਤੀ | ਬਕਾਇਆ ਰਕਮ |
|---|---|---|---|
| ਕਰਜ਼ਦਾਰ: 1. ਸ੍ਰੀ ਰਵਿੰਦਰ ਕੁਮਾਰ ਪੁੱਤਰ ਸ੍ਰੀ ਦੇਵੀ ਦਿਆਲ। 2. ਸ਼੍ਰੀਮਤੀ ਮੀਨੂੰ ਸ਼ਰਮਾ ਪਤਨੀ ਸ੍ਰੀ ਰਵਿੰਦਰ ਕੁਮਾਰ, ਵਾਸੀ ਮਕਾਨ ਨੰ: 80, ਗੁਰੂ ਅੰਗਦ ਦੇਵ ਕਲੋਨੀ, ਸੀ.ਐਮ ਪਬਲਿਕ ਸਕੂਲ ਦੇ ਪਿੱਛੇ, ਰਾਜਪੁਰਾ ਜ਼ਿਲ੍ਹਾ, ਪਟਿਆਲਾ। ਜ਼ਾਮਨ: ਸ੍ਰੀ ਓਮ ਪ੍ਰਕਾਸ਼ ਪੁੱਤਰ ਸ੍ਰੀ ਪੇਰਾ ਰਾਮ, ਵਾਸੀ ਐੱਫ-8/27, ਸਤ ਨਰਾਇਣ ਮੰਦਰ ਨੇੜੇ, ਰਾਜਪੁਰਾ ਟਾਊਨ, ਰਾਜਪੁਰਾ, 140401 | ਰਿਹਾਇਸ਼ੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਗੁਰੂ ਅੰਗਦ ਦੇਵ ਕਲੋਨੀ, ਪਿੰਡ ਜੰਡੋਲੀ ਰਾਜਪੁਰਾ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ ਹੈ ਜੋ ਕਿ 1-11/50 ਬਿਸਵੇ ਦੇ 61/6650 ਹਿੱਸੇ 4 ਵਿੱਘੇ 10 ਬਿਸਵੇ ਵਜੋਂ ਖੇਵਟ/ਖਾਤਾ ਨੰਬਰ 157/237 (ਨਵਾਂ ਖੇਵਟ ਖਾਤਾ ਨੰਬਰ 163/257), ਖਸਰਾ ਨੰਬਰ 719/112(4-10) ਕਿੱਤਾ 1 ਵਿੱਚ ਸ਼ਾਮਲ ਹੈ ਜੋ ਕਿ ਸਾਲ 2008-09 ਲਈ ਜਮ੍ਹਾਂਬੰਦੀ ਅਨੁਸਾਰ 61 ਵਰਗ ਗਜ਼ ਦੀ ਇਹ ਜਾਇਦਾਦ ਸ੍ਰੀ ਰਵਿੰਦਰ ਕੁਮਾਰ ਪੁੱਤਰ ਸ੍ਰੀ ਦੇਵੀ ਦਿਆਲ ਦੇ ਨਾਮ 'ਤੇ ਹੈ ਜੋ ਕਿ ਤਾਤੀਮਾ (ਸੁਧਾਰ) ਡੀਡ ਨੰਬਰ 1261 ਮਿਤੀ 08.07.2014 ਅਤੇ ਵਿਕਰੀ ਡੀਡ ਨੰਬਰ 1041 ਮਿਤੀ 24.06.2014 ਅਨੁਸਾਰ ਰਜਿਸਟਰਡ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: ਪਲਾਟ ਦਾ ਹਿੱਸਾ ਤਰੁਣ ਕੁਮਾਰ ਵਾਲਾ ਪਾਸਾ 35'0", ਪੱਛਮ: ਦਵਿੰਦਰ ਕੌਰ ਵਾਲਾ ਪਲਾਟ ਵਾਲਾ ਪਾਸਾ 35', ਉੱਤਰ: 18' ਚੌੜੀ ਸੜਕ, ਵਾਲਾ ਪਾਸਾ 15'7", ਦੱਖਣ: ਕਸ਼ਮੀਰ ਸਿੰਘ ਵਾਲਾ ਪਲਾਟ ਵਾਲਾ ਪਾਸਾ 15'7" | 15.05.2026 / 31.03.2026 | Rs. 6,77,497.56 (ਛੇ ਲੱਖ ਸਤੱਤਰ ਹਜ਼ਾਰ ਚਾਰ ਸੌ ਸਤਾਨਵੇਂ ਅਤੇ ਛਪੰਜ ਪੈਸੇ ਕੇਵਲ) 30.04.2026 ਨੂੰ। ਤੁਸੀਂ 30.04.2026 ਤੋਂ ਇਤਫਾਕੀਆ ਖਰਚਿਆਂ, ਲਾਗਤ, ਖਰਚਿਆਂ ਦੇ ਨਾਲ ਉਪਰੋਕਤ ਰਕਮ 'ਤੇ ਇਕਰਾਰਨਾਮੇ ਦੀ ਦਰ 'ਤੇ ਭਵਿੱਖੀ ਵਿਆਜ ਦਾ ਭੁਗਤਾਨ ਕਰਨ ਲਈ ਵੀ ਜ਼ਿੰਮੇਵਾਰ ਹੋ। |

ਮਿਤੀ : 11.06.2026 ਸਥਾਨ : ਗੱਜੂ ਖੇੜਾ ਅਧਿਕਾਰਤ ਅਧਿਕਾਰੀ



**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3 )**
ਜ਼ਮੀਨੀ ਤਲ ਐਸਸੀਓ 33-34-35, ਸੈਕਟਰ 17-ਏ ਚੰਡੀਗੜ੍ਹ-160017

ਮਾਮਲਾ ਨੰ. : ਓਏ/1311/2023 ਈਐਕਸਐਚ ਨੰ. 31996
**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ**
ਐਚਡੀਐਫਸੀ ਬੈਂਕ ਬਨਾਮ ਮੈਸ. ਜੈਨ ਕਲਾਥ ਹਾਊਸ ਅਤੇ ਹੋਰ
ਵੱਲ,
(2) **ਸਾਹਿਲ ਸ਼ਰਮਾ** ਪੁੱਤਰ ਸਵਰਗੀ ਸ਼੍ਰੀ ਸੰਜੇ ਸ਼ਰਮਾ ਵਾਸੀ ਮਕਾਨ ਨੰ. 11, ਵਾਰਡ ਨੰ. 4, ਰਾਇਲ ਸਿਟੀ, ਬੁਢਲਾਡਾ, ਜ਼ਿਲ੍ਹਾ ਮਾਨਸਾ, ਪੰਜਾਬ।
(3) **ਸੰਜੇ ਸ਼ਰਮਾ** ਪੁੱਤਰ ਸ਼੍ਰੀ ਰਾਮ ਸਰੂਪ, ਮੌਤ ਤੋਂ ਬਾਅਦ ਜ਼ਿੰਦਾ, ਕਾਨੂੰਨੀ ਵਾਰਸਾਂ ਦੁਆਰਾ:
(3.2) **ਸ਼੍ਰੀ ਸਾਹਿਲ ਸ਼ਰਮਾ**, ਪੁੱਤਰ ਸ਼੍ਰੀ ਰਾਮ ਸਰੂਪ ਵਾਸੀ ਮਕਾਨ ਨੰ. 11 ਵਾਰਡ ਨੰ. 4, ਰਾਇਲ ਸਿਟੀ, ਬੁਢਲਾਡਾ, ਜ਼ਿਲ੍ਹਾ ਮਾਨਸਾ, ਪੰਜਾਬ।
**ਸੰਮਨ**
ਜਿਥੇ ਕਿ, ਓ. ਏ./1311/2023, 03.06.2026 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ ਰੁ. 1,00,84,911.85/- (ਅਰਜ਼ੀ, ਦਸਤਾਵੇਜ਼ਾਂ ਦੀਆਂ ਕਾਪੀਆਂ ਆਦਿ ਦੇ ਨਾਲ, ਨਾਲ ਨੱਥੀ ਹੈ।) ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) ਕਾਨੂੰਨ ਦੀ ਧਾਰਾ 19 (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 18.07.2026 ਨੂੰ **ਸਵੇਰੇ 10.30 ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 04.06.2026 ਨੂੰ ਜਾਰੀ।
ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ



**ਕਰਜ਼ ਵਸੂਲੀ ਟ੍ਰਿਬਿਊਨਲ-I ਚੰਡੀਗੜ੍ਹ**
ਐਸ.ਸੀ.ਓ. 33-34-35, ਦੂਜੀ ਮੰਜ਼ਿਲ, ਸੈਕਟਰ 17-ਏ ਚੰਡੀਗੜ੍ਹ-160017

ਡੇਅਰੀ ਨੰ. 2030 ਪਬਲੀਕੇਸ਼ਨ ਸੂਚਨਾ ਮਿਤੀ: 18.05.2026
ਆਰਸੀ ਨੰਬਰ 181/2022
ਪੰਜਾਬ ਨੈਸ਼ਨਲ ਬੈਂਕ
ਬਨਾਮ
ਬਲਜਿੰਦਰ ਸਿੰਘ
ਵੱਲ,
1. ਸ੍ਰੀ ਬਲਜਿੰਦਰ ਸਿੰਘ ਪੁੱਤਰ ਸ੍ਰੀ ਜਗੀਰ ਸਿੰਘ, ਵਾਸੀ ਪਿੰਡ ਦੁੱਗਰੀ, ਡਾਕਖਾਨਾ ਰਹੀਮਪੁਰ, ਤਹਿਸੀਲ ਕਰਤਾਰਪੁਰ, ਜ਼ਿਲ੍ਹਾ ਜਲੰਧਰ, ਪੰਜਾਬ।
2. ਸ਼੍ਰੀਮਤੀ ਗੁਰਜੀਤ ਕੌਰ ਪਤਨੀ ਬਲਜਿੰਦਰ ਸਿੰਘ, ਵਾਸੀ ਪਿੰਡ ਦੁੱਗਰੀ, ਡਾਕਖਾਨਾ ਰਹੀਮਪੁਰ, ਤਹਿਸੀਲ ਕਰਤਾਰਪੁਰ, ਜ਼ਿਲ੍ਹਾ ਜਲੰਧਰ, ਪੰਜਾਬ।
ਜਦੋਂ ਕਿ, ਮਾਨਯੋਗ ਪ੍ਰੀਜ਼ਾਈਡਿੰਗ ਅਫਸਰ ਦੁਆਰਾ ਜਾਰੀ ਕੀਤੇ ਗਏ O.A ਨੰਬਰ 183/2021 ਵਿੱਚ ਇੱਕ ਰਿਕਵਰੀ ਸਰਟੀਫਿਕੇਟ ਨੰ. 181/2022 ਰੁਪਏ ਦੀ ਰਕਮ। 29,45,499/- (ਰੁਪਏ ਉਨੱਤੀ ਲੱਖ ਪੰਤਾਲੀ ਹਜ਼ਾਰ ਚਾਰ ਸੌ ਨੜਿੱਨਵੇਂ ਸਿਰਫ਼) ਪੈਂਡੈਂਟੇਲਾਈਟ ਅਤੇ ਭਵਿੱਖੀ ਵਿਆਜ ਸਮੇਤ 010.90% 30/09/2020 ਤੋਂ ਪ੍ਰਾਪਤੀ ਤੱਕ ਅਤੇ 32,000/- ਰੁਪਏ (ਬੱਤੀ ਹਜ਼ਾਰ ਰੁਪਏ ਸਿਰਫ਼) ਦੀ ਲਾਗਤ ਤੁਹਾਡੇ ਵਿਰੁੱਧ ਬਕਾਇਆ ਹੋ ਗਈ ਹੈ (ਸੰਯੁਕਤ ਅਤੇ ਕਈ ਵਾਰ/ਪੂਰੀ ਤਰ੍ਹਾਂ/ਸੀਮਤ)।
ਜਦੋਂ ਕਿ, ਮੰਗ ਨੋਟਿਸ ਦੀ ਸੇਵਾ ਅਤੇ ਕਾਫ਼ੀ ਮਿਆਦ ਦੀ ਸਮਾਪਤੀ ਦੇ ਬਾਵਜੂਦ, ਉਕਤ ਰਕਮ ਤੁਹਾਡੇ ਦੁਆਰਾ ਸੀਐਚ ਬੈਂਕ ਨੂੰ ਅਦਾ ਨਹੀਂ ਕੀਤੀ ਗਈ ਹੈ। ਤੁਹਾਨੂੰ ਕਾਨੂੰਨ ਦੀ ਜ਼ਰੂਰਤ ਨੂੰ ਪੂਰਾ ਕਰਨਾ ਪਵੇਗਾ।
ਗਿਰਵੀ ਰੱਖੀ ਗਈ ਜਾਇਦਾਦ ਦੇ ਸੰਬੰਧ ਵਿੱਚ ਵਿਕਰੀ ਦਾ ਐਲਾਨ ਜਾਰੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਲਈ, ਇਹ ਨੋਟਿਸ 02.07.2026 ਨੂੰ POS ਲਈ ਨਿਯਮਾਂ ਅਤੇ ਸ਼ਰਤਾਂ ਦਾ ਨਿਪਟਾਰਾ ਕਰਨ ਲਈ ਪੇਸ਼ ਕੀਤਾ ਜਾਵੇਗਾ।
**ਜਾਇਦਾਦਾਂ ਦਾ ਵੇਰਵਾ**
**ਸ੍ਰੀ ਬਲਜਿੰਦਰ ਸਿੰਘ ਪੁੱਤਰ ਸ਼੍ਰੀ ਜਗੀਰ ਸਿੰਘ ਦੀ ਮਲਕੀਅਤ ਵਾਲੀ ਜਾਇਦਾਦ/ਖੇਤੀਬਾੜੀ ਜ਼ਮੀਨ, ਪਿੰਡ ਦੁੱਗਰੀ, ਐਚਬੀ ਨੰਬਰ 337, ਤਹਿਸੀਲ ਕਰਤਾਰਪੁਰ, ਜ਼ਿਲ੍ਹਾ ਵਿਖੇ ਸਥਿਤ। ਜਲੰਧਰ, ਖੇਤਰ 25ਕਨਾਲ-10 ਮਰਲੇ ਜਿਸ ਵਿੱਚ ਖੇਵਟ ਨੰਬਰ 37/39, ਖਤੌਨੀ ਨੰਬਰ 49 ਤੋਂ 51, ਖਸਰਾ ਨੰਬਰ 36//17 (8-0), 36//18 (8-0), 36//19 (8-0), 36//20 (8-0), 36//41, 36/20 (8-0), (43/41), 36//11 (8-0), 36//14/1 (2-8), 36//2 (7-12), 36//3 (8-0), 36//4/1 (5-10), 36//4/2 (2-4), 36//7/2 (5-10), 36//6/2 (5-10), 36//6/3 (2-6), 36//10 (8-0), 36//12 (8-0), 36//13(4-0), 36//14/2 (4-13), 36//15 (8-0), 36//16/1 (2-16), 36//21 (8-0), 36//22 (8-0), 36//23 (4-4), ਕੁੱਲ ਖੇਤਰਫਲ 25ਕਨਾਲ-10 ਮਰਲੇ ਬਣਦਾ ਹੈ ਜੋ ਕਿ 147ਕਨਾਲ-18 ਮਰਲੇ ਦਾ 5/29 ਹਿੱਸਾ ਹੈ।**
ਇਸ ਟ੍ਰਿਬਿਊਨਲ ਦੀ 18.05.2026 ਨੂੰ ਚੰਡੀਗੜ੍ਹ ਵਿਖੇ ਮੇਰੇ ਦਸਤਖਤ ਅਤੇ ਮੋਹਰ ਹੇਠ ਦਿੱਤਾ ਗਿਆ ਹੈ।
ਵਸੂਲੀ ਅਫ਼ਸਰ-I
DRT-1, ਚੰਡੀਗੜ੍ਹ



**ਮੰਗ ਸੂਚਨਾ**

ਜਦੋਂ ਕਿ ਸੰਪਤੀ ਪੁਨਰ ਨਿਰਮਾਣ ਕੰਪਨੀ (ਇੰਡੀਆ) ਲਿਮਟਿਡ (ਹੇਠਾਂ ਦੱਸੇ ਗਏ ਟਰੱਸਟਾਂ ਲਈ ਟਰੱਸਟੀ ਵਜੋਂ ਕੰਮ ਕਰ ਰਹੀ ਹੈ) (ਇਸ ਤੋਂ ਬਾਅਦ "ARCIL" ਵਜੋਂ ਜਾਣਿਆ ਜਾਂਦਾ ਹੈ) ਦਾ ਅਧਿਕਾਰਤ ਅਧਿਕਾਰੀ ਕੰਪਨੀ ਐਕਟ, 1956 ਦੇ ਅਧੀਨ ਸ਼ਾਮਲ ਹੈ ਅਤੇ ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਨਾਲ ਇੱਕ ਸੰਪਤੀ ਪੁਨਰ ਨਿਰਮਾਣ ਕੰਪਨੀ ਵਜੋਂ ਰਜਿਸਟਰਡ ਹੈ, ਜਿਵੇਂ ਕਿ ਹੇਠਾਂ ਦਿੱਤੇ ਚਾਰਟ ਦੇ ਕਾਲਮ ਨੰਬਰ 2 ਵਿੱਚ ਦੱਸਿਆ ਗਿਆ ਹੈ (ਇਸ ਤੋਂ ਬਾਅਦ "ਸਰਫਾਇਸੀ ਐਕਟ" ਵਜੋਂ ਜਾਣਿਆ ਜਾਂਦਾ ਹੈ) ਅਤੇ ਜਦੋਂ ਕਿ ਹੇਠਾਂ ਦਿੱਤੇ ਚਾਰਟ ਦੇ ਕਾਲਮ ਨੰਬਰ 2 ਵਿੱਚ ਦੱਸੇ ਗਏ ਕਰਜ਼ਾ ਲੈਣ ਵਾਲੇ / ਸਹਿ-ਉਧਾਰ ਲੈਣ ਵਾਲਿਆਂ ਨੇ ਮੂਲ ਕਰਜ਼ਾਦਾਤਾਵਾਂ ਤੋਂ ਕਰਜ਼ਾ ਪ੍ਰਾਪਤ ਕੀਤਾ ਹੈ ਅਤੇ ਜਦੋਂ ਕਿ ARCIL ਨੇ ਹੇਠਾਂ ਦੱਸੇ ਗਏ ਕਰਜ਼ਾ ਖਾਤਿਆਂ ਨਾਲ ਸਬੰਧਤ ਵਿੱਤੀ ਸੰਪਤੀਆਂ ਪ੍ਰਾਪਤ ਕੀਤੀਆਂ ਹਨ ਅਤੇ ਜਦੋਂ ਕਿ ARCIL ਸਰਫਾਇਸੀ ਐਕਟ ਦੇ ਤਹਿਤ ਸੁਰੱਖਿਅਤ ਲੈਣਦਾਰ ਹੈ, ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 2 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(2) ਦੇ ਤਹਿਤ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਇੱਥੇ ਦੱਸੇ ਗਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਨੂੰ ਬੁਲਾਉਂਦੇ ਹੋਏ ਮੰਗ ਨੋਟਿਸ ਜਾਰੀ ਕੀਤਾ ਹੈ। ਹੇਠਾਂ, ਨੋਟਿਸਾਂ ਵਿੱਚ ਦੱਸੀ ਗਈ ਰਕਮ ਨੂੰ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਹੋਰ ਵਿਆਜ ਸਮੇਤ ਵਾਪਸ ਕਰਨ ਲਈ, ਪਰ ਕਈ ਕਾਰਨਾਂ ਕਰਕੇ ਉਨ੍ਹਾਂ ਵਿੱਚੋਂ ਕੁਝ ਨੂੰ ਨੋਟਿਸ ਨਹੀਂ ਭੇਜੇ ਜਾ ਸਕੇ।

| ਕਰਜ਼ ਨੰਬਰ / ਮੂਲ ਰਿਣਦਾਤਾ ਦਾ ਨਾਮ / ਮੰਗ ਨੋਟਿਸ ਮਿਤੀ/ਟਰੱਸਟ ਦਾ ਨਾਮ | ਕਰਜ਼ਦਾਰ/ ਸਹਿ-ਕਰਜ਼ਦਾਰ ਦਾ ਨਾਮ | ਮੰਗ ਨੋਟਿਸ ਮਿਤੀ ਦੇ ਅਨੁਸਾਰ ਕੁੱਲ ਬਕਾਇਆ ਰੁਪਏ ਵਿੱਚ |
|---|---|---|
| **LAN:** MFLSECUPUNL000005466973 ਮੂਲ ਰਿਣਦਾਤਾ ਦਾ ਨਾਮ: ਮਥੂਟ ਫਿਨਕਾਰਪ ਲਿਮਟਿਡ ਮੰਗ ਸੂਚਨਾ ਮਿਤੀ: 09.03.2026 ਟਰੱਸਟ ਦਾ ਨਾਮ: Arcil-Trust-2026-018 | ਗੁਰਸਾਹਿਬ ਸਿੰਘ/ ਜੋਗਿੰਦਰ ਸਿੰਘ/ ਰਾਜਵੰਤ ਕੌਰ | Rs. 19,64,407.71/- (ਉਨੀ ਲੱਖ ਚੌਂਹਠ ਹਜ਼ਾਰ ਚਾਰ ਸੌ ਸੱਤ ਅਤੇ ਇਕਹੱਤਰ ਪੈਸੇ ਕੇਵਲ) 30.01.2026 ਅਨੁਸਾਰ |
| **ਜਾਇਦਾਦ ਦਾ ਵੇਰਵਾ**: ਪਿੰਡ ਸਮਾਣਾ, (ਹਦਬਸਤ ਨੰ. 87), ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ | | |

ਇਸ ਲਈ, ਕਰਜ਼ਦਾਰ / ਸਹਿ-ਕਰਜ਼ਦਾਰ ਨੂੰ ਨੋਟਿਸ ਦਿੱਤਾ ਜਾਂਦਾ ਹੈ, ਜਿਵੇਂ ਕਿ ਇੱਥੇ ਉੱਪਰ ਦੱਸਿਆ ਗਿਆ ਹੈ, ਉਹਨਾਂ ਨੂੰ ਇਸ ਨੋਟਿਸ ਦੇ ਪ੍ਰਕਾਸ਼ਨ ਦੇ 60 ਦਿਨਾਂ ਦੇ ਅੰਦਰ, ਇੱਥੇ ਉੱਪਰ ਦਰਸਾਈ ਗਈ ਕੁੱਲ ਬਕਾਇਆ ਰਕਮ ਦਾ ਭੁਗਤਾਨ ਸਬੰਧਤ ਉਧਾਰ ਲੈਣ ਵਾਲੇ / ਸਹਿ-ਉਧਾਰ ਲੈਣ ਵਾਲੇ ਵਿਰੁੱਧ ਕਰਨ ਲਈ ਕਿਹਾ ਜਾਂਦਾ ਹੈ। ਸਬੰਧਤ ਕਰਜ਼ਦਾਰ / ਸਹਿ-ਕਰਜ਼ਦਾਰ ਦੁਆਰਾ ਕੁੱਲ ਬਕਾਇਆ ਰਕਮ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿਣ 'ਤੇ, ARCI* ਉੱਪਰ ਦੱਸੇ ਅਨੁਸਾਰ ਜਾਇਦਾਦਾਂ 'ਤੇ ਸੁਰੱਖਿਆ ਵਿਆਜ ਲਾਗੂ ਕਰਨ ਲਈ ਧਾਰਾ 13(4) ਦੇ ਤਹਿਤ ਲੈਣ ਲਈ ਮਜਬੂਰ ਹੋਵੇਗਾ, ਐਕਟ ਅਤੇ ਇੱਥੇ ਬਣਾਏ ਗਏ ਨਿਯਮਾਂ ਦੇ ਤਹਿਤ ਨਿਰਧਾਰਤ ਹੋਰ ਤਰੀਕਿਆਂ ਨਾਲ ਨੋਟਿਸ ਦੀ ਸੇਵਾ ਲਈ ਵੀ ਕਦਮ ਚੁੱਕੇ ਜਾ ਰਹੇ ਹਨ। ਤੁਹਾਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਮੌਰਗੇਜ ਨੂੰ ਸਰਫਾਇਸੀ ਐਕਟ ਦੀ ਧਾਰਾ 13(8) ਵਿੱਚ ਦੱਸੇ ਅਨੁਸਾਰ, ਜਨਤਕ ਨਿਲਾਮੀ ਜਾਂ ਵਿਕਰੀ ਦੁਆਰਾ ਟ੍ਰਾਂਸਫਰ ਲਈ ਨਿੱਜੀ ਸੰਧੀ ਲਈ ਨੋਟਿਸ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ Arcil ਦੁਆਰਾ ਖਰਚਿਆਂ, ਖਰਚਿਆਂ ਅਤੇ ਖਰਚਿਆਂ ਦੇ ਨਾਲ ਪੂਰੀ ਬਕਾਇਆ ਰਕਮ ਦੇ ਭੁਗਤਾਨ 'ਤੇ ਛੁਡਾਇਆ ਜਾ ਸਕਦਾ ਹੈ।
ਧਿਆਨ ਦਿਓ ਕਿ ਸਰਫਾਇਸੀ ਐਕਟ ਦੇ S-13(13) ਦੇ ਅਨੁਸਾਰ, ਤੁਹਾਨੂੰ ਇਸ ਦੁਆਰਾ ਸੁਰੱਖਿਅਤ ਜਾਇਦਾਦਾਂ ਨੂੰ ਕਿਸੇ ਵੀ ਤਰੀਕੇ ਨਾਲ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟ੍ਰਾਂਸਫਰ ਕਰਨ ਅਤੇ/ਜਾਂ ਉਹਨਾਂ ਨਾਲ ਨਜਿੱਠਣ ਤੋਂ ਰੋਕਿਆ ਜਾਂਦਾ ਹੈ।
ਸਹੀ/-
ਸਥਾਨ: ਪਟਿਆਲਾ (ਪੰਜਾਬ) ਅਧਿਕਾਰਤ ਅਧਿਕਾਰੀ,
ਮਿਤੀ: 12.06.2026 ਸੰਪਤੀ ਪੁਨਰ ਨਿਰਮਾਣ ਕੰਪਨੀ (ਇੰਡੀਆ) ਲਿਮਟਿਡ (ਟਰੱਸਟੀ ਵਜੋਂ)
Arcil Premier ARC **ਅਸੈਟ ਪੁਨਰ ਨਿਰਮਾਣ ਕੰਪਨੀ (ਇੰਡੀਆ) ਲਿਮਟਿਡ.,**
ਸੀਆਈਐਨ ਨੰਬਰ: U65999MH2002PLC134884 ਵੈੱਬਸਾਈਟ: www.arcil.co.in
ਰਜਿਸਟਰਡ ਦਫ਼ਤਰ: ਦ ਰੂਬੀ, 10ਵੀਂ ਮੰਜ਼ਿਲ, 29 ਸੈਨਾਪਤੀ ਬਾਪਟ ਮਾਰਗ, ਦਾਦਰ (ਪੱਛਮ), ਮੁੰਬਈ - 400028। ਟੈਲੀਫ਼ੋਨ ਨੰਬਰ: 022-66581300।



**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3 )**
ਜ਼ਮੀਨੀ ਤਲ ਐਸਸੀਓ 33-34-35, ਸੈਕਟਰ 17-ਏ ਚੰਡੀਗੜ੍ਹ-160017

ਮਾਮਲਾ ਨੰ. : ਓਏ/58/2025
ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ
ਈਐਕਸਐਚ.ਨੰ.: 31924
ਬੈਂਕ ਆਫ ਬੜੌਦਾ
ਬਨਾਮ
ਮੈਸ. ਹਨੀ ਗਾਰਮੈਂਟਸ ਅਤੇ ਹੋਰ
ਵੱਲ,
(1) ਮੈਸ. ਹਨੀ ਗਾਰਮੈਂਟਸ ਆਪਣੇ ਇਕਲੌਤੇ ਮਾਲਕ ਸ਼੍ਰੀ ਹਰੀਸ਼ ਕੁਮਾਰ ਪੁੱਤਰ ਸ਼੍ਰੀ ਭਗਤ ਰਾਮ, ਦੁਕਾਨ ਨੰਬਰ 1, ਗਲੀ ਨੰਬਰ 5, ਨਿਊ ਸੁਭਾਸ਼ ਨਗਰ, ਲੁਧਿਆਣਾ-141122, ਦੂਜਾ ਪਤਾ: ਦੁਕਾਨ ਨੰਬਰ 326, ਗੁਰਦੁਆਰਾ ਅਕਾਲਗੜ੍ਹ, ਚੌੜਾ ਬਾਜ਼ਾਰ, ਲੁਧਿਆਣਾ ਰਾਹੀਂ।
2) ਸ਼੍ਰੀ ਹਰੀਸ਼ ਕੁਮਾਰ ਪੁੱਤਰ ਸ਼੍ਰੀ ਭਗਤ ਰਾਮ ਇਕੱਲੇ ਮਾਲਕ ਮੈਸਰਜ਼ ਹਨੀ ਗਾਰਮੈਂਟਸ, ਦੁਕਾਨ ਨੰਬਰ 1, ਗਲੀ ਨੰਬਰ 5, ਨਿਊ ਸੁਭਾਸ਼ ਨਗਰ, ਲੁਧਿਆਣਾ-141122, ਦੂਜਾ ਪਤਾ: ਮਕਾਨ ਨੰਬਰ 13982, ਰਮੇਸ਼ ਨਗਰ, ਟਿੱਬਾ ਰੋਡ, ਲੁਧਿਆਣਾ। ਤੀਜਾ ਪਤਾ: ਮਕਾਨ ਨੰਬਰ 16/17 ਡੀ, ਡੈਲਟਾ ਸਿਟੀ, ਰਾਣੀਆ, ਲੁਧਿਆਣਾ-141122।
**ਸੰਮਨ**
**ਜਿਥੇ ਕਿ, ਓ. ਏ./58/2025, 01.06.2026 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ ਰੁ. 22,62,451.16/- (ਅਰਜ਼ੀ, ਦਸਤਾਵੇਜ਼ਾਂ ਦੀਆਂ ਕਾਪੀਆਂ ਆਦਿ ਦੇ ਨਾਲ, ਨਾਲ ਨੱਥੀ ਹੈ।) ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) ਕਾਨੂੰਨ ਦੀ ਧਾਰਾ 19 (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 17.07.2026 ਨੂੰ **ਸਵੇਰੇ 10.30 ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 02.06.2026 ਨੂੰ ਜਾਰੀ।**
ਸਹੀ/-
ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ
ਨੋਟ : ਜੋ ਵੀ ਲਾਗੂ ਨਾ ਹੋਵੇ ਉਸਨੂੰ ਕੱਟ ਦਿਓ



**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ-I**
ਐਸ.ਸੀ.ਓ. 33-34-35, ਦੂਜੀ ਮੰਜ਼ਿਲ, ਸੈਕਟਰ 17-ਏ ਚੰਡੀਗੜ੍ਹ-160017

ਆਰਸੀ ਨੰਬਰ 111/2019
ਯੂਕੋ ਬੈਂਕ .....ਸਰਟੀਫਿਕੇਟ ਧਾਰਕ
ਬਨਾਮ
ਲਖਵਿੰਦਰ ਸਿੰਘ ......ਸਰਟੀਫਿਕੇਟ ਦੇਣਦਾਰ
ਪ੍ਰਕਾਸ਼ਨ ਸੂਚਨਾ
**ਆਰਡੀਡੀਬੀਐਫਆਈ ਐਕਟ, 1993 ਦੀ ਧਾਰਾ 25 ਤੋਂ 29, ਆਮਦਨ ਕਰ ਐਕਟ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 53 ਵੇਖੋ)**
**ਵਿਕਰੀ ਘੋਸ਼ਣਾ ਦਾ ਨਿਪਟਾਰਾ ਕਰਨ ਦਾ ਨੋਟਿਸ**
ਵੱਲ,
**1. ਸ਼੍ਰੀ ਲਖਵਿੰਦਰ ਸਿੰਘ ਪੁੱਤਰ ਸ਼੍ਰੀ ਕਰਨੈਲ ਸਿੰਘ, ਨਿਵਾਸੀ ਪਿੰਡ ਮੱਲੀਵਾਲ, ਡਾਕਘਰ ਮੱਲੂਪੁਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ।**
**2. ਸ਼੍ਰੀ ਕਰਨੈਲ ਸਿੰਘ ਪੁੱਤਰ ਸ਼੍ਰੀ ਸੋਹਣ ਸਿੰਘ, ਨਿਵਾਸੀ ਪਿੰਡ ਮੱਲੀਵਾਲ, ਡਾਕਘਰ ਮੱਲੂਪੁਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ।**
ਜਦੋਂ ਕਿ, ਮਾਨਯੋਗ ਪ੍ਰੀਜ਼ਾਈਡਿੰਗ ਅਫਸਰ ਦੁਆਰਾ ਜਾਰੀ ਕੀਤਾ ਗਿਆ ਇੱਕ ਰਿਕਵਰੀ ਸਰਟੀਫਿਕੇਟ ਨੰਬਰ 111/2019, ਓ.ਏ. ਨੰਬਰ 3336/2017 ਵਿੱਚ 2,19,25,961/- ਰੁਪਏ (ਦੋ ਕਰੋੜ ਉਨੀ ਲੱਖ ਪੱਚੀ ਹਜ਼ਾਰ ਨੌਂ ਸੌ ਸੱਠ ਇਕਵੰਜਾ ਰੁਪਏ) ਦੀ ਰਕਮ 10% ਸਾਲਾਨਾ ਵਿਆਜ ਸਮੇਤ, ਓ.ਏ. ਦਾਇਰ ਕਰਨ ਦੀ ਮਿਤੀ ਤੋਂ, ਭਾਵ 08.06.2016 ਤੱਕ, ਲਾਗਤਾਂ ਸਮੇਤ ਵਸੂਲੀ ਦੀ ਮਿਤੀ ਤੱਕ।
ਜਦੋਂ ਕਿ, ਮੰਗ ਨੋਟਿਸ ਦੀ ਸੇਵਾ ਅਤੇ ਕਾਫ਼ੀ ਮਿਆਦ ਦੀ ਸਮਾਪਤੀ ਦੇ ਬਾਵਜੂਦ, ਉਕਤ ਰਕਮ ਤੁਹਾਡੇ ਦੁਆਰਾ ਸੀਐਚ ਬੈਂਕ ਨੂੰ ਅਦਾ ਨਹੀਂ ਕੀਤੀ ਗਈ ਹੈ।
ਤੁਹਾਨੂੰ ਕਾਨੂੰਨ ਦੀ ਜ਼ਰੂਰਤ ਨੂੰ ਪੂਰਾ ਕਰਨਾ ਪਵੇਗਾ।
ਮਰਜਵਾਬ ਜਾਇਦਾਦ ਦੇ ਸਬੰਧ ਵਿੱਚ ਵਿਕਰੀ ਦਾ ਐਲਾਨ ਜਾਰੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਲਈ, ਇਹ ਨੋਟਿਸ 03.07.2026 ਨੂੰ POS ਲਈ ਨਿਯਮਾਂ ਅਤੇ ਸ਼ਰਤਾਂ ਦਾ ਨਿਪਟਾਰਾ ਕਰਨ ਲਈ ਪੇਸ਼ ਹੋਣਾ ਚਾਹੀਦਾ ਹੈ।
**ਜਾਇਦਾਦਾਂ ਦਾ ਵੇਰਵਾ**
**ਖੇਤੀਬਾੜੀ ਵਾਲੀ ਜ਼ਮੀਨ 79 ਕਨਾਲ 17 ਮਰਲੇ ਹੈ, ਜਿਸ ਵਿੱਚ ਖੇਵਟ ਖਤੌਨੀ ਨੰਬਰ 35/44, ਖਸਰਾ ਨੰਬਰ 8//3/2 (56), 4 (8-0), 5/1(6-4), 6/2 (6-4), 7(8-0), 8/1 (5-12), 13/1(2-13), 14/1(2-13), 15/1(2-1), 18//16/2(2-7), 17/2(5-15), 18/2(5-17), 19/1(2-8), 22/2(2-8), 23(7-10), 24(2-9), 23//2/2(1-9), 3(1-4), 28//14(8-0), 17(6-11), 29//24(4-1), 25(2-4), 30//4/2(4-0), 5(5-4), 7(4-4), 51//7(0-2), 1029/2246 ਹਿੱਸਾ ਰਕਬਾ 51 ਕਨਾਲ 09 ਮਰਲੇ ਅਤੇ ਖੇਵਤ ਖਤੌਨੀ ਨੰ: 39/47, ਖਸਰਾ ਨੰ. 8//13/2 (5-7), 14/2(5-7), 28//6/2(2-10), 7/1(0-13), 7/3(3-4), ਹਿੱਸਾ ਰਕਬਾ 8 ਕਨਾਲ 10 ਮਰਲੇ, ਖੇਵਟ ਖਤੌਨੀ ਨੰ: 38/46, ਖਸਰਾ ਨੰ: 8//15/2 (5-17), 28//7/4 (3-12), ਕਿੱਤਾ-2, ਰਕਬਾ 9 ਕਨਾਲ 9 ਮਰਲੇ ਅਤੇ ਖੇਵਟ ਖਤੌਨੀ ਨੰ: 46/55, 47/56 ਖਸਰਾ ਨੰ: 30//3(1-13), 4/1(4-0), 28//15/2(2-9), 16(5-9), ਕਿੱਤਾ-4, ਹਿੱਸਾ ਰਕਬਾ 3 ਕਨਾਲ 8 ਮਰਲੇ ਅਤੇ ਖਸਰਾ ਨੰ: 9//11/1 (2-6),1/1 (2-8), 10/3 (2-8), 8//5/2(1-8), 6/1(1-8), ਹਿੱਸਾ ਰਕਬਾ 04 ਕਨਾਲ 19 ਮਰਲੇ ਅਤੇ ਖੇਵਤ ਖਤੌਨੀ ਨੰ: 26/31, ਖਸਰਾ ਨੰ: 8//16(7-11), 17/1(1-18), 9//19 (8-0), 20 (7 19 ਮਰਲੇ 20 ਮਰਲੇ ਰਕਬਾ), ਹਿੱਸਾ 02 ਕਨਾਲ, 02 ਮਰਲੇ ਰਕਬਾ ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ।**
ਇਸ ਟ੍ਰਿਬਿਊਨਲ ਦੇ ਮੇਰੇ ਦਸਤਖ਼ਤ ਅਤੇ ਮੋਹਰ ਹੇਠ 02.06.2026 ਨੂੰ ਚੰਡੀਗੜ੍ਹ ਵਿਖੇ ਦਿੱਤਾ ਗਿਆ।
ਵਸੂਲੀ ਅਫ਼ਸਰ-1,
ਡੀਆਰਟੀ-1, ਚੰਡੀਗੜ੍ਹ

# ਲੁਧਿਆਣਾ ਵਿੱਚ ਜੀ.ਐਸ.ਟੀ. ਧੋਖਾਧੜੀ ਰੈਕਟ ਦਾ ਪਰਦਾਫਾਸ਼




ਲੁਧਿਆਣਾ, 11 ਜੂਨ(ਵਿਸ਼ਾਲ ਸ਼ਰਮਾ): ਰਾਜ ਕਰ ਵਿਭਾਗ, ਪੰਜਾਬ ਨੇ ਹਾਲ ਹੀ ਵਿੱਚ ਇੱਕ ਡਾਟਾ ਸੰਚਾਲਿਤ ਤਸਦੀਕ ਅਭਿਆਸ ਦੌਰਾਨ ਇੱਕ ਚੰਗੀ ਤਰ੍ਹਾਂ ਸੰਗਠਿਤ ਧੋਖਾਧੜੀ ਵਾਲੇ ਇਨਪੁਟ ਟੈਕਸ ਕ੍ਰੈਡਿਟ (ਟੀ.ਆਈ.ਸੀ) ਰੈਕੇਟ ਦਾ ਪਰਦਾਫਾਸ਼ ਕੀਤਾ ਹੈ, ਜਿਸ ਤਹਿਤ ਲੁਧਿਆਣਾ ਭਰ ਵਿੱਚ ਮੁੱਖ ਤੌਰ 'ਤੇ ਕੰਮ ਕਰ ਰਹੇ ਜੀ.ਐਸ.ਟੀ ਧੋਖਾਧੜੀ ਦੇ ਸੰਗਠਿਤ ਨੈੱਟਵਰਕ ਸ਼ਾਮਲ ਹਨ।

ਇਹ ਜਾਣਕਾਰੀ ਸ਼੍ਰੀਮਤੀ ਰਣਧੀਰ ਕੌਰ ਡੀ.ਸੀ.ਐਸ.ਟੀ ਲੁਧਿਆਣਾ ਡਿਵੀਜ਼ਨ ਨੇ ਦਿੰਦੇ ਹੋਏ ਦੱਸਿਆ ਕਿ ਇਸ ਨੈੱਟਵਰਕ ਦਾ ਪਤਾ ਲਗਾਉਣਾ ਜੀ.ਐਸ.ਟੀ.ਆਰ-2ਏ/2ਬੀ ਵਿੱਚ ਦਰਸਾਏ ਗਏ ਖਰੀਦ ਡਾਟਾ ਦੀ ਵਿਸ਼ਲੇਸ਼ਣਾਤਮਕ ਤੁਲਨਾ ਦੁਆਰਾ ਸੰਭਵ ਹੋਇਆ ਸੀ ਜੋ ਸਬੰਧਿਤ ਈ-ਵੇਅ ਬਿੱਲ ਰਿਕਾਰਡਾਂ ਦੇ ਨਾਲ-ਨਾਲ ਸਬੰਧਿਤ ਈ-ਵੇਅ ਬਿੱਲ ਰਿਕਾਰਡਾਂ ਦੇ ਨਾਲ ਹੈ। ਇਹ ਧੋਖਾਧੜੀ ਵਾਲੇ ਲੈਣ-ਦੇਣ, ਜੀ.ਐਸ.ਟੀ ਰਜਿਸਟ੍ਰੇਸ਼ਨ ਨੰਬਰਾਂ ਦੀ ਦੁਰਵਰਤੋਂ ਅਤੇ ਜਾਅਲੀ ਟੈਕਸ ਦਸਤਾਵੇਜ਼ਾਂ ਦੇ ਸਰਕੂਲੇਸ਼ਨ ਨਾਲ ਸਬੰਧਤ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਫਰਮਾਂ, ਜਿਨ੍ਹਾਂ ਨੂੰ ਸਰਕਾਰ ਦੀ 'ਕਾਰੋਬਾਰ ਕਰਨ ਵਿੱਚ ਸੌਖ' ਪਹਿਲਕਦਮੀ ਦੇ ਤਹਿਤ ਜੀ.ਐਸ.ਟੀ ਰਜਿਸਟ੍ਰੇਸ਼ਨ ਨੰਬਰ ਦਿੱਤੇ ਗਏ ਸਨ, ਇੱਕ ਵਿਚਾਰ ਜੋ ਜਾਇਜ਼ ਵਪਾਰ ਅਤੇ ਉਦਯੋਗ ਨੂੰ ਧੋਖਾਧੜੀ ਵਾਲੇ ਦਸਤਾਵੇਜ਼ਾਂ ਰਾਹੀਂ ਜੀ.ਐਸ.ਟੀ ਰਜਿਸਟ੍ਰੇਸ਼ਨ ਪ੍ਰਾਪਤ ਕਰਨ ਜਾਂ ਫਰਜ਼ੀ ਇਨਪੁਟ ਟੈਕਸ ਕ੍ਰੈਡਿਟ (ਆਈ.ਟੀ.ਸੀ) ਤਿਆਰ ਕਰਨ ਅਤੇ ਪਾਸ ਕਰਨ ਲਈ ਯੋਜਨਾਬੱਧ ਢੰਗ ਨਾਲ ਉਕਤ ਰਜਿਸਟ੍ਰੇਸ਼ਨਾਂ ਦੀ ਦੁਰਵਰਤੋਂ ਕਰਨ ਲਈ ਤਿਆਰ ਕੀਤਾ ਗਿਆ ਹੈ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਕਾਫ਼ੀ ਮਾਲੀਆ ਦਾ ਨੁਕਸਾਨ ਹੋਇਆ ਹੈ। ਇਸ ਢੰਗ ਵਿੱਚ ਸਾਮਾਨ ਜਾਂ ਸੇਵਾਵਾਂ ਦੀ ਅਸਲ ਸਪਲਾਈ ਤੋਂ ਬਿਨਾਂ ਧੋਖਾਧੜੀ ਵਾਲੇ ਟੈਕਸ ਇਨਵੌਇਸ ਜਾਰੀ ਕਰਨਾ ਅਤੇ ਸਰਕੂਲੇਸ਼ਨ ਸ਼ਾਮਲ ਸੀ। ਇਹਨਾਂ ਜਾਅਲੀ ਇਨਵੌਇਸਾਂ ਦੀ ਵਰਤੋਂ ਨਾ ਸਿਰਫ਼ ਸਰਕਾਰ ਨੂੰ ਸਗੋਂ ਸਪਲਾਈ ਲੜੀ ਵਿੱਚ ਅਸਲ ਖਰੀਦਦਾਰਾਂ ਨੂੰ ਵੀ ਧੋਖਾ ਦਿੱਤਾ ਗਿਆ ਹੈ। ਇਹ ਦੇਖਿਆ ਗਿਆ ਕਿ ਕਈ ਸੰਸਥਾਵਾਂ ਨੇ ਜੀ.ਐਸ.ਟੀ.ਆਰ-2ਏ/2ਬੀ ਵਿੱਚ ਕਾਫ਼ੀ ਅੰਦਰੂਨੀ ਸਪਲਾਈ ਦੀ ਰਿਪੋਰਟ ਕੀਤੀ ਸੀ ਹਾਲਾਂਕਿ, ਜਾਂ ਤਾਂ ਮਾਲ ਦੀ ਆਵਾਜਾਈ ਲਈ ਕੋਈ ਮੇਲ ਖਾਂਦਾ ਈ-ਵੇਅ ਬਿੱਲ ਮੌਜੂਦ ਨਹੀਂ ਸੀ ਜਾਂ ਹੋਰ ਗੰਭੀਰ ਅੰਤਰ ਹਨ। ਇਸ ਅੰਤਰ ਨੇ ਲੈਣ-ਦੇਣ ਦੀ ਅਸਲੀਅਤ ਬਾਰੇ ਸ਼ੱਕ ਪੈਦਾ ਕੀਤਾ ਅਤੇ ਸਬੰਧਤ ਫਰਮਾਂ ਦੀ ਵਿਸਤ੍ਰਿਤ ਜਾਂਚ ਦੀ ਅਗਵਾਈ ਕੀਤੀ।

ਇਹ ਵਿਭਾਗ ਦੀ ਜਾਂਚ ਦੇ ਘੇਰੇ ਵਿੱਚ ਆਇਆ ਹੈ ਕਿ ਕਾਰੋਬਾਰ ਕਰਨ ਵਿੱਚ ਆਸਾਨੀ ਦੀ ਸਹੂਲਤ ਲਈ ਦਿੱਤੀਆਂ ਗਈਆਂ ਜੀ.ਐਸ.ਟੀ ਰਜਿਸਟ੍ਰੇਸ਼ਨਾਂ ਨੂੰ ਅਰਜ਼ੀ ਦੇ ਸਮੇਂ ਧੋਖਾਧੜੀ ਵਾਲੇ ਦਸਤਾਵੇਜ਼ਾਂ ਦੁਆਰਾ ਹਥਿਆਰ ਬਣਾਇਆ ਜਾ ਰਿਹਾ ਹੈ ਜਾਂ ਜਾਅਲੀ ਆਈ.ਟੀ.ਸੀ ਚੇਨ ਬਣਾਈ ਜਾ ਰਹੀ ਹੈ। ਵਿਭਾਗ ਇਹ ਯਕੀਨੀ ਬਣਾ ਰਿਹਾ ਹੈ ਕਿ ਸਰਕਾਰੀ ਮਾਲੀਏ ਦੀ ਸੁਰੱਖਿਆ ਲਈ ਅਤੇ ਜੀ.ਐਸ.ਟੀ ਸ਼ਾਸਨ ਅਧੀਨ ਟੈਕਸ ਚੋਰੀ ਅਤੇ ਧੋਖਾਧੜੀ ਦੇ ਅਭਿਆਸਾਂ ਵਿੱਚ ਸ਼ਾਮਲ ਇਕਾਈਆਂ ਵਿਰੁੱਧ ਸਖ਼ਤ ਕਾਰਵਾਈ ਯਕੀਨੀ ਬਣਾਉਣ ਲਈ ਅਜਿਹੀ ਹਰ ਧੋਖਾਧੜੀ ਵਾਲੀ ਇਕਾਈ ਨੂੰ ਕਾਬੂ ਵਿੱਚ ਲਿਆਂਦਾ ਜਾਵੇ।

# ਨਗਰ ਨਿਗਮ ਨੇ 7500 ਟਨ ਗੋਹਾ ਬੁੱਢੇ ਦਰਿਆ ਵਿੱਚ ਪੈਣ ਤੋਂ ਰੋਕਿਆ : ਸੰਤ ਸੀਚੇਵਾਲ



ਲੁਧਿਆਣਾ, 11 ਜੂਨ (ਵਿਸ਼ਾਲ ਸ਼ਰਮਾ): ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਬੁੱਢੇ ਦਰਿਆ ਦੀ ਸਫ਼ਾਈ ਮੁਹਿੰਮ ਬਾਰੇ 38ਵੀਂ ਮੀਟਿੰਗ ਨੂੰ ਸੰਬੋਧਨ ਕਰਦਿਆ ਹੋਇਆ ਕਿਹਾ ਕਿ ਬੁੱਢੇ ਦਰਿਆ ਦੇ ਪਾਣੀਆਂ ਵਿੱਚ ਹੋਏ ਵੱਡੇ ਸੁਧਾਰਾਂ ਲਈ ਸਮੁੱਚੇ ਅਧਿਕਾਰੀਆਂ ਨੇ ਇੱਕ ਟੀਮ ਦੇ ਰੂਪ ਵਿੱਚ ਕੰਮ ਕੀਤਾ ਹੈ, ਜਿਸ ਦੇ ਹਾਂ ਪੱਖੀ ਨਤੀਜੇ ਆ ਰਹੇ ਹਨ। ਸੰਤ ਸੀਚੇਵਾਲ ਨੇ ਕਿਹਾ ਕਿ ਜਿਹੜੇ ਅਧਿਕਾਰੀ ਬੁੱਢੇ ਦਰਿਆ ਦੀ ਸਫ਼ਾਈ ਵਿੱਚ ਹਾਂ ਪੱਖੀ ਭੂਮਿਕਾ ਨਿਭਾਅ ਰਹੇ ਹਨ, ਉਨ੍ਹਾਂ ਦਾ ਕੋਟਿਨ ਕੋਟਿ ਧੰਨਵਾਦ ਅਤੇ ਜਿਹੜੇ ਲਾਪ੍ਰਵਾਹੀ ਕਰਨਗੇ ਉਨ੍ਹਾਂ ਵਿਰੁੱਧ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ।

ਮੀਟਿੰਗ ਵਿੱਚ ਏ.ਡੀ.ਸੀ ਅਮਿਤ ਬੈਂਬੀ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਅਮਨਪ੍ਰੀਤ ਸਿੰਘ ਸਮੇਤ ਪੁਲਿਸ, ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ, ਪੀਪੀਸੀਬੀ, ਗੋਬਰ ਚੁੱਕਣ ਲਈ ਰੱਖੇ ਠੇਕੇਦਾਰ ਸਮੇਤ ਦੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ। ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਤਾਜਪੁਰ ਵਿੱਚੋਂ 12 ਅਪ੍ਰੈਲ ਤੋਂ 8 ਜੂਨ ਤੱਕ 3500 ਟਨ ਅਤੇ ਹੈਬੋਵਾਲ ਦੀਆਂ ਡੇਅਰੀਆਂ ਵਿੱਚੋਂ 16 ਅਪ੍ਰੈਲ ਤੋਂ ਲੈਕੇ 8 ਜੂਨ ਤੱਕ 2500 ਟਨ ਗੋਹਾ ਚੁੱਕਿਆ ਹੈ। ਇਸ ਤੋਂ ਇਲਾਵਾ ਏਸੇ ਸਮੇਂ ਦੌਰਾਨ ਨਗਰ ਨਿਗਮ ਨੇ 1000 ਟਨ ਗੋਹਾ ਚੁੱਕਿਆ ਹੈ। ਸੰਤ ਸੀਚੇਵਾਲ ਨੇ ਦੱਸਿਆ ਕਿ ਮੀਟਿੰਗ ਦੌਰਾਨ ਅਧਿਕਾਰੀਆਂ ਨੇ ਦੱਸਿਆ ਕਿ ਏਨਾ 62 ਦਿਨਾਂ ਵਿੱਚ ਤਾਜਪੁਰ ਅਤੇ ਹੈਬੋਵਾਲ ਦੀਆਂ ਡੇਅਰੀਆਂ ਵਿੱਚੋਂ 7500 ਟਨ ਗੋਹਾ ਚੁੱਕਿਆ ਗਿਆ ਹੈ ਭਾਵ ਕਿ ਜੇ ਹਰ ਟਿੱਪਰ ਵਿੱਚ 12 ਟਨ ਗੋਹਾ ਭਰਿਆ ਜਾਂਦਾ ਤਾਂ 625 ਟਿੱਪਰ ਗੋਹੇ ਦੇ ਬੁੱਢੇ ਦਰਿਆ ਵਿੱਚ ਪੈਣ ਤੋਂ ਰੋਕੇ ਗਏ ਹਨ। ਉਨ੍ਹਾਂ ਸਵਾਲ ਖੜ੍ਹਾ ਕੀਤਾ ਕਿ ਬੁੱਢੇ ਦਰਿਆ ਵਿਚ ਗੋਹਾ ਤੇ ਮੁਤਰਾਲ ਪਾਉਣ ਵਾਲੇ, ਲੋਕਾਂ ਨਾਲ ਪਾਪ ਕਮਾ ਰਹੇ ਹਨ, ਜੋ ਉਨ੍ਹਾਂ ਨੂੰ ਆਪਣਾ ਗੰਦ ਪਿਲਾਉਣ ਲਈ ਮਜ਼ਬੂਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਕਿੱਧਰਲੀ ਇਨਸਾਨੀਅਤ ਹੈ। ਸਰਕਾਰ ਵੱਲੋਂ ਸਾਰਾ ਪ੍ਰਬੰਧ ਕਰਕੇ ਦੇਣ ਦੇ ਬਾਵਜੂਦ ਦਰਿਆ ਨੂੰ ਪਲੀਤ ਕਰੋ ਤੇ ਨਾਲੇ ਸਰਕਾਰ ਵਿਰੁੱਧ ਧਰਨੇ ਮੁਜ਼ਾਹਰੇ ਕਰੋ?

# ਕੌਂਸਲਰ ਨਿਧੀ ਦੇ ਯਤਨਾਂ ਸਦਕਾ ਵਾਰਡ ਨੰਬਰ 19 'ਚ ਸੜਕ ਨਿਰਮਾਣ ਦੀ ਸ਼ੁਰੂਆਤ



ਲੁਧਿਆਣਾ, 11 ਜੂਨ (ਵਿਸ਼ਾਲ ਸ਼ਰਮਾ): ਕੌਂਸਲਰ ਨਿਧੀ ਗੁਪਤਾ ਦੀਆਂ ਕੋਸ਼ਿਸ਼ਾਂ ਸਦਕਾ ਵਾਰਡ ਨੰ. 19 ਦੇ ਲੋਕਾਂ ਦੀ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰਦਿਆਂ ਹੋਇਆਂ, ਨਿਊ ਕੀਰਤੀ ਨਗਰ ਵਿੱਚ ਕਰੀਬ 18 ਲੱਖ ਰੁਪਏ ਦੀ ਲਾਗਤ ਨਾਲ ਸੜਕ ਦੇ ਨਿਰਮਾਣ ਕਾਰਜ ਦਾ ਉਦਘਾਟਨ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਵੱਲੋਂ ਕੀਤਾ ਗਿਆ। ਇਸ ਮੌਕੇ ਕੌਂਸਲਰ ਨਿਧੀ ਗੁਪਤਾ ਸਣੇ ਇਲਾਕੇ ਦੀਆਂ ਪਤਵੰਤੀਆਂ ਸ਼ਖਸੀਅਤਾਂ ਵੀ ਮੌਜੂਦ ਰਹੀਆਂ। ਇਸ ਮੌਕੇ ਸੰਬੋਧਨ ਕਰਦਿਆਂ, ਵਿਧਾਇਕ ਭੋਲਾ ਗਰੇਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ 45 ਹਜ਼ਾਰ ਕਿਲੋਮੀਟਰ ਸੜਕਾਂ ਦਾ ਨਵੀਨੀਕਰਨ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਮੁਹੱਲਾ ਕਲੀਨਿਕ, ਵੱਡੇ ਪੱਧਰ 'ਤੇ ਨੌਕਰੀਆਂ, ਮਹਿਲਾਵਾਂ ਨੂੰ ਸਨਮਾਨ ਰਾਸ਼ੀ ਸਣੇ ਹੋਰ ਗਈ ਸੁਵਿਧਾਵਾਂ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਜਦਕਿ ਇਹ ਸੜਕ ਨਾ ਸਿਰਫ ਨਿਊ ਕੀਰਤੀ ਨਗਰ ਦੇ ਨਿਵਾਸੀਆਂ, ਬਲਕਿ ਇਥੋਂ ਨਿਕਲਣ ਵਾਲੇ ਵੱਡੀ ਗਿਣਤੀ 'ਚ ਰਾਹਗੀਰਾਂ ਨੂੰ ਵੀ ਫਾਇਦਾ ਪਹੁੰਚਾਏਗੀ। ਇਲਾਕਾ ਕੌਂਸਲਰ ਅਤੇ ਆਮ ਆਦਮੀ ਪਾਰਟੀ ਜ਼ਿਲ੍ਹਾ ਲੁਧਿਆਣਾ ਦੇ ਸਕੱਤਰ ਨਿਧੀ ਗੁਪਤਾ ਨੇ ਦੱਸਿਆ ਕਿ ਪਿਛਲੇ ਕਰੀਬ 40-50 ਸਾਲਾਂ ਤੋਂ ਕਲੋਨੀ ਦੇ ਵਾਸੀ ਇਸ ਸੜਕ ਦੇ ਨਿਰਮਾਣ ਦਾ ਇੰਤਜ਼ਾਰ ਕਰ ਰਹੇ ਸਨ। ਕਈ ਪਾਰਟੀਆਂ ਸੱਤਾ ਵਿੱਚ ਆਈਆਂ ਅਤੇ ਚਲੀਆਂ ਗਈਆਂ, ਲੇਕਿਨ ਇਸ ਸਮੱਸਿਆ ਦਾ ਹੱਲ ਨਾ ਹੋ ਸਕਿਆ। ਉਹਨਾਂ ਨੇ ਵਿਧਾਇਕ ਭੋਲਾ ਅਤੇ ਸਮੂਹ ਲੀਡਰਸ਼ਿਪ ਦਾ ਧੰਨਵਾਦ ਕੀਤਾ, ਜਿਨ੍ਹਾਂ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਵਾਇਆ ਜਾ ਰਿਹਾ ਹੈ। ਉਹਨਾਂ ਨੇ ਕਿਹਾ ਕਿ ਇਲਾਕੇ ਦੇ ਬਾਕੀ ਰਹਿ ਗਏ ਕੰਮ ਵੀ ਥੋੜ੍ਹੇ ਦਿਨਾਂ ਵਿੱਚ ਮੁਕੰਮਲ ਕਰ ਲਏ ਜਾਣਗੇ। ਇਸ ਦੌਰਾਨ ਹੋਰਨਾਂ ਤੋਂ ਇਲਾਵਾ, ਗੁਰਸ਼ਰਨ ਸਿੰਘ (ਗਿਫਟੀ), ਅਗਰਵਾਲ ਵੈਲਫੇਅਰ ਬੋਰਡ ਦੇ ਵਾਈਸ ਚੇਅਰਮੈਨ ਅਭਿਸ਼ੇਕ ਗੁਪਤਾ, ਬਾਬਾ ਬਾਲਕ ਨਾਥ ਮੰਦਿਰ ਦੇ ਪੰਡਿਤ ਜਗਦੀਪ ਸਿੰਘ, ਹਰਿੰਦਰ, ਦੌਲਤ ਰਾਮ, ਜੋਗਿੰਦਰ ਲਾਲਾ, ਰਾਜ ਕੁਮਾਰ, ਬਾਪੂ ਟਰਾਂਸਪੋਰਟ ਵਾਲੇ, ਮੋਹਿਤ ਸ਼ਰਮਾ, ਅਮਰਜੀਤ ਸਿੰਘ ਸਣੇ ਨਗਰ ਨਿਗਮ ਦੇ ਕਈ ਅਫਸਰ ਅਤੇ ਵੱਡੀ ਗਿਣਤੀ 'ਚ ਇਲਾਕਾ ਨਿਵਾਸੀ ਵੀ ਮੌਜੂਦ ਰਹੇ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਗੁਰਮਤਿ ਕੈਂਪ ਦੀ ਆਰੰਭਤਾ



ਲੁਧਿਆਣਾ, 11 ਜੂਨ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਸਿੱਖ ਮਿਸ਼ਨਰੀ ਕਾਲਜ ਪੱਖੋਵਾਲ ਸਰਕਲ ਲੁਧਿਆਣਾ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਗੁਰਮਤਿ ਕੈਂਪ ਦੀ ਆਰੰਭਤਾ 8 ਜੂਨ ਤੋਂ ਹੋਈ ਜੋ ਕਿ 14 ਜੂਨ ਦਿਨ ਐਤਵਾਰ ਤੱਕ ਚੱਲੇਗਾ । ਜਿਸ ਵਿੱਚ ਗੁਰਬਾਣੀ ਕੰਠ, ਸਿੱਖ ਇਤਿਹਾਸ, ਦਸਤਾਰ, ਕੀਰਤਨ, ਗਤਕਾ ਦੀ ਸਿਖਲਾਈ ਬੱਚਿਆਂ ਨੂੰ ਦਿੱਤੀ ਜਾਵੇਗੀ। ਕਾਫੀ ਬੱਚਿਆਂ ਦਾ ਉਤਸ਼ਾਹ ਦੇਖਣ ਨੂੰ ਮਿਲਿਆ। ਜਿਸ ਵਿੱਚ ਪਹਿਲੀ ਕਲਾਸ ਤੋਂ ਲੈ ਕੇ ਕਾਲਜ ਤੱਕ ਦੇ ਵਿਦਿਆਰਥੀ ਨੇ ਭਾਗ ਲਿਆ। ਕੀਰਤਨ ਸਿਖਲਾਈ ਬੀਬੀ ਤੇਜਿੰਦਰ ਕੌਰ ਅਤੇ ਰਣਧੀਰ ਸਿੰਘ, ਗੁਰਬਾਣੀ ਸਿਖਲਾਈ ਬੀਬੀ ਪਰਮਜੀਤ ਕੌਰ, ਸਿੱਖ ਇਤਿਹਾਸ ਪਰਵਿੰਦਰ ਸਿੰਘ, ਗਤਕਾ ਸਿਖਲਾਈ ਸੁਖਵਿੰਦਰ ਸਿੰਘ ਅਤੇ ਦਸਤਾਰ ਸਿਖਲਾਈ ਜਗਦੀਪ ਸਿੰਘ ਵੱਲੋਂ ਦਿੱਤੀ ਜਾਵੇਗੀ। ਬੱਚਿਆਂ ਨੂੰ ਸਿਖਲਾਈ ਸ਼ਾਮ 4 ਵਜੇ ਤੋਂ 6 ਵਜੇ ਤੱਕ ਦਿੱਤੀ ਜਾਵੇਗੀ। ਇਸ ਤਰ੍ਹਾਂ ਬੱਚਿਆਂ ਨੂੰ ਗੁਰਬਾਣੀ, ਕੀਰਤਨ ਅਤੇ ਗੱਤਕੇ ਨਾਲ ਜੋੜਨ ਦਾ ਇੱਕ ਵਧੀਆ ਉਪਰਾਲਾ ਕੀਤਾ। ਗੁਰਬਾਣੀ ਕੀਰਤਨ ਵਿੱਚ ਹਰਸ਼ੀਨ ਕੌਰ, ਸੀਰਤ ਕੌਰ, ਸਿਮਰਜੀਤ ਸਿੰਘ, ਤਾਰਨਪ੍ਰੀਤ ਕੌਰ, ਸਤਿੰਦਰ ਕੌਰ, ਕਮਲਜੋਤ ਸਿੰਘ ਬੱਚਿਆਂ ਨੇ ਭਾਗ ਲਿਆ । ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਸਾਰੇ ਬੱਚੇ ਵਧਾਈ ਦੇ ਪਾਤਰ ਹਨ। ਸਾਰੇ ਪਰਿਵਾਰਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਗੁਰਬਾਣੀ, ਕੀਰਤਨ ਅਤੇ ਸਿੱਖ ਇਤਿਹਾਸ ਨਾਲ ਜੋੜਨ।

# ਵਿਧਾਇਕ ਬੱਗਾ ਤੇ ਨਿਗਮ ਕਮਿਸ਼ਨਰ ਨੇ ਮਾਨਸੂਨ ਦੀਆਂ ਤਿਆਰੀਆਂ ਲਈ ਕੀਤੀ ਮੀਟਿੰਗ



ਲੁਧਿਆਣਾ, 11 ਜੂਨ ਵਿਸ਼ਾਲ ਸ਼ਰਮਾ): ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਅਤੇ ਮਾਨਸੂਨ ਦੀਆਂ ਤਿਆਰੀਆਂ ਨੂੰ ਯਕੀਨੀ ਬਣਾਉਣ ਲਈ, ਲੁਧਿਆਣਾ ਉੱਤਰੀ ਦੇ ਵਿਧਾਇਕ ਮਦਨ ਲਾਲ ਬੱਗਾ ਅਤੇ ਨਗਰ ਨਿਗਮ ਕਮਿਸ਼ਨਰ ਡਾ. ਨੀਰੂ ਕਤਿਆਲ ਗੁਪਤਾ ਨੇ ਵੀਰਵਾਰ ਨੂੰ ਸਰਾਭਾ ਨਗਰ ਸਥਿਤ ਨਗਰ ਨਿਗਮ ਜ਼ੋਨ ਡੀ ਦਫ਼ਤਰ ਵਿਖੇ ਨਗਰ ਨਿਗਮ ਦੇ ਸਬੰਧਤ ਅਧਿਕਾਰੀਆਂ ਨਾਲ ਇੱਕ ਸਮੀਖਿਆ ਮੀਟਿੰਗ ਕੀਤੀ। ਅਧਿਕਾਰੀਆਂ ਨੂੰ ਸੀਵਰ, ਪਾਣੀ ਸਪਲਾਈ ਲਾਈਨਾਂ ਵਿਛਾਉਣ, ਸੜਕਾਂ ਦੀ ਮੁੜ ਉਸਾਰੀ ਆਦਿ ਚੱਲ ਰਹੇ ਕੰਮਾਂ ਵਿੱਚ ਤੇਜ਼ੀ ਲਿਆਉਣ ਅਤੇ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਲਈ ਸਖ਼ਤ ਨਿਰਦੇਸ਼ ਜਾਰੀ ਕੀਤੇ ਗਏ।ਇਸ ਤੋਂ ਇਲਾਵਾ, ਅਧਿਕਾਰੀਆਂ ਨੂੰ ਟਿਊਬਵੈੱਲਾਂ ਦੇ ਸਹੀ ਕੰਮਕਾਜ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ ਗਏ ਹਨ, ਤਾਂ ਜੋ ਵਸਨੀਕਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਦੀ ਘਾਟ ਦਾ ਸਾਹਮਣਾ ਨਾ ਕਰਨਾ ਪਵੇ। ਨਗਰ ਨਿਗਮ ਦੀ ਬੀ ਐਂਡ ਆਰ ਸ਼ਾਖਾ ਅਤੇ ਓ ਐਂਡ ਐਮ ਸੈੱਲ ਦੇ ਅਧਿਕਾਰੀਆਂ ਨੂੰ ਵੀ ਇੱਕ ਦੂਜੇ ਨਾਲ ਤਾਲਮੇਲ ਕਰਕੇ ਕੰਮ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ, ਤਾਂ ਜੋ ਸੀਵਰ/ਪਾਣੀ ਸਪਲਾਈ ਲਾਈਨਾਂ ਲਗਾਉਣ ਅਤੇ ਸੜਕਾਂ ਦੀ ਮੁੜ ਉਸਾਰੀ ਦੇ ਪ੍ਰੋਜੈਕਟਾਂ ਵਿੱਚ ਦੇਰੀ ਨਾ ਹੋਵੇ।ਮੀਟਿੰਗ ਵਿੱਚ ਸੰਯੁਕਤ ਕਮਿਸ਼ਨਰ ਵਿਨੀਤ ਕੁਮਾਰ, ਸੰਯੁਕਤ ਕਮਿਸ਼ਨਰ ਤਪਨ ਭਨੋਟ, ਜ਼ੋਨਲ ਕਮਿਸ਼ਨਰ ਜਸਦੇਵ ਸਿੰਘ ਸੇਖੋਂ, ਐਸਈ ਏਕਜੋਤ ਸਿੰਘ, ਐਸਈ ਰਣਜੀਤ ਸਿੰਘ, ਐਮਟੀਪੀ ਵਿਜੇ ਕੁਮਾਰ ਸਮੇਤ ਬੀ ਐਂਡ ਆਰ ਸ਼ਾਖਾ, ਓ ਐਂਡ ਐਮ ਸੈੱਲ, ਬਿਲਡਿੰਗ ਸ਼ਾਖਾ ਆਦਿ ਦੇ ਹੋਰ ਅਧਿਕਾਰੀ ਮੌਜੂਦ ਸਨ। ਵਿਧਾਇਕ ਬੱਗਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਕੰਮ ਕਰਦੇ ਹੋਏ, ਟਿਕਾਊ ਵਿਕਾਸ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਚੱਲ ਰਹੇ ਪ੍ਰੋਜੈਕਟਾਂ ਦੀ ਨਿਯਮਤ ਤੌਰ 'ਤੇ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਜ਼ਮੀਨੀ ਪੱਧਰ 'ਤੇ ਖਾਸ ਕਰਕੇ ਕੰਮਾਂ ਦੀ ਗੁਣਵੱਤਾ ਦੇ ਮਾਮਲੇ ਵਿੱਚ ਕੋਈ ਵੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਕੈਬਨਿਟ ਮੰਤਰੀ ਮੂੰਡੀਆਂ ਨੇ ਆਪਣਾ 50ਵਾਂ ਜਨਮ ਦਿਨ ਇਲਾਕਾ ਵਾਸੀਆਂ ਨਾਲ ਮਨਾਇਆ




ਸਾਹਨੇਵਾਲ, ਕੁਹਾੜਾ, 11 ਜੂਨ (ਕੁਲਦੀਪ ਸਿੰਘ ਕੁਹਾੜਾ) : ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੂੰਡੀਆਂ ਨੇ ਆਪਣਾ 50ਵਾਂ ਜਨਮ ਦਿਨ ਹਲਕਾ ਸਾਹਨੇਵਾਲ ਦੇ ਲੋਕਾਂ, ਪਾਰਟੀ ਵਰਕਰਾਂ ਅਤੇ ਸਮਰਥਕਾਂ ਨਾਲ ਧੂਮਧਾਮ ਨਾਲ ਮਨਾਇਆ। ਇਸ ਮੌਕੇ ਜਿੱਥੇ ਹਲਕਾ ਸਾਹਨੇਵਾਲ ਦੇ ਵੱਡੀ ਗਿਣਤੀ ਲੋਕਾਂ ਨੇ ਪਹੁੰਚ ਕੇ ਮੰਤਰੀ ਮੂੰਡੀਆਂ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ, ਉੱਥੇ ਹੀ ਲੁਧਿਆਣਾ ਅਤੇ ਪੰਜਾਬ ਦੇ ਵੱਖ-ਵੱਖ ਹਲਕਿਆਂ ਤੋਂ ਵਿਧਾਇਕਾਂ ਅਤੇ ਪਾਰਟੀ ਆਗੂਆਂ ਨੇ ਵੀ ਸਮਾਗਮ ਵਿੱਚ ਸ਼ਿਰਕਤ ਕਰਕੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ।

ਜਨਮ ਦਿਨ ਸਮਾਗਮ ਦੌਰਾਨ ਮਾਹੌਲ ਪੂਰੀ ਤਰ੍ਹਾਂ ਤਿਉਹਾਰਮਈ ਬਣਿਆ ਰਿਹਾ। ਹਾਜ਼ਰ ਲੋਕਾਂ ਨੇ ਕੇਕ ਕੱਟ ਕੇ ਅਤੇ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਮੰਤਰੀ ਮੂੰਡੀਆਂ ਪ੍ਰਤੀ ਆਪਣਾ ਪਿਆਰ ਅਤੇ ਸਤਿਕਾਰ ਪ੍ਰਗਟਾਇਆ। ਸਮਾਗਮ ਵਿੱਚ ਸ਼ਾਮਲ ਵਿਧਾਇਕਾਂ ਅਤੇ ਆਗੂਆਂ ਨੇ ਹਰਦੀਪ ਸਿੰਘ ਮੂੰਡੀਆਂ ਦੀ ਲੋਕਪ੍ਰਿਯਤਾ ਅਤੇ ਉਨ੍ਹਾਂ ਵੱਲੋਂ ਹਲਕੇ ਦੇ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਦੀ ਸਰਾਹਨਾ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਹਰਦੀਪ ਸਿੰਘ ਮੂੰਡੀਆਂ ਨੇ ਕਿਹਾ ਕਿ ਲੋਕਾਂ ਵੱਲੋਂ ਮਿਲਿਆ ਪਿਆਰ ਅਤੇ ਵਿਸ਼ਵਾਸ ਉਨ੍ਹਾਂ ਲਈ ਸਭ ਤੋਂ ਵੱਡੀ ਪੂੰਜੀ ਹੈ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਅਤੇ ਹਲਕਾ ਸਾਹਨੇਵਾਲ ਸਮੇਤ ਪੰਜਾਬ ਦੇ ਵਿਕਾਸ ਲਈ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਕੰਮ ਕਰਦੇ ਰਹਿਣਗੇ।

ਸਮਾਗਮ ਦੌਰਾਨ ਪੰਜਾਬ ਭਰ ਤੋਂ ਆਏ ਵਿਧਾਇਕਾਂ, ਪਾਰਟੀ ਆਗੂਆਂ, ਸਮਾਜ ਸੇਵੀਆਂ ਅਤੇ ਇਲਾਕਾ ਵਾਸੀਆਂ ਦੀ ਭਾਰੀ ਹਾਜ਼ਰੀ ਨੇ ਇਸ ਜਨਮ ਦਿਨ ਸਮਾਰੋਹ ਨੂੰ ਇੱਕ ਵਿਸ਼ੇਸ਼ ਰਾਜਨੀਤਿਕ ਅਤੇ ਸਮਾਜਿਕ ਇਕੱਠ ਦਾ ਰੂਪ ਦੇ ਦਿੱਤਾ। ਲੋਕਾਂ ਨੇ ਮੰਤਰੀ ਮੂੰਡੀਆਂ ਦੀ ਚੰਗੀ ਸਿਹਤ, ਲੰਬੀ ਉਮਰ ਅਤੇ ਹੋਰ ਵਧੇਰੇ ਲੋਕ ਸੇਵਾ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਨਕਲੀ ਪੁਲਿਸ ਵਾਲਾ ਬਣ ਕੇ 2 ਫ਼ਲ ਵਿਕਰੇਤਾਵਾਂ ਨਾਲ ਮਾਰੀ ਠੱਗੀ



ਲੁਧਿਆਣਾ, 11 ਜੂਨ (ਵਿਸ਼ਾਲ ਸ਼ਰਮਾ):ਰਿਪੋਰਟਾਂ ਅਨੁਸਾਰ ਲੁਧਿਆਣਾ ਦੇ ਜਮਾਲਪੁਰ ਥਾਣਾ ਖੇਤਰ ਵਿੱਚ ਇੱਕ ਨੌਜਵਾਨ ਨੇ ਪੁਲਿਸ ਅਧਿਕਾਰੀ ਦੇ ਰੂਪ ਵਿੱਚ 2 ਫਲ ਵਿਕਰੇਤਾਵਾਂ ਨੂੰ ਲੁੱਟ ਲਿਆ। ਪੁਲਿਸ ਨੇ ਦੱਸਿਆ ਕਿ ਦੋਸ਼ੀ ਦੀ ਪਛਾਣ ਸਾਹਮਣੇ ਆਉਣ ਤੋਂ ਬਾਅਦ ਉਸ ਵਿਰੁੱਧ ਸਖ਼ਤ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਸ਼ਿਕਾਇਤਕਰਤਾ ਸੁਨੀਲ ਯਾਦਵ ਨੇ ਪੁਲਿਸ ਨੂੰ ਦੱਸਿਆ ਕਿ 6 ਜੂਨ ਨੂੰ ਦੁਪਹਿਰ 1:30 ਵਜੇ ਦੇ ਕਰੀਬ ਉਹ ਅਤੇ ਉਸਦੇ ਚਾਚੇ ਦਾ ਪੁੱਤਰ ਚੰਦ ਕਿਸ਼ੋਰ ਯਾਦਵ 33 ਫੁੱਟਾ ਰੋਡ 'ਤੇ ਸਰਕਾਰੀ ਫਲੈਟਾਂ ਦੇ ਨੇੜੇ ਫਲ ਵੇਚ ਰਹੇ ਸਨ। ਇਸ ਦੌਰਾਨ ਇੱਕ ਅਣਪਛਾਤਾ ਵਿਅਕਤੀ ਸਪਲੈਂਡਰ ਮੋਟਰਸਾਈਕਲ 'ਤੇ ਆਇਆ ਅਤੇ ਪੁਲਿਸ ਅਧਿਕਾਰੀ ਹੋਣ ਦਾ ਦਾਅਵਾ ਕਰਦੇ ਹੋਏ ਉਨ੍ਹਾਂ ਦੀ ਤਲਾਸ਼ੀ ਲੈਣ ਲੱਗਾ। ਇਸ ਦੌਰਾਨ,ਦੋਸ਼ੀ ਨੇ ਸੁਨੀਲ ਯਾਦਵ ਦੀ ਜੇਬ ਵਿੱਚੋਂ 2,000 ਰੁਪਏ ਅਤੇ ਚੰਦ ਕਿਸ਼ੋਰ ਯਾਦਵ ਦਾ ਆਈਫੋਨ 11 ਅਤੇ 6,000 ਰੁਪਏ ਲੈ ਲਏ। ਫਿਰ ਉਸਨੇ ਉਨ੍ਹਾਂ ਨੂੰ ਥਾਣੇ ਲਿਜਾਣ ਦੀ ਧਮਕੀ ਦਿੱਤੀ ਅਤੇ ਸੁਨੀਲ ਯਾਦਵ ਨੂੰ ਆਪਣੀ ਮੋਟਰਸਾਈਕਲ 'ਤੇ ਥੋੜ੍ਹੀ ਦੂਰੀ 'ਤੇ ਲੈ ਗਿਆ। ਮੌਕਾ ਸੰਭਾਲਦੇ ਹੋਏ, ਦੋਸ਼ੀ ਉਸਨੂੰ ਸੜਕ 'ਤੇ ਛੱਡ ਕੇ ਭੱਜ ਗਿਆ। ਪੀੜਤਾਂ ਨੇ ਦੋਸ਼ੀ ਦੀ ਭਾਲ ਕੀਤੀ, ਜਿਸਦੀ ਪਛਾਣ ਗੁਰਜੀਤ ਸਿੰਘ ਵਜੋਂ ਹੋਈ, ਜੋ ਕਿ ਰਵਿਦਾਸ ਗੁਰਦੁਆਰਾ ਨੇੜੇ ਪਿੰਡ ਝੰਡੇਵਾਲ ਲੁਧਿਆਣਾ ਦਾ ਰਹਿਣ ਵਾਲਾ ਹੈ। ਪੁਲਿਸ ਨੇ ਗੁਰਜੀਤ ਸਿੰਘ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ ਅਤੇ ਉਸਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਦੱਸਿਆ ਕਿ ਦੋਸ਼ੀ ਨੂੰ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ ਅਤੇ ਉਸ ਉੱਪਰ ਬਣਦੀ ਕਾਰਵਾਈ ਕੀਤੀ ਜਾਵੇਗੀ।

# ਗੁਰਮਤਿ ਸੰਗੀਤ ਕਾਰਜਸ਼ਾਲਾ ਜਵੱਦੀ ਟਕਸਾਲ ਦੇ ਦੂਜੇ ਦਿਨ ਸੰਗੀਤ ਦੇ ਮਾਹਿਰਾਂ ਨੇ ਸੰਗੀਤ ਪ੍ਰੇਮੀਆਂ ਨੂੰ ਬਾਰੀਕੀਆਂ ਸਮਝਾਈਆਂ



ਲੁਧਿਆਣਾ, 11 ਜੂਨ (ਕਰਨੈਲ ਸਿੰਘ ਐੱਮ.ਏ.) : ਸ਼੍ਰੋਮਣੀ ਗੁਰਮਤਿ ਸੰਗੀਤ ਪ੍ਰਚਾਰਕ ਸੱਚਖੰਡ ਵਾਸੀ ਸੰਤ ਬਾਬਾ ਸੁੱਚਾ ਸਿੰਘ ਜੀ ਬਾਨੀ 'ਜਵੱਦੀ ਟਕਸਾਲ' ਵੱਲੋਂ ਅਰੰਭੀ ਗੁਰਮਤਿ ਪ੍ਰਚਾਰ ਪਸਾਰ ਲਹਿਰ ਤਹਿਤ ਮੌਜੂਦਾ ਮੁਖੀ ਸੰਤ ਅਮੀਰ ਸਿੰਘ ਵੱਲੋਂ ਕਰਵਾਈ ਜਾ ਰਹੀ ਗੁਰਮਤਿ ਸੰਗੀਤ ਕਾਰਜਸ਼ਾਲਾ 2026 ਦੇ ਦੂਜੇ ਦਿਨ ਸੰਗੀਤ ਕਲਾ ਨਾਲ ਸੰਬੰਧਿਤ ਉਸਤਾਦ ਸਤਨਿੰਦਰ ਸਿੰਘ ਬੋਦਲ, ਡਾ: ਜਤਿੰਦਰ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ, ਪ੍ਰੋ: ਇਕਬਾਲ ਸਿੰਘ ਜਮਾਲਪੁਰ, ਉਸਤਾਦ ਦੀਪਿਨ ਰਾਜ ਅਤੇ ਭਾਈ ਜਸਪ੍ਰੀਤ ਸਿੰਘ ਗੋਨਿਆਣਾ ਮੰਡੀ ਆਦਿ ਮਾਹਿਰਾਂ ਨੇ ਗੁਰਮਤਿ ਸੰਗੀਤ ਦੇ ਪ੍ਰੇਮੀਆਂ ਨੂੰ ਗੁਰਮਤਿ ਸੰਗੀਤ ਦੀਆਂ ਬਾਰੀਕੀਆਂ ਤੋਂ ਜਾਣੂ ਕਰਵਾਇਆ। ਪੰਥ ਪ੍ਰਸਿੱਧ ਉਸਤਾਦ ਕੀਰਤਨੀਏ ਭਾਈ ਸਤਨਿੰਦਰ ਸਿੰਘ ਬੋਦਲ ਨੇ ਜੁੜੇ ਸੰਗੀਤ ਪ੍ਰੇਮੀਆਂ ਨੂੰ ਬਾਰੀਕੀਆਂ ਸਮਝਾਉਂਦਿਆਂ ਕਿਹਾ ਕਿ 'ਰਾਗ' ਕੇਵਲ ਕਲਾ-ਪ੍ਰਵੀਨਤਾ ਦਾ ਪ੍ਰਭਾਵ ਪਾਉਣ ਲਈ ਨਹੀਂ ਹੈ, ਇਹ ਤਾਂ 'ਕਥਤਾ-ਬਕਤਾ-ਸੁਨਤਾ' ਤਿੰਨਾਂ ਨੂੰ ਇੱਕ ਤਾਰ ਵਿੱਚ ਪਰੋਣ ਵਾਲੀ ਅਤੇ ਲਵਲੀਨਤਾ ਦੇ ਰੰਗ ਵਿੱਚ ਰੰਗਣ ਵਾਲਾ ਅਦੁੱਤੀ ਪੱਖ ਹੈ। ਰਾਗ ਦਾ ਸੰਬੰਧ ਨਾ-ਕੇਵਲ ਮਾਨਵ-ਹਿਰਦੇ ਨਾਲ ਹੈ, ਸਗੋਂ ਸੰਸਾਰ ਦੀ ਹਰ ਵਸਤੂ ਸਜੀਵ, ਅਜੀਵ, ਸੂਰਜ-ਚੰਦ-ਤਾਰੇ, ਜਲ, ਵਾਯੂ, ਅਗਨੀ, ਤਿੰਨ ਲੋਕ -ਪਤਾਲ, ਮਾਤ, ਆਕਾਸ਼ ਪ੍ਰਕਿਰਤੀ ਦਾ ਹਰ ਰੂਪ ਬਨਸਪਤੀ ਦਾ ਹਰ ਅੰਗ, ਖੰਡ, ਮੰਡਲ, ਬ੍ਰਹਿਮੰਡ, ਬ੍ਰਹਮਾ, ਬਿਸ਼ਨ, ਮਹੇਸ, ਇੰਦਰ-ਇੰਦਰਾਸਣ, ਪਸੂ-ਪੰਛੀ ਸਭ ਆਪੋ-ਆਪਣੇ ਰੰਗ ਵਿੱਚ ਗਾਉਂਦੇ ਅਤੇ ਰਾਗ ਦਾ ਆਨੰਦ ਮਾਣਦੇ ਹਨ। ਉਸਤਾਦ ਦੀਪਿਨ ਰਾਜ ਨੇ ਕਿਹਾ ਕਿ ਰਾਗ ਦਾ ਸਬੰਧ ਗਾਇਨ ਨਾਲ ਹੈ, ਪਰ ਇਹ ਨਿਰਾ ਗਾਈਨ ਨਹੀਂ, ਨਿਰਾ ਸੰਗੀਤ ਨਹੀਂ। ਇਹ ਗਾਇਨ ਤੋਂ ਬਹੁਤ ਉੱਚਾ ਹੈ ਕਿਉਂਕਿ ਇਸ ਵਿੱਚ ਪ੍ਰੇਮ ਪ੍ਰਮੁੱਖ ਹੈ। ਰਾਗ ਅਤੇ ਪ੍ਰੇਮ ਅਨਿੱਖੜ ਹਨ। ਡਾ: ਜਤਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਨੇ ਦੱਸਿਆ ਕਿ ਰਾਗ ਸੰਗੀਤ ਵਿੱਦਿਆ ਦੇ ਉਸ ਸੁਰ-ਪ੍ਰਬੰਧ ਨਾਲ ਸਬੰਧ ਰੱਖਦਾ ਹੈ, ਜਿਸ ਦੇ ਸੁਣਨ ਤੋਂ ਮਨ ਵਿੱਚ ਰਾਗ (ਪ੍ਰੇਮ) ਉਪਜੇ।ਸੋ ਗੁਰਮਤਿ ਅਨੁਸਾਰ ਰਾਗ ਵਿੱਚ ਪ੍ਰੇਮ ਪ੍ਰਮੁੱਖ ਹੈ ਅਤੇ ਗਾਇਨ ਗੌਣ ਰੂਪ ਵਿੱਚ ਆਉਂਦਾ ਹੈ। ਉਸਤਾਦ ਗੋਬਿੰਦਰ ਸਿੰਘ ਆਲਮਪੁਰੀ, ਉਸਤਾਦ ਜਤਿੰਦਰਪਾਲ ਸਿੰਘ ਜੀ, ਉਸਤਾਦ ਇੰਦਰਜੀਤ ਸਿੰਘ ਬਿੰਦੂ, ਉਸਤਾਦ ਮਨਿੰਦਰ ਸਿੰਘ ਨਾਮਧਾਰੀ, ਪੰਡਿਤ ਰਮਾ ਕਾਂਤ ਆਦਿ ਸ਼ਖਸ਼ੀਅਤਾਂ ਨੇ ਸਾਂਝੇ ਰੂਪ 'ਚ ਕਿਹਾ ਕਿ ਜਵੱਦੀ ਟਕਸਾਲ ਵੱਲੋਂ ਸੀਮਤ ਸਾਧਨਾਂ ਦੇ ਬਾਵਜ਼ੂਦ ਹਰ ਵਰ੍ਹੇ ਅਦੁੱਤੀ ਗੁਰਮਤਿ ਸੰਗੀਤ ਸਮਾਗਮ, ਸਲਾਨਾਂ ਗੁਰਮਤਿ ਸੰਗੀਤ ਵਰਕਸ਼ਾਪ, ਵਿਸ਼ੇਸ਼ ਸੈਮੀਨਾਰ ਆਦਿ ਵਰਗੇ ਵੱਡੇ ਸਮਾਗਮ ਕਰਵਾਉਣ ਦੀ ਤਾਰੀਫ਼ ਕੀਤੀ। ਗੁਰਮਤਿ ਸੰਗੀਤ ਵਰਕਸ਼ਾਪ ਦਾ ਦੂਜਾ ਦਿਨ ਵੀ ਸੰਗੀਤ ਪ੍ਰੇਮੀਆਂ ਦੀ ਖਿੱਚ ਦਾ ਕੇਂਦਰ ਬਣਿਆ ਰਿਹਾ, ਵੱਡੀ ਗਿਣਤੀ 'ਚ ਸੰਗੀਤ ਪ੍ਰੇਮੀਆਂ ਨੇ ਗੁਰਮਤਿ ਸੰਗੀਤ ਵਰਕਸ਼ਾਪ ਦਾ ਲਾਹਾ ਲਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਬਾਲ ਮਜ਼ਦੂਰੀ ਦੀ ਰੋਕਥਾਮ ਲਈ ਦੁਕਾਨਾਂ ਤੇ ਢਾਬਿਆਂ ਦੀ ਚੈਕਿੰਗ



ਲੁਧਿਆਣਾ, 11 ਜੂਨ (ਵਿਸ਼ਾਲ ਸ਼ਰਮਾ): ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ, ਜੀਵਨਜੋਤ ਪ੍ਰੋਜੈਕਟ ਅਧੀਨ ਬਾਲ ਮਜਦੂਰੀ ਦੀ ਰੋਕਥਾਮ ਲਈ ਇੱਕ ਵਿਸ਼ੇਸ਼ ਅਭਿਆਨ ਚਲਾਇਆ ਗਿਆ। ਜਿਲ੍ਹਾ ਬਾਲ ਸੁਰੱਖਿਆ ਅਫਸਰ ਰਸ਼ਮੀ ਦੀ ਅਗਵਾਈ ਹੇਠ ਜ਼ਿਲ੍ਹਾ ਟਾਸਕ ਫੋਰਸ ਵੱਲੋਂ ਬੀਤੇ ਕੱਲ ਖੰਨਾ ਵਿਖੇ ਵੱਖ-ਵੱਖ ਦੁਕਾਨਾਂ ਅਤੇ ਢਾਬਿਆਂ 'ਤੇ ਅਚਨਚੇਤ ਚੈਕਿੰਗ ਕੀਤੀ ਗਈ ਜਿੱਥੇ ਬਾਲ ਮਜ਼ਦੂਰੀ ਕਰਦਿਆਂ 09 ਬੱਚਿਆਂ ਨੂੰ ਰੈਸਕਿਉ ਕੀਤਾ ਗਿਆ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਸ੍ਰੀਮਤੀ ਰਸ਼ਮੀ ਨੇ ਦੱਸਿਆ ਕਿ ਰੈਸਕਿਊ ਕਰਨ ਤੋਂ ਬਾਅਦ ਬੱਚਿਆਂ ਨੂੰ ਬਾਲ ਭਲਾਈ ਕਮੇਟੀ, ਲੁਧਿਆਣਾ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਬੱਚਿਆਂ ਦੇ ਨਾਲ-ਨਾਲ ਉਹਨਾ ਦੇ ਮਾਪਿਆਂ ਦੀ ਵੀ ਕਾਊਂਸਲਿੰਗ ਕੀਤੀ ਗਈ। ਇਹ ਅਭਿਆਨ ਲੀਗਲ ਅਫਸਰ ਦੀਪਕ ਕੁਮਾਰ (ਜ਼ਿਲ੍ਹਾ ਬਾਲ ਸੁਰੱਖਿਆ ਦਫਤਰ), ਸ਼ਰਧ ਸੂਦ (ਸੁਪਰਵਾਈਜ਼ਰ) ਚਾਈਲਡ ਹੈਲਪ ਲਾਈਨ (1098), ਲੁਧਿਆਣਾ ਕਿਰਤ ਵਿਭਾਗ ਅਤੇ ਪੁਲਿਸ ਵਿਭਾਗ ਵੱਲੋ ਸਾਂਝੇ ਤੌਰ 'ਤੇ ਚਲਾਇਆ ਗਿਆ। ਜਾਗਰੂਕਤਾ ਅਭਿਆਨ ਦੌਰਾਨ ਲੋਕਾਂ ਨੂੰ ਦੱਸਿਆ ਗਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਬਾਲ ਮਜ਼ਦੂਰੀ ਨਾ ਕਰਵਾਈ ਜਾਵੇ।

ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰਸ਼ਮੀ ਨੇ ਦੱਸਿਆ ਕਿ ਭਵਿੱਖ ਵਿੱਚ ਵੀ ਇਹ ਅਚਨਚੇਤ ਚੈਕਿੰਗ ਜਾਰੀ ਰਹੇਗੀ ਤਾਂ ਜੋ ਬਾਲ ਮਜ਼ਦੂਰੀ ਦਾ ਸੰਪੂਰਨ ਰੂਪ ਵਿੱਚ ਖਾਤਮਾ ਕੀਤਾ ਜਾ ਸਕੇ।

# ਇਆਲੀ ਦੇ ਅਕਾਲੀ ਦਲ ਵਾਰਿਸ ਪੰਜਾਬ ਦੇ 'ਚ ਆਉਣ ਨਾਲ ਪਾਰਟੀ ਵਰਕਰਾਂ 'ਚ ਭਾਰੀ ਉਤਸ਼ਾਹ : ਲਵਲੀ




ਲੁਧਿਆਣਾ, 11 ਜੂਨ: ਅਕਾਲੀ ਦਲ 'ਵਾਰਿਸ ਪੰਜਾਬ ਦੇ' ਸੀਨੀਅਰ ਆਗੂ ਰਾਜੀਵ ਕੁਮਾਰ ਲਵਲੀ ਨੇ ਕਿਹਾ ਹੈ ਕਿ ਤਿੰਨ ਵਾਰਾਂ ਦੇ ਵਿਧਾਇਕ ਅਤੇ ਤਜਰਬੇਕਾਰ ਸਿਆਸਤਦਾਨ ਮਨਪ੍ਰੀਤ ਸਿੰਘ ਇਆਲੀ ਦੇ ਪਾਰਟੀ ਵਿੱਚ ਸ਼ਾਮਿਲ ਹੋਣ ਨਾਲ ਵਰਕਰਾਂ 'ਚ ਭਾਰੀ ਉਤਸ਼ਾਹ ਹੈ। ਉਹਨਾਂ ਨੇ ਇਆਲੀ ਨੂੰ ਮਾਲਵੇ ਦਾ ਨਿਧੱੜਕ ਯੋਧਾ ਕਰਾਰ ਦਿੰਦੇ ਹੋਏ, ਕਿਹਾ ਕਿ ਕਈ ਵੱਡੀਆਂ ਕੌਮੀ ਪਾਰਟੀਆਂ ਨੂੰ ਛੱਡ ਕੇ ਇਹਨਾਂ ਦੇ ਅਕਾਲੀ ਦਲ ਵਾਰਿਸ ਪੰਜਾਬ ਦੇ ਵਿੱਚ ਸ਼ਾਮਿਲ ਹੋਣ ਨਾਲ ਲੋਕ ਹਿੱਤ ਵਿੱਚ ਪਾਰਟੀ ਦੀ ਨੀਤੀ ਨੂੰ ਹੋਰ ਮਜਬੂਤੀ ਮਿਲੀ ਹੈ।ਲਵਲੀ ਨੇ ਕਿਹਾ ਕਿ ਇਆਲੀ ਦੇ ਪਾਰਟੀ ਵਿੱਚ ਸ਼ਾਮਿਲ ਹੋਣ ਨਾਲ ਜਿੱਥੇ ਉੱਪਰਲੀਆ ਸਫਾਂ ਵਿੱਚ ਪੰਜਾਬ ਦੀ ਸਿਆਸਤ ਨੇ ਰੰਗ ਬਦਲਿਆ ਹੈ ਉੱਥੇ ਹੀ, ਪਾਰਟੀ ਵਰਕਰਾਂ ਵਿੱਚ ਇਸ ਗੱਲ ਦਾ ਉਤਸ਼ਾਹ ਹੈ ਕਿ ਸਥਾਪਨਾ ਤੋਂ ਕਰੀਬ ਦੋ ਸਾਲਾਂ ਦੇ ਅੰਦਰ ਪਾਰਟੀ ਦੋ ਸੰਸਦ ਮੈਂਬਰ ਅਤੇ ਇੱਕ ਵਿਧਾਇਕ ਬਣ ਗਏ ਹਨ। ਉਹਨਾਂ ਨੇ ਜ਼ੋਰ ਦਿੰਦੇ ਹੋਏ, ਕਿਹਾ ਕਿ ਆਉਂਦੇ ਦਿਨਾਂ ਦੌਰਾਨ ਕਈ ਹੋਰ ਲੋਕ ਅਕਾਲੀ ਦਲ ਵਾਰਿਸ ਪੰਜਾਬ ਦੇ ਵਿੱਚ ਸ਼ਾਮਿਲ ਹੁੰਦੇ ਨਜ਼ਰ ਆਉਣਗੇ। ਲੋਕ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਸੂਬੇ ਅੰਦਰ ਮੁੱਖ ਮੰਤਰੀ ਵਜੋਂ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੀ ਸਰਕਾਰ ਦੇਖਣਾ ਚਾਹੁੰਦੇ ਹਨ।

ਉਨ੍ਹਾਂ ਨੇ ਸੀਨੀਅਰ ਆਗੂ ਇਆਲੀ ਤੇ ਉਹਨਾਂ ਦੇ ਸਾਥੀਆਂ ਦਾ ਪਾਰਟੀ ਵਰਕਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਹੈ ਅਤੇ ਉਮੀਦ ਪ੍ਰਗਟਾਈ ਹੈ ਕਿ ਇਹਨਾਂ ਦਾ ਕਰੀਬ 25 ਸਾਲਾਂ ਦਾ ਸਿਆਸੀ ਤਜੁਰਬਾ ਪਾਰਟੀ ਨੂੰ ਉੱਚਾ ਚੁੱਕਣ ਵਿੱਚ ਅਹਿਮ ਭੂਮਿਕਾ ਨਿਭਾਏਗਾ।

# ਦੀਵਾਨ ਤੇ ਜਗਸੀਰ ਨੇ ਹਲਕਾ ਪੱਛਮੀ ਦੇ ਨਵੇਂ ਬਲਾਕ ਚੇਅਰਮੈਨਾਂ ਨੂੰ ਨਿਯੁਕਤੀ ਪੱਤਰ ਸੌਂਪੇ



ਲੁਧਿਆਣਾ, 11 ਜੂਨ (ਰਵਿੰਦਰ ਸਿੰਘ ਨਿੱਝਰ): ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਵਿਚ ਕਾਂਗਰਸ ਪਾਰਟੀ ਨੂੰ ਹੋਰ ਮਜਬੂਤੀ ਪ੍ਰਦਾਨ ਕਰਦੇ ਹੋਏ, ਜ਼ਿਲ੍ਹਾ ਕਾਂਗਰਸ ਕਮੇਟੀ ਅਨੁਸੂਚਿਤ ਜਾਤੀ ਵਿਭਾਗ ਲੁਧਿਆਣਾ ਦੇ ਚੇਅਰਮੈਨ ਐਡਵੋਕੇਟ ਰਾਹੁਲ ਪੁਹਾਲ ਦੀ ਮੌਜੂਦਗੀ ਵਿਚ ਲੁਧਿਆਣਾ ਸ਼ਹਿਰੀ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਪਵਨ ਦੀਵਾਨ ਤੇ ਮੈਂਬਰ ਪਾਰਲੀਮੈਂਟ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਫਤਰ ਇੰਚਾਰਜ ਜਗਸੀਰ ਸਿੰਘ ਸਿੱਧੂ ਵੱਲੋਂ ਅੱਜ ਹਲਕਾ ਪੱਛਮੀ ਦੇ ਲੁਧਿਆਣਾ ਬਲਾਕ-1 ਤੋਂ ਰੂਪੇਸ਼ ਚੋਟਾਲਾ ਅਤੇ ਬਲਾਕ-2 ਤੋਂ ਕਮਲਜੀਤ ਸਿੰਘ ਨੂੰ ਜ਼ਿਲ੍ਹਾ ਕਾਂਗਰਸ ਕਮੇਟੀ ਅਨੁਸੂਚਿਤ ਜਾਤੀ ਵਿਭਾਗ ਲੁਧਿਆਣਾ ਦੇ ਬਲਾਕ ਚੇਅਰਮੈਨ ਵਜੋਂ ਨਿਯੁਕਤੀ ਪੱਤਰ ਸੌਂਪੇ ਗਏ।ਇਸ ਮੌਕੇ ਐਡਵੋਕੇਟ ਰਾਹੁਲ ਪੁਹਾਲ ਨੇ ਨਵੇਂ ਨਿਯੁਕਤ ਬਲਾਕ ਚੇਅਰਮੈਨਾਂ ਨੂੰ ਵਧਾਈ ਦਿੰਦਿਆਂ, ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਸਮਾਜ ਦੇ ਹਰ ਵਰਗ ਦੀ ਭਲਾਈ ਅਤੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਰਹੀ ਹੈ ਅਤੇ ਰਹੇਗੀ । ਪਵਨ ਦੀਵਾਨ ਤੇ ਜਗਸੀਰ ਸਿੰਘ ਨੇ ਨੇ ਨਵੇਂ ਨਿਯੁਕਤ ਬਲਾਕ ਚੇਅਰਮੈਨਾਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਲੋਕ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਤੋਂ ਬਹੁਤ ਤੰਗ ਅਤੇ ਪ੍ਰੇਸ਼ਾਨ ਹਨ ਤੇ ਕਾਂਗਰਸ ਪਾਰਟੀ ਨੂੰ ਬਦਲ ਵਜੋਂ ਦੇਖ ਰਹੇ ਹਨ। ਉਹਨਾਂ ਉਮੀਦ ਪ੍ਰਗਟਾਈ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਨਵ ਨਿਯੁਕਤ ਬਲਾਕ ਚੇਅਰਮੈਨਾਂ ਰੁਪੇਸ਼ ਚੌਟਾਲਾ ਤੇ ਕਮਲਜੀਤ ਸਿੰਘ ਨੇ ਪਾਰਟੀ ਹਾਈ ਕਮਾਂਡ ਅਤੇ ਮੌਜੂਦ ਸੀਨੀਅਰ ਆਗੂਆਂ ਦਾ ਧੰਨਵਾਦ ਪ੍ਰਗਟ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ, ਹਰਜਿੰਦਰ ਸਿੰਘ ਹੈਪੀ ਲਾਲੀ (ਸਾਬਕਾ ਜ਼ਿਲ੍ਹਾ ਪ੍ਰਧਾਨ ਯੂਥ ਕਾਂਗਰਸ ਲੁਧਿਆਣਾ), ਹਰਵਿੰਦਰ ਸਿੰਘ, ਅਖਲੇਸ਼ ਸ਼ਰਮਾ, ਸਾਗਰ ਦੂਬੇ, ਵਿਨੈ ਵੀ ਮੌਜੂਦ ਰਹੇ।

# ਅਗਰਵਾਲ ਵੈਲਫ਼ੇਅਰ ਬੋਰਡ ਦੇ ਸੀਨੀ: ਉਪ ਚੇਅਰਮੈਨ ਬਣਨ 'ਤੇ ਸਾਹਿਲ ਸਨਮਾਨਿਤ



ਲੁਧਿਆਣਾ, 11 ਜੂਨ (ਰਵਿੰਦਰ ਸਿੰਘ ਨਿੱਝਰ): ਸਾਹਿਲ ਅਗਰਵਾਲ ਨੂੰ ਅਗਰਵਾਲ ਵੈਲਫੇਅਰ ਬੋਰਡ, ਪੰਜਾਬ ਦੇ ਸੀਨੀਅਰ ਵਾਈਸ ਚੇਅਰਮੈਨ ਦੀ ਨਿਯੁਕਤੀ 'ਤੇ ਸਰੋਪੇ ਅਤੇ ਗੁਲਦੱਸਤੇ ਭੇਟ ਕੀਤੇ ਗਏ।ਆਮ ਆਦਮੀ ਪਾਰਟੀ ਦੀ ਪੰਜਾਬ ਟਰੇਡ ਕਮਿਸ਼ਨ ਆਤਮ ਨਗਰ ਦੀ ਸਮੁੱਚੀ ਟੀਮ ਵੱਲੋਂ, ਮੁੱਖ ਮੰਤਰੀ ਭਗਵੰਤ ਮਾਨ, ਵਿਧਾਇਕ ਕੁਲਵੰਤ ਸਿੰਧੂ ਅਤੇ ਸੀਨੀਅਰ ਲੀਡਰਸ਼ਿਪ ਦਾ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਸ੍ਰੀ ਸਾਹਿਲ ਅਗਰਵਾਲ ਵੱਲੋਂ ਇਹ ਜ਼ਿੰਮੇਵਾਰੀ ਸੌਂਪਣ ਲਈ, ਹਰਮੀਤ ਸਿੰਘ ਭਾਟੀਆ, ਬਲਜਿੰਦਰ ਸਿੰਘ ਬਿੱਲਾ,ਦੀਪਕ ਅਰੋੜਾ, ਅਸ਼ੋਕ ਪੁਰੀ, ਹਰਵਿੰਦਰ ਸਿੰਘ ਲੋਟੇ, ਦੀਪਕ ਚਾਵਲਾ,ਰਜਿੰਦਰ ਸਿੰਘ ਸਰਹਾਲੀ ਨੇ ਸਾਹਿਲ ਨੂੰ ਫੋਨ 'ਤੇ ਵਧਾਈਆ ਦਿੱਤੀਆਂ ਅਤੇ ਗੁਰਪ੍ਰੀਤ ਸਿੰਘ ਬੇਦੀ ਤੇ ਹੋਰ ਸਮੂਹ ਸਾਥੀਆਂ ਦਾ ਵੀ ਸ਼ੁਕਰਾਨਾ ਕੀਤਾ।

# ਡੀ.ਪੀ.ਆਈ.ਆਈ.ਟੀ. ਦੇ ਸੰਯੁਕਤ ਸਕੱਤਰ ਨੇ ਹੈਂਡ ਟੂਲ ਉਦਯੋਗ ਨਾਲ ਕੀਤੀ ਬੈਠਕ



ਲੁਧਿਆਣਾ, 11 ਜੂਨ (ਵਿਸ਼ਾਲ ਸ਼ਰਮਾ) : ਆਟੋਮੋਟਿਵ, ਨਿਰਮਾਣ ਅਤੇ ਬੁਨਿਆਦੀ ਢਾਂਚੇ ਵਰਗੇ ਪ੍ਰਮੁੱਖ ਉਦਯੋਗਾਂ ਨੂੰ ਸਮਰਥਨ ਦੇਣ ਵਿੱਚ ਹੱਥ ਅਤੇ ਬਿਜਲੀ ਸੰਦਾਂ ਦੇ ਖੇਤਰਾਂ ਦੀ ਮਹੱਤਤਾ ਨੂੰ ਦੇਖਦੇ ਹੋਏ, ਵਣਜ ਅਤੇ ਉਦਯੋਗ ਮੰਤਰਾਲੇ ਦੇ ਉਦਯੋਗ ਅਤੇ ਅੰਦਰੂਨੀ ਵਪਾਰ ਨੂੰ ਉਤਸ਼ਾਹਿਤ ਕਰਨ ਵਾਲੇ ਉਦਯੋਗ ਅਤੇ ਅੰਦਰੂਨੀ ਵਪਾਰ ਪ੍ਰੋਤਸਾਹਨ ਵਿਭਾਗ (ਡੀ.ਪੀ.ਆਈ.ਆਈ.ਟੀ) ਨੇ ਲੁਧਿਆਣਾ ਵਿੱਚ ਹੱਥ ਅਤੇ ਬਿਜਲੀ ਸੰਦਾਂ ਦੇ ਨਿਰਮਾਤਾਵਾਂ ਨਾਲ ਇੱਕ ਹਿੱਸੇਦਾਰ ਸਲਾਹ-ਮਸ਼ਵਰੇ ਦਾ ਆਯੋਜਨ ਕੀਤਾ। ਡੀ.ਪੀ.ਆਈ.ਆਈ.ਟੀ। ਦੇ ਸੰਯੁਕਤ ਸਕੱਤਰ ਸ੍ਰੀ ਸੁਮੀਤ ਕੁਮਾਰ ਜਾਰੰਗਲ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਉਦਯੋਗ ਸੰਗਠਨਾਂ, ਉਦਯੋਗ ਮੈਂਬਰਾਂ ਅਤੇ ਨਿਰਮਾਤਾਵਾਂ ਸਮੇਤ ਹੋਰਾਂ ਨੇ ਹਿੱਸਾ ਲਿਆ। ਸਲਾਹ-ਮਸ਼ਵਰੇ ਵਿੱਚ ਖੇਤਰੀ ਵਿਕਾਸ ਨੂੰ ਸਮਰਥਨ ਦੇਣ ਅਤੇ ਮੁਕਾਬਲੇਬਾਜ਼ੀ ਨੂੰ ਵਧਾਉਣ ਲਈ ਸਮਰਪਿਤ ਨੀਤੀਗਤ ਉਪਾਵਾਂ ਦੀ ਪੜਚੋਲ ਕਰਨ 'ਤੇ ਕੇਂਦ੍ਰਿਤ ਕੀਤਾ ਗਿਆ।

ਇਸ ਖੇਤਰ ਦੀ ਨਾਜ਼ੁਕਤਾ 'ਤੇ ਜ਼ੋਰ ਦਿੰਦੇ ਹੋਏ, ਸ੍ਰੀ ਸੁਮੀਤ ਕੁਮਾਰ ਜਾਰੰਗਲ ਨੇ ਕਿਹਾ ਕਿ ਹੈਂਡ ਟੂਲਸ ਲਈ ਕਰੀਬ 34 ਬਿਲੀਅਨ ਅਮਰੀਕੀ ਡਾਲਰ ਅਤੇ ਪਾਵਰ ਟੂਲਸ ਲਈ 63 ਬਿਲੀਅਨ ਅਮਰੀਕੀ ਡਾਲਰ ਦੇ ਵੱਡੇ ਵਿਸ਼ਵ ਵਪਾਰ ਦੇ ਬਾਵਜੂਦ ਭਾਰਤ ਦਾ ਨਿਰਯਾਤ ਹਿੱਸਾ ਘੱਟ ਰਹਿੰਦਾ ਹੈ ਜੋ ਕਿ ਨਿਰਮਾਣ ਨੂੰ ਵਧਾਉਣ ਅਤੇ ਇਸਦੇ ਵਿਸ਼ਵ ਪੱਧਰੀ ਪਦ-ਪ੍ਰਦਰਸ਼ਨ ਨੂੰ ਵਧਾਉਣ ਲਈ ਮਹੱਤਵਪੂਰਨ ਗੁੰਜਾਇਸ਼ ਦਰਸਾਉਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਹੈਂਡ ਅਤੇ ਪਾਵਰ ਟੂਲਸ ਸੈਕਟਰ ਲਈ ਉਤਪਾਦ ਦੀ ਗੁਣਵੱਤਾ ਨੂੰ ਵਧਾਉਣ ਅਤੇ ਘਰੇਲੂ ਨਿਰਮਾਣ ਨੂੰ ਮਜ਼ਬੂਤ ਕਰਨ ਲਈ ਕਈ ਉਪਾਅ ਕੀਤੇ ਜਾ ਰਹੇ ਹਨ, ਜਿਸ ਵਿੱਚ ਹੈਂਡ ਟੂਲਸ 'ਤੇ ਕੁਆਲਟੀ ਕੰਟਰੋਲ ਆਰਡਰ (ਕਿਊਂ.ਸੀ.ਓ) ਦੀ ਸ਼ੁਰੂਆਤ ਸ਼ਾਮਲ ਹੈ ਜੋ 1 ਅਕਤੂਬਰ 2026 ਤੋਂ ਲਾਗੂ ਕੀਤਾ ਜਾਣਾ ਹੈ। ਇਸ ਤੋਂ ਇਲਾਵਾ ਡੀ.ਪੀ.ਆਈ. ਆਈ.ਟੀ ਹੈਂਡ-ਹੋਲਡ ਮੋਟਰ-ਸੰਚਾਲਿਤ ਇਲੈਕਟ੍ਰਿਕ ਟੂਲਸ ਦੀ ਸੁਰੱਖਿਆ 'ਤੇ ਇੱਕ ਕਿਊਂ.ਸੀ.ਓ ਨੂੰ ਸੂਚਿਤ ਕਰਨ ਦੀ ਪ੍ਰਕਿਰਿਆ ਵਿੱਚ ਵੀ ਹੈ। ਸਿੱਟੇ ਵਜੋਂ, ਹੈਂਡ ਐਂਡ ਪਾਵਰ ਟੂਲਸ ਸੈਕਟਰ ਭਾਰਤ ਦੇ ਨਿਰਮਾਣ ਈਕੋਸਿਸਟਮ ਨੂੰ ਮਜ਼ਬੂਤ ਕਰਨ ਅਤੇ ਇਸਦੀ ਵਿਸ਼ਵਵਿਆਪੀ ਵਪਾਰ ਮੌਜੂਦਗੀ ਨੂੰ ਵਧਾਉਣ ਲਈ ਇੱਕ ਮੁੱਖ ਚਾਲਕ ਹੈ। ਹਿੱਸੇਦਾਰਾਂ ਦੀ ਸਲਾਹ-ਮਸ਼ਵਰੇ ਨੇ ਸਬੰਧਤ ਖੇਤਰ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਵਿਕਾਸ ਸੰਭਾਵਨਾ ਨੂੰ ਅਨਲੌਕ ਕਰਨ ਲਈ ਇੱਕ ਮਜ਼ਬੂਤ ਸਰਕਾਰ-ਉਦਯੋਗ ਸਹਿਯੋਗ ਦੀ ਮਹੱਤਤਾ ਨੂੰ ਉਜਾਗਰ ਕੀਤਾ। ਨਿਰੰਤਰ ਯਤਨਾਂ ਨਾਲ ਇਹ ਖੇਤਰ 2047 ਤੱਕ ਮੁਕਾਬਲੇਬਾਜ਼ੀ ਵਧਾਉਣ, ਨਿਰਯਾਤ ਨੂੰ ਵਧਾਉਣ, ਰੁਜ਼ਗਾਰ ਪੈਦਾ ਕਰਨ ਅਤੇ ਵਿਕਾਸ ਭਾਰਤ ਦੇ ਦ੍ਰਿਸ਼ਟੀਕੋਣ ਵਿੱਚ ਯੋਗਦਾਨ ਪਾਉਣ ਲਈ ਤਿਆਰ ਹੈ।

# ਡੇਰਾਬੱਸੀ ਨਗਰ ਕੌਂਸਲ ਵੱਲੋਂ ਸੈਣੀ ਭਵਨ ਖਾਲੀ ਨਾ ਕਰਨ ਤੇ ਭੜਕਿਆ ਸੈਣੀ ਭਾਈਚਾਰਾ; ਤਿੱਖੇ ਸੰਘਰਸ਼ ਦੀ ਦਿੱਤੀ ਚਿਤਾਵਨੀ



ਡੇਰਾਬੱਸੀ/ 11 ਜੂਨ (ਮਨਦੀਪ ਵਰਮਾ/ਯੋਗੇਸ਼ ਰਾਣਾ): *ਹਲਕਾ ਡੇਰਾਬੱਸੀ ਦੇ ਸੀਨੀਅਰ ਭਾਜਪਾ ਆਗੂ ਸ ਗੁਰਦਰਸ਼ਨ ਸਿੰਘ ਦੇ ਡੇਰਾਬੱਸੀ ਸਥਿਤ ਦਫ਼ਤਰ ਵਿਖੇ ਅੱਜ ਸ਼ਹਿਰ ਅਤੇ ਹਲਕੇ ਦੇ ਵੱਡੀ ਗਿਣਤੀ ਵਿੱਚ ਸੈਣੀ ਭਾਈਚਾਰੇ ਦੇ ਨੁਮਾਇੰਦਿਆਂ ਵੱਲੋਂ ਇੱਕ ਅਹਿਮ ਮੁਲਾਕਾਤ ਕੀਤੀ ਗਈ। ਇਸ ਬੈਠਕ ਦੌਰਾਨ ਸੈਣੀ ਭਾਈਚਾਰੇ ਨੇ ਨਗਰ ਕੌਂਸਲ ਦੇ ਦਫ਼ਤਰ ਨੂੰ ਲੈ ਕੇ ਪਿਛਲੇ ਲੰਮੇ ਸਮੇਂ ਤੋਂ ਆ ਰਹੀਆਂ ਮੁਸ਼ਕਿਲਾਂ ਬਾਰੇ ਚਰਚਾ ਕੀਤੀ ਅਤੇ ਸਰਕਾਰ ਖ਼ਿਲਾਫ਼ ਗੁੱਸੇ ਦਾ ਇਜ਼ਹਾਰ ਕੀਤਾ। ਮੀਟਿੰਗ ਦੌਰਾਨ ਸੈਣੀ ਭਾਈਚਾਰੇ ਦੇ ਆਗੂਆਂ ਨੇ ਦੱਸਿਆ ਕਿ ਪਿਛਲੀ ਕਾਂਗਰਸ ਸਰਕਾਰ ਦੇ ਆਖ਼ਰੀ ਸਾਲ ਦੌਰਾਨ, ਨਗਰ ਕੌਂਸਲ ਦਾ ਪੁਰਾਣਾ ਦਫ਼ਤਰ ਤੋੜ ਕੇ ਨਵਾਂ ਦਫ਼ਤਰ ਬਣਾਉਣ ਦੀ ਗੱਲ ਕਹੀ ਗਈ ਸੀ। ਇਸ ਕਾਰਨ ਕੌਂਸਲ ਦੇ ਦਫ਼ਤਰ ਨੂੰ ਅਸਥਾਈ ਤੌਰ ਤੇ ਬਰਵਾਲਾ ਸੜਕ ਸਥਿਤ ਸੈਣੀ ਭਵਨ ਵਿੱਚ ਸ਼ਿਫਟ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਗੱਲ ਨੂੰ ਹੁਣ ਕਰੀਬ ਪੰਜ ਸਾਲ ਦਾ ਸਮਾਂ ਬੀਤ ਚੁੱਕਾ ਹੈ, ਪਰ ਸਰਕਾਰ ਅਤੇ ਪ੍ਰਸ਼ਾਸਨ ਹਾਲੇ ਤੱਕ ਨਗਰ ਕੌਂਸਲ ਦਾ ਨਵਾਂ ਦਫ਼ਤਰ ਬਣਾਉਣ ਵਿੱਚ ਨਾਕਾਮ ਰਹੇ ਹਨ। ਭਾਈਚਾਰੇ ਨੇ ਸਵਾਲ ਚੁੱਕਿਆ ਕਿ ਜਦੋਂ ਨਗਰ ਕੌਂਸਲ ਕਮੇਟੀ ਕੋਲ ਕਰੋੜਾਂ ਰੁਪਏ ਦੀ ਆਮਦਨ ਹੈ ਤਾਂ ਫਿਰ ਨਵੀਂ ਇਮਾਰਤ ਦੀ ਉਸਾਰੀ ਵਿੱਚ ਦੇਰੀ ਕਿਉਂ ਕੀਤੀ ਜਾ ਰਹੀ ਹੈ ਸੈਣੀ ਭਾਈਚਾਰੇ ਦੇ ਨੁਮਾਇੰਦਿਆਂ ਨੇ ਕਿਹਾ ਕਿ ਸੈਣੀ ਭਵਨ ਵਿੱਚ ਨਗਰ ਕੌਂਸਲ ਦਾ ਕਬਜ਼ਾ ਹੋਣ ਕਾਰਨ ਬਰਾਦਰੀ ਨੂੰ ਆਪਣੇ ਸਮਾਜਿਕ ਅਤੇ ਪਰਿਵਾਰਕ ਪ੍ਰੋਗਰਾਮ ਕਰਨ ਵਿੱਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਸ ਭਵਨ ਦਾ ਨਿਰਮਾਣ ਸਮਾਜ ਦੀ ਭਲਾਈ ਅਤੇ ਇਕੱਠਾਂ ਲਈ ਕੀਤਾ ਗਿਆ ਸੀ ਉਹ ਪਿਛਲੇ ਪੰਜ ਸਾਲਾਂ ਤੋਂ ਸਰਕਾਰੀ ਦਫ਼ਤਰ ਬਣ ਕੇ ਰਹਿ ਗਿਆ ਹੈ। ਇਸ ਮੌਕੇ ਗੁਰਦਰਸ਼ਨ ਸਿੰਘ ਸੈਣੀ ਨੇ ਸਖ਼ਤ ਲਹਿਜੇ ਵਿੱਚ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਲਦ ਤੋਂ ਜਲਦ ਸੈਣੀ ਭਵਨ ਨੂੰ ਖਾਲੀ ਨਾ ਕਰਵਾਇਆ ਗਿਆ ਅਤੇ ਨਗਰ ਕੌਂਸਲ ਦੇ ਦਫ਼ਤਰ ਨੂੰ ਕਿਤੇ ਹੋਰ ਸ਼ਿਫਟ ਨਾ ਕੀਤਾ ਗਿਆ ਤਾਂ ਸਮੁੱਚੀ ਸੈਣੀ ਬਰਾਦਰੀ ਵੱਲੋਂ ਸਰਕਾਰ ਅਤੇ ਪ੍ਰਸ਼ਾਸਨ ਖ਼ਿਲਾਫ਼ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਓਬੀਸੀ ਮੋਰਚਾ ਹਰਪ੍ਰੀਤ ਸਿੰਘ ਸੈਣੀ, ਮਲਕੀਤ ਸੈਣੀ ਐੱਮ.ਸੀ. ਲਾਲੜੂ,ਸੁਨੀਲ ਸੈਣੀ, ਬਰਖਾ ਸੈਣੀ ਭਾਂਖਰਪੁਰ,ਰਾਜੇਸ਼ ਸੈਣੀ,ਦਿਆਲ ਸੈਣੀ, ਐੱਮ.ਪੀ. ਸੈਣੀ, ਵਿਪਨ ਸੈਣੀ,ਬਲਬੀਰ ਸੈਣੀ,ਹਰੀ ਰਾਮ ਸੈਣੀ,ਭੁਪਿੰਦਰ ਸੈਣੀ ਜ਼ੀਰਕਪੁਰ ਅਤੇ ਹੋਰ ਪਤਵੰਤੇ ਸੱਜਣ ਮੌਜੂਦ ਸਨ।

# ਪਾਣੀ ਨਿਕਾਸੀ ਦੇ ਦਾਅਵੇ ਫੇਲ੍ਹ, ਡੇਰਾਬੱਸੀ ਦੀ ਅਕਾਲੀ ਮਾਰਕੀਟ 'ਚ ਭਰਿਆ ਗੰਦਾ ਪਾਣੀ

ਡੇਰਾਬੱਸੀ 11 ਜੂਨ ( ਮਨਦੀਪ ਵਰਮਾ / ਯੋਗੇਸ਼ ਸ਼ਰਮਾ) ਡੇਰਾਬੱਸੀ ਦੀ ਅਕਾਲੀ ਮਾਰਕੀਟ ਵਿੱਚ ਹੋਈ ਥੋੜੀ ਜਿਹੀ ਬਾਰਿਸ਼ ਨੇ ਨਗਰ ਕੌਂਸਲ ਦੇ ਵਿਕਾਸ ਕਾਰਜਾਂ ਅਤੇ ਪਾਣੀ ਨਿਕਾਸੀ ਪ੍ਰਬੰਧਾਂ ਦੀ ਫੂਕ ਕੱਢ ਕੇ ਰੱਖ ਦਿੱਤੀ ਹੈ। ਸਰਕਾਰ ਅਤੇ ਨਗਰ ਕੌਂਸਲ ਵੱਲੋਂ ਸ਼ਹਿਰ ਵਿੱਚ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਕਰਵਾਉਣ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਪੂਰੇ ਪ੍ਰਬੰਧ ਹੋਣ ਦੇ ਦਾਅਵੇ ਕੀਤੇ ਜਾ ਰਹੇ ਸਨ, ਪਰ ਹਕੀਕਤ ਉਸ ਵੇਲੇ ਸਾਹਮਣੇ ਆ ਗਈ ਜਦੋਂ ਹਲਕੀ ਬਾਰਿਸ਼ ਤੋਂ ਬਾਅਦ ਹੀ ਅਕਾਲੀ ਮਾਰਕੀਟ ਜਲਥਲ ਹੋ ਗਈ। ਮਾਰਕੀਟ ਵਿੱਚ ਕਈ ਥਾਵਾਂ @ਤੇ ਪਾਣੀ ਖੜ੍ਹਾ ਹੋਣ ਕਾਰਨ ਦੁਕਾਨਦਾਰਾਂ ਅਤੇ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸੜਕਾਂ @ਤੇ ਇਕੱਠੇ ਹੋਏ ਪਾਣੀ ਕਾਰਨ ਲੋਕਾਂ ਨੂੰ ਆਉਣ-ਜਾਣ ਵਿੱਚ ਦਿੱਕਤ ਆਈ, ਜਦਕਿ ਕਈ ਦੋਪਹੀਆ ਵਾਹਨ ਚਾਲਕ ਵੀ ਪਾਣੀ ਵਿੱਚੋਂ ਲੰਘਦੇ ਸਮੇਂ ਸੰਤੁਲਨ ਗੁਆਉਂਦੇ ਨਜ਼ਰ ਆਏ। ਦੁਕਾਨਦਾਰਾਂ ਦਾ ਕਹਿਣਾ ਹੈ ਕਿ ਹਰ ਸਾਲ ਬਰਸਾਤ ਦੇ ਮੌਸਮ ਦੌਰਾਨ ਇਹੀ ਹਾਲਾਤ ਬਣ ਜਾਂਦੇ ਹਨ, ਪਰ



ਇਸ ਸਮੱਸਿਆ ਦਾ ਕੋਈ ਸਥਾਈ ਹੱਲ ਨਹੀਂ ਕੀਤਾ ਜਾ ਰਿਹਾ। ਸਥਾਨਕ ਲੋਕਾਂ ਨੇ ਦੱਸਿਆ ਕਿ ਨਗਰ ਕੌਂਸਲ ਵੱਲੋਂ ਪਾਣੀ ਨਿਕਾਸੀ ਲਈ ਨਵੀਆਂ ਲਾਈਨਾਂ ਅਤੇ ਨਾਲਿਆਂ ਦੀ ਸਫ਼ਾਈ ਦੇ ਦਾਅਵੇ ਕੀਤੇ ਜਾਂਦੇ ਹਨ, ਪਰ ਜ਼ਮੀਨੀ ਪੱਧਰ @ਤੇ ਹਾਲਾਤ ਕੁਝ ਹੋਰ ਹੀ ਬਿਆਨ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਥੋੜੀ ਜਿਹੀ ਬਾਰਿਸ਼ ਨਾਲ ਹੀ ਮਾਰਕੀਟ ਵਿੱਚ ਪਾਣੀ ਭਰ ਸਕਦਾ ਹੈ ਤਾਂ ਆਉਣ ਵਾਲੇ ਮਾਨਸੂਨ ਸੀਜ਼ਨ ਦੌਰਾਨ ਸਥਿਤੀ ਹੋਰ ਵੀ ਗੰਭੀਰ ਹੋ ਸਕਦੀ ਹੈ।ਲੋਕਾਂ ਨੇ ਇਹ ਵੀ ਦੋਸ਼ ਲਗਾਇਆ ਕਿ ਪਾਣੀ ਖੜ੍ਹਾ ਰਹਿਣ ਕਾਰਨ ਗਾਹਕਾਂ ਦੀ ਆਵਾਜਾਈ ਪ੍ਰਭਾਵਿਤ ਹੁੰਦੀ ਹੈ, ਜਿਸ ਨਾਲ ਉਨ੍ਹਾਂ ਦੇ ਕਾਰੋਬਾਰ @ਤੇ ਵੀ ਮਾੜਾ ਅਸਰ ਪੈਂਦਾ ਹੈ। ਗੰਦੇ ਪਾਣੀ ਦੇ ਇਕੱਠੇ ਹੋਣ ਨਾਲ ਬਿਮਾਰੀਆਂ ਫੈਲਣ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ। ਇਲਾਕਾ ਨਿਵਾਸੀਆਂ ਅਤੇ ਦੁਕਾਨਦਾਰਾਂ ਨੇ ਨਗਰ ਕੌਂਸਲ ਤੋਂ ਮੰਗ ਕੀਤੀ ਹੈ ਕਿ ਅਕਾਲੀ ਮਾਰਕੀਟ ਵਿੱਚ ਪਾਣੀ ਨਿਕਾਸੀ ਦੀ ਸਮੱਸਿਆ ਦਾ ਜਲਦ ਤੋਂ ਜਲਦ ਸਥਾਈ ਹੱਲ ਕੀਤਾ ਜਾਵੇ ਅਤੇ ਬਰਸਾਤੀ ਮੌਸਮ ਤੋਂ ਪਹਿਲਾਂ ਨਾਲਿਆਂ ਦੀ ਸਫ਼ਾਈ ਅਤੇ ਨਿਕਾਸੀ ਪ੍ਰਬੰਧਾਂ ਦੀ ਜਾਂਚ ਕੀਤੀ ਜਾਵੇ, ਤਾਂ ਜੋ ਲੋਕਾਂ ਨੂੰ ਭਵਿੱਖ ਵਿੱਚ ਅਜਿਹੀਆਂ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਥੋੜੀ ਜਿਹੀ ਬਾਰਿਸ਼ ਨਾਲ ਬਣੇ ਇਹ ਹਾਲਾਤ ਨਗਰ ਕੌਂਸਲ ਦੇ ਦਾਅਵਿਆਂ @ਤੇ ਸਵਾਲੀਆ ਨਿਸ਼ਾਨ ਲਗਾ ਰਹੇ ਹਨ ਅਤੇ ਲੋਕ ਪੁੱਛ ਰਹੇ ਹਨ ਕਿ ਜਦੋਂ ਹਲਕੀ ਬਾਰਿਸ਼ ਨਾਲ ਹੀ ਮਾਰਕੀਟ ਪਾਣੀ ਵਿੱਚ ਡੁੱਬ ਸਕਦੀ ਹੈ ਤਾਂ ਵੱਡੀ ਬਾਰਿਸ਼ ਦੇ ਸਮੇਂ ਕੀ ਹਾਲਾਤ ਬਣਨਗੇ।

# ਇਕਾਦਸੀ ਮੌਕੇ ਜੀ.ਬੀ.ਪੀ. ਰੋਜ਼ਵੁੱਡ ਮਾਰਕੀਟ ਐਸੋਸੀਏਸ਼ਨ ਵੱਲੋਂ ਠੰਢੀ-ਮਿੱਠੀ ਛਬੀਲ ਦੀ ਸੇਵਾ



ਡੇਰਾਬੱਸੀ, 11 ਜੂਨ (ਮਨਦੀਪ ਵਰਮਾ/ ਯੋਗੇਸ਼ ਰਾਣਾ) ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜੀ.ਬੀ.ਪੀ. ਰੋਜ਼ਵੁੱਡ ਮਾਰਕੀਟ ਐਸੋਸੀਏਸ਼ਨ ਵੱਲੋਂ ਧਾਰਮਿਕ ਅਤੇ ਸਮਾਜਿਕ ਕਾਰਜ ਕਰਦਿਆਂ ਠੰਢੇ ਮਿੱਠੇ ਪਾਣੀ ਅਤੇ ਕਾਲੇ ਚਨਿਆਂ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਗੁਲਾਬਗੜ੍ਹ ਰੋਡ ਸਥਿਤ ਗੁਰਦੁਆਰਾ ਸਾਹਿਬ ਵਿਖੇ ਵਾਹਿਗੁਰੂ ਜੀ ਅੱਗੇ ਸਰਬੱਤ ਦੇ ਭਲੇ, ਦੇਸ਼-ਵਾਸੀਆਂ ਦੀ ਸੁਖ-ਸ਼ਾਂਤੀ ਅਤੇ ਖੁਸ਼ਹਾਲੀ ਲਈ ਵਿਸ਼ੇਸ਼ ਅਰਦਾਸ ਕੀਤੀ ਗਈ। ਅਰਦਾਸ ਉਪਰੰਤ ਛਬੀਲ ਦਾ ਲੰਗਰ ਅਟੁੱਟ ਵਰਤਾਇਆ ਗਿਆ, ਜਿਸ ਵਿੱਚ ਇਲਾਕੇ ਦੀਆਂ ਵੱਖ-ਵੱਖ ਕਾਲੋਨੀਆਂ ਤੋਂ ਆਏ ਲੋਕਾਂ ਨੇ ਸ਼ਰਧਾ ਅਤੇ ਭਾਵਨਾ ਨਾਲ ਭਾਗ ਲਿਆ।ਛਬੀਲ ਸੇਵਾ ਦੌਰਾਨ ਸੰਗਤ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਛੋਟੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਵਰਗ ਦੇ ਲੋਕਾਂ ਨੇ ਸੇਵਾ ਅਤੇ ਪ੍ਰਸਾਦ ਛਕਣ ਵਿੱਚ ਭਾਗ ਲਿਆ। ਮਾਰਕੀਟ ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਸਾਫ਼-ਸੁਥਰੇ ਅਤੇ ਸੁਚੱਜੇ ਪ੍ਰਬੰਧ ਕੀਤੇ ਗਏ, ਜਿਸ ਦੀ ਸੰਗਤ ਵੱਲੋਂ ਭਰਪੂਰ ਸਰਾਹਨਾ ਕੀਤੀ ਗਈ।ਇਸ ਪਾਵਨ ਮੌਕੇ ਜੀ.ਬੀ.ਪੀ. ਸੋਸਾਇਟੀ ਦੇ ਨਿਵਾਸੀ ਅਤੇ ਭਾਜਪਾ ਮੰਡਲ ਪ੍ਰਧਾਨ ਪਵਨ ਧੀਮਾਨ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਉਨ੍ਹਾਂ ਨੇ ਕਿਹਾ ਕਿ ਅਜਿਹੇ ਧਾਰਮਿਕ ਅਤੇ ਸਮਾਜਿਕ ਉਪਰਾਲੇ ਸਮਾਜ ਵਿੱਚ ਆਪਸੀ ਭਾਈਚਾਰੇ, ਸਦਭਾਵਨਾ ਅਤੇ ਏਕਤਾ ਨੂੰ ਮਜ਼ਬੂਤ ਕਰਦੇ ਹਨ। ਉਨ੍ਹਾਂ ਨੇ ਮਾਰਕੀਟ ਐਸੋਸੀਏਸ਼ਨ ਦੇ ਇਸ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕੀਤੀ।
ਲੰਗਰ ਸੇਵਾ ਵਿੱਚ ਸਮੂਹ ਮਾਰਕੀਟ ਅਤੇ ਦੁਕਾਨਦਾਰਾਂ ਵੱਲੋਂ ਸਰਾਹਣਯੋਗ ਸਹਿਯੋਗ ਦਿੱਤਾ ਗਿਆ। ਇਸ ਸੇਵਾ ਵਿੱਚ ਰਮੇਸ਼ ਸੈਣੀ, ਕਪੀਲ ਵਾਧਵਾ, ਰਾਜੇਸ਼ ਸੈਣੀ, ਅਰੁਣ ਸ਼ਰਮਾ, ਸੁੱਖਾ ਸੈਣੀ, ਵਿਕਾਸ ਪੁੰਨੀਆ, ਰਿੰਕੂ ਸੈਣੀ, ਦਿਲਜੋਤ ਸਿੰਘ, ਮੁਸਤਕੀਨ ਠੇਕੇਦਾਰ, ਜੋਨੀ ਸੈਣੀ, ਗਗਨ, ਲੱਕੀ, ਕਰਨ, ਸ਼ੁਭਮ, ਪਲਵਿੰਦਰ ਸਿੰਘ ਸਮੇਤ ਹੋਰ ਕਈ ਮੈਂਬਰਾਂ ਨੇ ਵਧ-ਚੜ੍ਹ ਕੇ ਭਾਗ ਲਿਆ।

# ਹਰਚੰਦ ਸਿੰਘ ਬਰਸਟ ਵੱਲੋਂ ਹਲਕਾ ਸਮਾਣਾ ਵਿੱਚ 8.89 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟ ਦਾ ਉਦਘਾਟਨ



ਸਮਾਣਾ, 11 ਜੂਨ (ਵਿਜੇ ਕੁਮਾਰ) ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। ਲੋਕਾਂ ਨੂੰ ਆਵਾਜਾਈ ਲਈ ਬਿਹਤਰ ਸੜਕਾਂ ਮੁਹੱਈਆਂ ਕਰਵਾਉਣ ਲਈ ਵਿਸ਼ੇਸ਼ ਪੱਧਰ ਤੇ ਕਾਰਜ ਚੱਲ ਰਹੇ ਹਨ। ਇਸੇ ਤਹਿਤ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਪਿੰਡ ਸ਼ੇਖੂਪੁਰ ਵਿਖੇ ਆਯੋਜਿਤ ਵਿਸ਼ੇਸ਼ ਸਮਾਗਮ ਦੌਰਾਨ ਰਿਬਨ ਕੱਟ ਕੇ ਸੜਕ ਦੇ ਨਿਰਮਾਣ ਕਾਰਜਾਂ ਦੀ ਰਸਮੀ ਸ਼ੁਰੂਆਤ ਕੀਤੀ ਗਈ।
ਇਸ ਪ੍ਰੋਜੈਕਟ ਤਹਿਤ ਪਟਿਆਲਾ-ਸੰਗਰੂਰ ਰੋਡ ਤੋਂ ਭਵਾਨੀਗੜ੍ਹ-ਨਾਭਾ ਰੋਡ ਵਾਇਆ ਸ਼ੇਖੂਪੁਰ, ਬਨੇਰਾ ਕਲਾਂ, ਨਿਰਵਾਨਾ, ਅਗੇਤੀ ਤੱਕ 12 ਕਿਲੋਮੀਟਰ ਲੰਬੀ ਸੜਕ ਦਾ ਨਿਰਮਾਣ ਕੀਤਾ ਜਾਵੇਗਾ। ਇਸ ਸੜਕ ਦੇ ਬਣਨ ਤੇ ਕਰੀਬ 8.89 ਕਰੋੜ ਰੁਪਏ ਦੀ ਲਾਗਤ ਆਵੇਗੀ, ਜਿਸ ਨਾਲ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਆਵਾਜਾਈ ਵਿੱਚ ਵੱਡੀ ਸਹੂਲਤ ਮਿਲੇਗੀ ਅਤੇ ਇਹ ਪ੍ਰੋਜੈਕਟ ਇਲਾਕੇ ਦੇ ਵਿਕਾਸ ਵਿੱਚ ਮੀਲ ਪੱਥਰ ਸਾਬਤ ਹੋਵੇਗੀ।
ਇਸ ਮੌਕੇ ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਹਰ ਖੇਤਰ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਕਿਸਾਨਾਂ, ਵਿਦਿਆਰਥੀਆਂ, ਵਪਾਰੀਆਂ ਅਤੇ ਆਮ ਲੋਕਾਂ ਨੂੰ ਵੱਡਾ ਲਾਭ ਮਿਲੇਗਾ। ਇਸ ਸੜਕ ਦੇ ਨਿਰਮਾਣ ਨਾਲ ਖੇਤਰ ਵਿੱਚ ਆਰਥਿਕ ਗਤੀਵਿਧੀਆਂ ਨੂੰ ਵੀ ਹੁਲਾਰਾ ਮਿਲੇਗਾ ਅਤੇ ਲੋਕਾਂ ਦਾ ਸਮਾਂ ਅਤੇ ਯਾਤਰਾ ਖਰਚ ਘਟੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਿਕਾਸ ਕਾਰਜਾਂ ਵਿੱਚ ਪੂਰੀ ਪਾਰਦਰਸ਼ਤਾ ਅਤੇ ਗੁਣਵੱਤਾ ਨੂੰ ਯਕੀਨੀ ਬਣਾ ਰਹੀ ਹੈ। ਸੜਕਾਂ ਦੇ ਨਿਰਮਾਣ ਕਾਰਜ ਵਿੱਚ ਗੁਣਵੱਤਾ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ। ਇਸ ਮੌਕੇ ਬਲਕਾਰ ਰਾਜਗੜ੍ਹ ਵਾਇਸ ਚੇਅਰਮੈਨ ਬਲਾਕ ਸੰਮਤੀ, ਬਲਜਿੰਦਰ ਸਿੰਘ ਪਹਾੜਪੁਰ ਬਲਾਕ ਸੰਮਤੀ ਮੈਂਬਰ, ਹਰਦੀਪ ਸਿੰਘ ਸ਼ੇਖੂਪੁਰ (ਕਿਸਾਨ ਯੂਨੀਅਨ), ਜਸਵਿੰਦਰ ਸਿੰਘ ਸਰਪੰਚ ਸੁਲਤਾਨਪੁਰ, ਜਗਤਾਰ ਸਿੰਘ ਸਰਪੰਚ ਸ਼ੇਖੂਪੁਰ, ਸੁਖਚੈਨ ਸਿੰਘ ਸਰਪੰਚ ਖੂੰਟੀ ਛੰਨਾ, ਅਮਰਜੀਤ ਸਿੰਘ ਸਰਪੰਚ ਭੇਡਪੁਰਾ, ਸਤਿਗੁਰ ਸਿੰਘ ਸਰਪੰਚ ਤਰੋੜਾ ਕਲਾਂ, ਰਾਮ ਸਿੰਘ ਸਰਪੰਚ ਫਤਿਹਪੁਰ, ਨਰਿੰਦਰ ਸਿੰਘ ਸਰਪੰਚ ਬਰਸਟ, ਅਕਾਸ਼ਦੀਪ ਸਿੰਘ ਸਰਪੰਚ ਬਨੇਰਾ ਖੁਰਦ, ਗਿਨੀ ਖੰਗੂੜਾ ਵਾਇਸ ਕੋਆਰਡੀਨੇਟਰ ਹਲਕਾ ਸਮਾਣਾ ਯੁੱਧ ਨਸ਼ਿਆ ਵਿਰੁੱਧ, ਕਰਨੈਲ ਸਿੰਘ ਮਹਿਮਦਪੁਰ, ਮੌਜੂਦ ਰਹੇ।

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਸੰਭਾਵੀ ਹੜ੍ਹਾਂ ਦੇ ਅਗੇਤੇ ਪ੍ਰਬੰਧਾਂ ਲਈ ਸਮੀਖਿਆ ਮੀਟਿੰਗ, ਡਰੇਨਾਂ ਦੀ ਸਾਫ ਸਫਾਈ ਵੱਲ ਵਧੇਰੇ ਧਿਆਨ ਦੇਣ ਦੇ ਨਿਰਦੇਸ਼



ਬਨੂੜ, 11 ਜੂਨ, ਅਮਰਿੰਦਰ ਸਿੰਘ ਮੋਹੀ, ਮੌਨਸੂਨ ਸੀਜ਼ਨ ਦੌਰਾਨ ਸੰਭਾਵੀ ਹੜ੍ਹਾਂ ਦੀ ਰੋਕਥਾਮ ਸਬੰਧੀ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਵਧੀਕ ਡਿਪਟੀ ਕਮਿਸ਼ਨਰ (ਜ) ਗੀਤਿਕਾ ਸਿੰਘ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਮੌਨਸੂਨ ਨੂੰ ਧਿਆਨ ਵਿੱਚ ਰੱਖਦੇ ਹੋਏ ਹੰਗਾਮੀ ਹਾਲਤਾਂ ਨਾਲ ਨਜਿੱਠਣ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ। ਇਸ ਮੌਕੇ ਉਨ੍ਹਾਂ ਨੇ ਡਰੇਨਜ਼ ਦੀ ਸਫਾਈ ਵੱਲ ਖਾਸ ਧਿਆਨ ਦੇਣ ਤੇ ਜ਼ੋਰ ਦਿੱਤਾ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਉਣ ਵਾਲੀ ਮੌਨਸੂਨ ਨੂੰ ਦੇਖਦੇ ਹੋਏ ਹੜ੍ਹਾਂ ਨਾਲ ਨਜਿੱਠਣ ਲਈ ਵਧੇਰੇ ਤਿਆਰੀ/ਚੌਕਸੀ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ਼ੁਰੂ ਹੋਣ ਵਾਲੇ ਮੌਨਸੂਨ ਸੀਜ਼ਨ ਨੂੰ ਵੇਖਦੇ ਹੋਏ ਕਿਸੇ ਵੀ ਹੰਗਾਮੀ ਹਾਲਤ ਦਾ ਸਾਹਮਣਾ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਟੀਮਾਂ ਨੂੰ ਪੂਰੀ ਤਰ੍ਹਾਂ ਤਿਆਰ ਰਹਿਣਾ ਚਾਹੀਦਾ ਹੈ। ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਉਨ੍ਹਾਂ ਦੇ ਵਿਭਾਗਾਂ ਨਾਲ ਸਬੰਧਤ ਕੰਮਾਂ ਦੇ ਅਗੇਤੇ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਦੀ ਹਦਾਇਤ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਜਿਹੇ ਹਾਲਾਤ ਦਾ ਸਾਹਮਣਾ ਕਰਨ ਲਈ ਆਪਸੀ ਤਾਲਮੇਲ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਰੇ ਸਬੰਧਤ ਬੀ.ਡੀ.ਓਜ਼, ਈ.ਓਜ਼, ਉਪ ਮੰਡਲ ਮੈਜਿਸਟ੍ਰੇਟ ਨਾਲ ਮਿਲਕੇ ਹੜ੍ਹ ਸੰਭਾਵਤ ਥਾਵਾਂ ਦਾ ਮੁਆਇਨਾ ਕਰਕੇ ਲੋੜੀਂਦੇ ਪ੍ਰਬੰਧਾਂ ਦੀ ਅਤੇ ਸਾਜ਼ੋ ਸਮਾਨ ਦੀ ਤਿਆਰੀ ਕਰਕੇ ਰੱਖਣ। ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਕਿਹਾ ਕਿ ਫਲੱਡ ਲਾਈਟਾਂ, ਸਰਚ ਲਾਈਟਾਂ, ਲਾਈਫ਼ ਜੈਕਟਾਂ, ਜਨਰੇਟਰ, ਤਰਪਾਲਾਂ ਆਦਿ ਸਮਾਨ ਦੀ ਅਗੇਤੇ ਤੌਰ 'ਤੇ ਜਾਂਚ ਕਰ ਲਈ ਜਾਵੇ ਅਤੇ ਜੇਕਰ ਕਿਸੇ ਸਮਾਨ ਨੂੰ ਰਿਪੇਅਰ ਦੀ ਲੋੜ ਹੈ, ਤਾਂ ਤੁਰੰਤ ਰਿਪੇਅਰ ਕਰਵਾਈ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸ਼ਹਿਰਾਂ/ਪਿੰਡਾਂ ਦੇ ਡਰੇਨੇਜ, ਸੀਵਰੇਜ ਅਤੇ ਬਰਸਾਤੀ ਨਦੀਆਂ, ਚੋਆਂ ਅਤੇ ਨਾਲਿਆਂ ਦੀ ਸਫ਼ਾਈ ਵੀ ਯਕੀਨੀ ਬਣਾਈ ਜਾਵੇ ਅਤੇ ਨਿਸ਼ਚਿਤ ਸਮੇਂ ਅੰਦਰ ਕੰਮ ਪੂਰਾ ਕੀਤਾ ਜਾਵੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਿਸੇ ਵੀ ਥਾਂ ਕੋਈ ਵੀ ਬੋਰਵੈੱਲ ਖੁੱਲ੍ਹਾ ਨਹੀਂ ਹੋਣਾ ਚਾਹੀਦਾ। ਇਸ ਦੇ ਨਾਲ ਹੀ ਉਨ੍ਹਾਂ ਨੇ ਪੀ.ਡਬਲਿਊ.ਡੀ. ਅਤੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੜਕਾਂ ਦੇ ਬਰਮ ਮਜ਼ਬੂਤ ਕੀਤੇ ਜਾਣ ਤਾਂ ਜੋ ਪਾਣੀ ਆਉਣ ਦੀ ਸੂਰਤ ਵਿੱਚ ਸੜਕਾਂ ਨੂੰ ਨੁਕਸਾਨ ਤੋਂ ਬਚਾਇਆ ਜਾ ਸਕੇ।
ਉਨ੍ਹਾਂ ਸਾਰੇ ਸਕੂਲਾਂ ਦੇ ਪ੍ਰਿਸੀਪਲਾਂ ਨੂੰ ਸਕੂਲ ਦੀਆਂ ਛੱਤਾਂ ਤੋਂ ਬਰਸਾਤੀ ਪਾਣੀ ਦੀ ਨਿਕਾਸੀ ਨੂੰ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਸਬੰਧਿਤ ਵਿਭਾਗਾਂ ਵੱਲੋਂ ਡਰੇਨਾਂ/ਨਾਲਿਆਂ ਆਦਿ ਦੀ ਸਫ਼ਾਈ, ਪੀਣ ਵਾਲੇ ਸਾਫ਼ ਪਾਣੀ, ਡਾਕਟਰਾਂ ਦੀਆਂ ਟੀਮਾਂ ਤੇ ਦਵਾਈਆਂ, ਜ਼ਿਲ੍ਹਾਂ ਪੱਧਰ ਤੇ ਹੜ੍ਹ ਕੰਟਰੋਲ ਰੂਮ ਸਥਾਪਿਤ ਕਰਨ, ਦੂਰ ਸੰਚਾਰ ਵਿਵਸਥਾ, ਵਾਇਰਲੈੱਸ ਸੈੱਟ ਲਗਾਉਣ, ਕਿਸ਼ਤੀ ਚਾਲਕਾਂ ਅਤੇ ਗੋਤਾਖੋਰਾਂ ਦੀ ਸੂਚੀ ਆਦਿ ਦੇ ਪ੍ਰਬੰਧ ਪਹਿਲਾ ਹੀ ਮੁਕੰਮਲ ਕਰ ਲਏ ਜਾਣ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਾਣੀ ਦੀ ਸਹੀ ਨਿਕਾਸੀ ਲਈ ਪਿੰਡਾਂ ਦੇ ਛੱਪੜਾਂ ਦੀ ਸਫ਼ਾਈ ਸਮੇਂ ਸਿਰ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ। ਬਰਸਾਤਾਂ ਦੇ ਮੌਸਮ @ਚ ਜਿਨ੍ਹਾਂ ਸੜਕਾਂ ਦਾ ਨੁਕਸਾਨ ਹੁੰਦਾ ਹੈ, ਉਨ੍ਹਾਂ ਦੀ ਸ਼ਨਾਖ਼ਤ ਕਰਨ ਅਤੇ ਸੜਕ ਟੁੱਟਣ ਦੀ ਸਥਿਤੀ ਵਿੱਚ ਜੇਕਰ ਸੜਕਾਂ ਦੀ ਆਵਾਜਾਈ ਵਿੱਚ ਕੋਈ ਰੁਕਾਵਟ ਪੈਂਦੀ ਹੈ ਤਾਂ ਤੁਰੰਤ ਉਸ ਨੂੰ ਚਾਲੂ ਕਰਵਾਇਆ ਜਾਵੇ। ਇਸ ਮੌਕੇ ਨੈਸ਼ਨਲ ਹਾਈਵੇਅ ਦੇ ਨੁਮਾਇੰਦੇ ਨੂੰ ਉਨ੍ਹਾਂ ਦੇ ਅਧਿਕਾਰ ਖੇਤਰ ਚ ਪੈਂਦੇ ਬਰਸਾਤੀ ਨਿਕਾਸੀ ਨਾਲਿਆਂ (ਸਟੋਰ ਮ ਸੀਵਰ) ਦੀ ਸਾਫ਼ ਸਫ਼ਾਈ ਤੇ ਵਿਸ਼ੇਸ਼ ਧਿਆਨ ਦੇਣ ਲਈ ਕਿਹਾ ਗਿਆ ਤਾਂ ਜੋ ਪਿਛਲੇ ਸਾਲ ਜਿਹੀ ਸੜ੍ਹਕਾਂ ਤੇ ਪਾਣੀ ਖੜ੍ਹਨ ਦੀ ਸਮੱਸਿਆ ਨਾ ਆਵੇ। ਉਨ੍ਹਾਂ ਨੇ ਸਮੂਹ ਕਾਰਜ ਸਾਧਕ ਅਫਸਰਾਂ ਨੂੰ ਮੁਕੰਮਲ ਤਿਆਰੀਆਂ ਕਰ ਕੇ ਰੱਖਣ ਲਈ ਆਖਿਆ। ਇਸ ਤੋਂ ਇਲਾਵਾ ਮੌਨਸੂਨ ਸੀਜ਼ਨ ਦੌਰਾਨ ਹੰਗਾਮੀ ਹਾਲਾਤਾਂ ਨੂੰ ਨਜਿੱਠਣ ਲਈ ਪਿੰਡਾਂ ਤੇ ਸ਼ਹਿਰਾਂ ਵਿੱਚ ਉੱਚੇ ਸਥਾਨਾਂ ਦੀ ਸ਼ਨਾਖ਼ਤ ਵੀ ਕੀਤੀ ਜਾਵੇ, ਤਾਂ ਜੋ ਲੋਕਾਂ ਨੂੰ ਸੁਰੱਖਿਅਤ ਸਥਾਨਾਂ @ਤੇ ਠਹਿਰਾਉਣ ਦਾ ਵੀ ਉਚਿਤ ਪ੍ਰਬੰਧ ਕੀਤਾ ਜਾ ਸਕੇ।ਇਸ ਮੌਕੇ ਅਨਮੋਲ ਸਿੰਘ ਧਾਲੀਵਾਲ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਸੋਨਮ ਚੌਧਰੀ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਦਮਨਦੀਪ ਕੌਰ, ਐਸ.ਡੀ.ਐਮ ਮੋਹਾਲੀ, ਗੁਰਮੀਤ ਸਿੰਘ, ਐਸ.ਡੀ.ਐਮ., ਖਰੜ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਮਹਿੰਗਾਈ ਖ਼ਿਲਾਫ਼ ਕਾਂਗਰਸ ਦਾ ਬਨੂੜ 'ਚ ਕੇਂਦਰ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ



ਬਨੂੜ, ਸ਼ੰਭੂ 11 ਜੂਨ ਅਮਰਿੰਦਰ ਸਿੰਘ ਮੋਹੀ : ਦੇਸ਼ ਵਿੱਚ ਲਗਾਤਾਰ ਵੱਧ ਰਹੀ ਮਹਿੰਗਾਈ, ਪੈਟਰੋਲ-ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਹੋ ਰਹੇ ਵਾਧੇ ਦੇ ਵਿਰੋਧ ਵਿੱਚ ਕਾਂਗਰਸ ਪਾਰਟੀ ਅਤੇ ਸਮੂਹ ਬਨੂੜ ਇਲਾਕਾ ਨਿਵਾਸੀਆਂ ਵੱਲੋਂ ਅੱਜ ਸ਼ਾਮ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ
ਇਹ ਰੋਸ ਪ੍ਰਦਰਸ਼ਨ ਮਾਤਾ ਬੈਂਸੋ ਮੰਦਰ, ਬਨੂੜ ਵਿਖੇ ਆਯੋਜਿਤ ਕੀਤਾ ਗਿਆ। ਇਸ ਮੌਕੇ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ, ਉਨ੍ਹਾਂ ਦੇ ਸਪੁੱਤਰ ਮਿਲਟੀ ਕੰਬੋਜ ਅਤੇ ਕਾਂਗਰਸ ਪਾਰਟੀ ਦੀ ਸਮੁੱਚੀ ਟੀਮ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਆਮ ਲੋਕਾਂ ਉੱਤੇ ਮਹਿੰਗਾਈ ਦਾ ਬੋਝ ਲਗਾਤਾਰ ਵੱਧ ਰਿਹਾ ਹੈ। ਰੋਜ਼ਾਨਾ ਵਰਤੋਂ ਦੀਆਂ ਵਸਤੂਆਂ, ਪੈਟਰੋਲ-ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਵਾਧੇ ਨੇ ਆਮ ਪਰਿਵਾਰਾਂ ਦਾ ਬਜਟ ਹਿਲਾ ਕੇ ਰੱਖ ਦਿੱਤਾ ਹੈ। ਇਸੇ ਲਈ ਕਾਂਗਰਸ ਪਾਰਟੀ ਵੱਲੋਂ ਲੋਕਾਂ ਦੀ ਆਵਾਜ਼ ਬਣਦਿਆਂ ਕੇਂਦਰ ਸਰਕਾਰ ਖ਼ਿਲਾਫ਼ ਆਪਣਾ ਰੋਸ ਪ੍ਰਗਟ ਕੀਤਾ ਜਾ ਰਿਹਾ ਹੈ। ਇਸ ਮੌਕੇ ਕਾਂਗਰਸੀ ਆਗੂਆਂ ਨੇ ਇਲਾਕੇ ਦੇ ਸਮੂਹ ਨਿਵਾਸੀਆਂ, ਵਪਾਰੀਆਂ, ਕਿਸਾਨਾਂ, ਮਜ਼ਦੂਰਾਂ ਅਤੇ ਨੌਜਵਾਨਾਂ ਨੂੰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਤਾਂ ਜੋ ਮਹਿੰਗਾਈ ਦੇ ਮੁੱਦੇ ਤੇ ਲੋਕਾਂ ਦੀ ਆਵਾਜ਼ ਸਰਕਾਰ ਤੱਕ ਪਹੁੰਚਾਈ ਜਾ ਸਕੇ ਕਾਂਗਰਸ ਪਾਰਟੀ ਦੇ ਆਗੂਆਂ ਨੇ ਕਿਹਾ ਕਿ ਮਹਿੰਗਾਈ ਖ਼ਿਲਾਫ਼ ਇਹ ਸੰਘਰਸ਼ ਲੋਕ ਹਿੱਤ ਲਈ ਹੈ ਅਤੇ ਜਨਤਾ ਦੇ ਹੱਕਾਂ ਦੀ ਰੱਖਿਆ ਲਈ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਜਾਰੀ ਰਹਿਣਗੇ।ਇਸ ਮੌਕੇ ਜਗਤਾਰ ਸਿੰਘ ਕੰਬੋਜ ਕੁਲਵਿੰਦਰ ਸਿੰਘ ਭੋਲਾ ਪ੍ਰੀਤਇੰਦਰ ਸਿੰਘ ਢੀਂਡਸਾ ਸਿਕੰਦਰ ਸਿੰਘ ਬਨੂੜ ਜੱਤੀ ਸੰਧੂ ਸੋਨੀ ਸੰਧੂ ਲਛਮਣ ਸਿੰਘ ਚੰਗੇਰਾ ਨੈਬ ਸਿੰਘ ਮਨੌਲੀ ਸੂਰਤ ਹਰਵਿੰਦਰ ਸਿੰਘ ਹੈਪੀ ਹਰਪ੍ਰੀਤ ਸੋਨਿਕ ਪ੍ਰਧਾਨ ਯੂਥ ਕਾਂਗਰਸ ਬਨੂੜ ਤੋਂ ਇਲਾਵਾ ਸਮੂਹ ਇਲਾਕਾ ਨਿਵਾਸੀ ਮੌਜੂਦ ਸਨ

# ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਡੂੰਗਰ ਵਿਖੇ ਸੰਗਤਾਂ ਵੱਲੋਂ ਹਰਦਿਆਲ ਸਿੰਘ ਭੱਟੀ ਦੇ ਹੱਕ ਵਿੱਚ ਪੂਰਨ ਸਮਰਥਨ ਦਾ ਮਤਾ ਪਾਸ



ਪਟਿਆਲਾ, 11 ਜੂਨ (ਚ.ਨ.ਸ.) : ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਡੂੰਗਰ ਵਿਖੇ ਇਕੱਠੀਆਂ ਹੋਈਆਂ ਸੰਗਤਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਬੀ.ਸੀ. ਵਿੰਗ ਦੇ ਕੌਮੀ ਮੀਤ ਪ੍ਰਧਾਨ ਸ. ਹਰਦਿਆਲ ਸਿੰਘ ਭੱਟੀ ਦੇ ਹੱਕ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਪੂਰਨ ਸਮਰਥਨ ਦਾ ਮਤਾ ਪਾਸ ਕੀਤਾ ਗਿਆ। ਸੰਗਤਾਂ ਨੇ ਕਿਹਾ ਕਿ ਸ. ਭੱਟੀ ਨੇ ਹਮੇਸ਼ਾ ਲੋਕਾਂ ਦੇ ਮਸਲਿਆਂ, ਪੰਜਾਬ ਦੇ ਹੱਕਾਂ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਦੀਆਂ ਮੰਗਾਂ ਨੂੰ ਪੂਰੀ ਦ੍ਰਿੜਤਾ ਨਾਲ ਉਠਾਇਆ ਹੈ ਅਤੇ ਲੋਕ ਸੇਵਾ ਨੂੰ ਆਪਣਾ ਮੁੱਖ ਧਿਆਨ ਬਣਾਇਆ ਹੈ।ਸੰਗਤਾਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਸ. ਹਰਦਿਆਲ ਸਿੰਘ ਭੱਟੀ ਲੰਬੇ ਸਮੇਂ ਤੋਂ ਨਿਸ਼ਕਾਮ ਭਾਵਨਾ ਨਾਲ ਲੋਕਾਂ ਦੀ ਸੇਵਾ ਕਰਦੇ ਆ ਰਹੇ ਹਨ, ਜਿਸ ਕਾਰਨ ਉਨ੍ਹਾਂ ਨੂੰ ਇਲਾਕੇ ਦੇ ਲੋਕਾਂ ਦਾ ਭਰਪੂਰ ਪਿਆਰ, ਸਤਿਕਾਰ ਅਤੇ ਸਮਰਥਨ ਪ੍ਰਾਪਤ ਹੈ। ਸੰਗਤਾਂ ਨੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਨੂੰ ਪੂਰਾ ਸਹਿਯੋਗ ਦੇਣ ਅਤੇ ਉਨ੍ਹਾਂ ਦੀ ਜਿੱਤ ਲਈ ਇਕਜੁੱਟ ਹੋ ਕੇ ਕੰਮ ਕਰਨ ਦਾ ਸੰਕਲਪ ਵੀ ਲਿਆ।ਇਸ ਮੌਕੇ ਸੰਗਤਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ Sukhbir Singh Badal ਨੂੰ ਅਪੀਲ ਕੀਤੀ ਕਿ ਪਟਿਆਲਾ ਸ਼ਹਿਰ ਵਿਧਾਨ ਸਭਾ ਹਲਕੇ ਤੋਂ ਪਾਰਟੀ ਦੀ ਟਿਕਟ ਸ. ਹਰਦਿਆਲ ਸਿੰਘ ਭੱਟੀ ਨੂੰ ਦਿੱਤੀ ਜਾਵੇ। ਸੰਗਤਾਂ ਨੇ ਕਿਹਾ ਕਿ ਸ. ਭੱਟੀ ਪਿਛਲੇ ਕਈ ਦਹਾਕਿਆਂ ਤੋਂ ਪਾਰਟੀ ਦੀ ਮਜ਼ਬੂਤੀ, ਪੰਜਾਬ ਦੇ ਹੱਕਾਂ ਦੀ ਰੱਖਿਆ ਅਤੇ ਲੋਕਾਂ ਦੇ ਮਸਲਿਆਂ ਦੇ ਹੱਲ ਲਈ ਲਗਾਤਾਰ ਸਰਗਰਮ ਰਹੇ ਹਨ, ਜਿਸ ਕਰਕੇ ਉਹ ਪਟਿਆਲਾ ਸ਼ਹਿਰ ਦੀ ਨੁਮਾਇੰਦਗੀ ਕਰਨ ਲਈ ਇੱਕ ਯੋਗ, ਮਿਹਨਤੀ ਅਤੇ ਲੋਕਪ੍ਰਿਯ ਉਮੀਦਵਾਰ ਹਨ।ਸੰਗਤਾਂ ਨੇ ਇਹ ਵੀ ਕਿਹਾ ਕਿ ਸ. ਹਰਦਿਆਲ ਸਿੰਘ ਭੱਟੀ, ਟਕਸਾਲੀ ਅਕਾਲੀ ਆਗੂ ਪ੍ਰੋਫੈਸਰ Kirpal Singh Badungar ਦੇ ਛੋਟੇ ਭਰਾ ਹਨ। ਬਡੂੰਗਰ ਪਰਿਵਾਰ ਦਹਾਕਿਆਂ ਤੋਂ ਬਿਨਾਂ ਕਿਸੇ ਨਿੱਜੀ ਸਵਾਰਥ ਦੇ ਪੰਥ, ਪੰਜਾਬ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੇਵਾ ਕਰਦਾ ਆ ਰਿਹਾ ਹੈ।ਸੰਗਤਾਂ ਨੇ ਕਿਹਾ ਕਿ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ, ਸੀਨੀਅਰ ਅਤੇ ਸਤਿਕਾਰਯੋਗ ਨੇਤਾਵਾਂ ਵਿੱਚੋਂ ਇੱਕ ਹਨ, ਜੋ ਸਾਬਕਾ ਮੁੱਖ ਮੰਤਰੀ Parkash Singh Badal ਅਤੇ ਸਾਬਕਾ ਜਥੇਦਾਰ Gurcharan Singh Tohra ਦੇ ਸਮੇਂ ਦੇ ਸਮਕਾਲੀ ਨੇਤਾ ਰਹੇ ਹਨ। ਉਨ੍ਹਾਂ ਨੇ ਆਪਣੀ ਦੂਰਅੰਦੇਸ਼ੀ ਸੋਚ, ਸਿਧਾਂਤਕ ਰਾਜਨੀਤੀ, ਪੰਥਕ ਸੇਵਾਵਾਂ ਅਤੇ ਸੰਗਠਨ ਪ੍ਰਤੀ ਅਟੁੱਟ ਸਮਰਪਣ ਸਦਕਾ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਬਣਾਉਣ, ਪੰਥਕ ਵਿਚਾਰਧਾਰਾ ਨੂੰ ਅੱਗੇ ਵਧਾਉਣ ਅਤੇ ਪੰਜਾਬ ਦੇ ਹੱਕਾਂ ਦੀ ਰੱਖਿਆ ਲਈ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਦੀਆਂ ਸੇਵਾਵਾਂ ਅਤੇ ਤਜਰਬੇ ਕਾਰਨ ਉਹ ਅੱਜ ਵੀ ਅਕਾਲੀ ਦਲ ਦੇ ਵੱਡੇ ਕੱਦ ਅਤੇ ਸਤਿਕਾਰਯੋਗ ਆਗੂ ਵਜੋਂ ਜਾਣੇ ਜਾਂਦੇ ਹਨ।ਸੰਗਤਾਂ ਨੇ ਕਿਹਾ ਕਿ ਸ. ਹਰਦਿਆਲ ਸਿੰਘ ਭੱਟੀ ਵੀ ਆਪਣੇ ਪਰਿਵਾਰ ਦੀ ਇਸੇ ਸੇਵਾ, ਸਮਰਪਣ ਅਤੇ ਸੰਘਰਸ਼ ਦੀ ਪਰੰਪਰਾ ਨੂੰ ਅੱਗੇ ਵਧਾ ਰਹੇ ਹਨ। ਉਹ ਲੰਬੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ, ਪੰਜਾਬ ਦੇ ਹੱਕਾਂ ਅਤੇ ਆਮ ਲੋਕਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੇ ਹਨ। ਉਨ੍ਹਾਂ ਦੀ ਲੰਬੀ ਸਿਆਸੀ ਸੇਵਾ, ਸਾਫ਼-ਸੁਥਰੀ ਛਵੀ, ਲੋਕਾਂ ਨਾਲ ਨਜ਼ਦੀਕੀ ਅਤੇ ਪਾਰਟੀ ਪ੍ਰਤੀ ਵਫ਼ਾਦਾਰੀ ਨੂੰ ਦੇਖਦਿਆਂ ਸੰਗਤਾਂ ਨੇ ਪਾਰਟੀ ਹਾਈਕਮਾਨ ਨੂੰ ਅਪੀਲ ਕੀਤੀ ਕਿ ਪਟਿਆਲਾ ਸ਼ਹਿਰ ਤੋਂ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਉਮੀਦਵਾਰ ਐਲਾਨਿਆ ਜਾਵੇ। ਸੰਗਤਾਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਸ. ਹਰਦਿਆਲ ਸਿੰਘ ਭੱਟੀ ਨੂੰ ਪਟਿਆਲਾ ਸ਼ਹਿਰ ਤੋਂ ਉਮੀਦਵਾਰ ਬਣਾਏ ਜਾਣ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਲਾਭ ਹੋਵੇਗਾ ਅਤੇ ਪਾਰਟੀ ਸ਼ਹਿਰ ਵਿੱਚ ਹੋਰ ਵੀ ਮਜ਼ਬੂਤ ਹੋ ਕੇ ਉਭਰੇਗੀ। ਇਸ ਮੌਕੇ ਹਾਜ਼ਰ ਸੰਗਤਾਂ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਦਿਆਂ ਸ. ਹਰਦਿਆਲ ਸਿੰਘ ਭੱਟੀ ਨੂੰ ਪੂਰਾ ਸਮਰਥਨ ਦੇਣ ਅਤੇ ਉਨ੍ਹਾਂ ਦੀ ਜਿੱਤ ਲਈ ਤਨ, ਮਨ ਅਤੇ ਧਨ ਨਾਲ ਯਤਨ ਕਰਨ ਦਾ ਅਹਿਦ ਕੀਤਾ


ਨਗਰ ਪੰਚਾਇਤ ਦੇਵੀਗੜ੍ਹ
ਜ਼ਿਲ੍ਹਾ ਪਟਿਆਲਾ
ਪੰਜਾਬ ਸਰਕਾਰ
ਟੈਂਡਰ/ਆਰਐਫਪੀ ਹਵਾਲਾ ਨੰਬਰ EPROC.NP ਦੇਵੀਗੜ੍ਹ/2026-27/02
ਨਗਰ ਪੰਚਾਇਤ ਦੇਵੀਗੜ੍ਹ ਦੇ ਵਿਭਾਗ ਵੱਲੋਂ ਸਿਵਲ ਕੰਮਾਂ/ਹੋਰ ਕੰਮਾਂ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।
ਬੰਦ ਹੋਣ ਦੀ ਮਿਤੀ ਅਤੇ ਸਮਾਂ : 23.06.26 (ਸਵੇਰੇ 10.00 ਵਜੇ)
ਵੇਰਵਿਆਂ ਲਈ ਲਾਗ ਆਨ ਕਰੋ :https://eproc.punjab.gov.in
ਨੋਟ : ਟੈਂਡਰ/ਆਰਐਫਪੀ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
ਸਹੀ/-ਕਾਰਜਕਾਰੀ ਅਧਿਕਾਰੀ,
ਨਗਰ ਪੰਚਾਇਤ ਦੇਵੀਗੜ੍ਹ
RO.No.PR-Advt.No.: 3031/12/2026-27/12232/Dated CHD : 11/06/2026



PSPCL Punjab State Power Corporation Limited
Office of Addl Superintending Engineer, Central Store, Malout
E-mail : xen-cs-malout@pspcl.in
Regd. Office : PSEB Head Office, The Mall, Patiala - 147001
Corporate Identity Number : U40109PB2010SGC033813 Website : www.pspcl.in
ਟੈਂਡਰ ਇੰਨਕੁਆਇਰੀ ਨੰ. 01/2026-27 CS Malout ਮਿਤੀ : 12.06.2026
ਟੈਂਡਰ ਇੰਨਕੁਆਇਰੀ
ਵਧੀਕ ਨਿਗਰਾਨ ਇੰਜੀਨੀਅਰ ਕੇਂਦਰੀ ਭੰਡਾਰ, ਮਲੋਟ ਵੱਲੋਂ ਵੱਖ-ਵੱਖ ਸਟੋਰਾਂ ਲਈ 4 ਨੰ. ਗੱਡੀਆਂ (2 ਨੰ. 9 ਟਨ ਕਪੈਸਟੀ ਟਰੱਕ (1 ਨੰ. ਕੇਂਦਰੀ ਭੰਡਾਰ, ਮਲੋਟ, ਟੀ.ਆਰ.ਵਾਈ., ਮਲੋਟ ਅਤੇ 1 ਨੰ. ਸਬ ਸਟੋਰ, ਫਾਜ਼ਿਲਕਾ ਲਈ) ਅਤੇ 2 ਨੰ. 6 ਟਨ ਕਪੈਸਟੀ ਟਰੱਕ (1 ਨੰ. ਕੇਂਦਰੀ ਭੰਡਾਰ, ਮਲੋਟ, ਟੀ.ਆਰ.ਵਾਈ., ਮਲੋਟ ਅਤੇ 1 ਨੰ. ਸਬ ਸਟੋਰ, ਫਾਜ਼ਿਲਕਾ ਲਈ) ਦੀ ਮੰਗ ਸਮੇਤ ਲੇਬਰ, ਜ਼ਰੂਰੀ ਟੀ.ਐਂਡ ਪੀ. ਅਤੇ ਘੱਟੋ-ਘੱਟ 12 MT ਸਮਰੱਥਾ ਵਾਲੀਆਂ 2 ਨੰ. ਕਰੇਨਾਂ (1 ਨੰ. ਕੇਂਦਰੀ ਭੰਡਾਰ, ਮਲੋਟ, ਟੀ.ਆਰ.ਵਾਈ., ਮਲੋਟ ਅਤੇ 1 ਨੰ. ਸਬ ਸਟੋਰ, ਫਾਜ਼ਿਲਕਾ ਲਈ), ਢੋਆ-ਢੁਆਈ, ਲਦਾਈ ਲੁਹਾਈ ਅਤੇ ਸਟੋਰ/ਟੀ.ਆਰ.ਵਾਈ. ਵਿੱਚ ਪਏ ਸਮਾਨ (ਪੀ ਸੀ ਸੀ. ਪੋਲ, ਟ੍ਰਾਂਸਫਾਰਮਰ, ਚੈਨਲ, ਐਂਗਲ, ਫਲੈਟ ਵਗੈਰਾਂ) ਦੀ ਸ਼ਟੈਕਿੰਗ ਕਰਨ ਵਾਸਤੇ, ਇੰਟਰ ਸਟੋਰ ਅਤੇ ਮਹਿਕਮੇ ਦੇ ਦੂਸਰੇ ਕੰਮ ਵਾਲੀਆਂ ਥਾਵਾਂ ਉਤੇ ਮਹਿਕਮੇ ਦੀ ਜ਼ਰੂਰਤ ਅਨੁਸਾਰ ਸਮਾਨ ਦੀ ਢੋਆ-ਢੁਆਈ ਲਈ ਗੱਡੀਆਂ ਉਪਲਬੱਧ ਕਰਵਾਉਣ ਸਬੰਧੀ। ਇਸ ਤੋਂ ਇਲਾਵਾ, ਸਟੋਰ/ਟੀ.ਆਰ.ਵਾਈ. ਵਿਖੇ ਵੱਖ-ਵੱਖ ਜ਼ਰੂਰਤ ਅਨੁਸਾਰ ਭਾੜੇ ਦੇ ਵਾਹਨ, ਪੀ.ਐਸ.ਪੀ.ਸੀ.ਐਲ. ਵਾਹਨ ਜਾਂ ਪੀ.ਐਸ.ਪੀ.ਸੀ.ਐਲ. ਦੁਆਰਾ ਸਮਾਨ ਦੀ ਢੋਆ-ਢੁਆਈ ਲਈ ਪ੍ਰਵਾਨਿਤ ਕਿਸੇ ਹੋਰ ਵਾਹਨ ਵਿੱਚ/ਤੋਂ ਕਿਸੇ ਵੀ ਸਮਾਨ ਦੀ ਲੋਡਿੰਗ, ਅਨਲੋਡਿੰਗ ਅਤੇ ਸਟੈਕਿੰਗ ਠੇਕੇਦਾਰ ਦੀ ਜ਼ਿੰਮੇਵਾਰੀ ਹੋਵੇਗੀ। ਸਟੋਰ ਨਾਲੋਂ ਵੱਖਰੀ ਥਾਂ ਤੇ ਸਥਿਤ ਟੀ.ਆਰ.ਵਾਈ. ਵਿਖੇ ਸਮਾਨ ਦੀ ਢੋਆ-ਢੁਆਈ, ਲੁਹਾਈ, ਲਦਾਈ ਅਤੇ ਸਟੈਕਿੰਗ ਦਾ ਕੰਮ ਵੀ ਠੇਕੇਦਾਰ ਦੇ ਕੰਮ ਦੇ ਸਕੋਪ ਵਿੱਚ ਸ਼ਾਮਿਲ ਹੋਵੇਗਾ। ਵਿਸਤ੍ਰਿਤ ਐਨ.ਆਈ.ਟੀ. ਅਤੇ ਟੈਂਡਰ ਸਪੈਸੀਫਿਕੇਸ਼ਨ ਲਈ https://eproc.punjab.gov.in ਤੋਂ ਮਿਤੀ 12.06.2026 ਨੂੰ ਸ਼ਾਮ 12:00 ਵਜੇ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।
ਨੋਟ : ਕੋਈ ਵੀ ਸੁੱਧੀ/ਪੱਤਰ ਵਾਧਾ ਜੇਕਰ ਹੋਵੇ ਤਾਂ https://eproc.punjab.gov.in ਉੱਪਰ ਹੀ ਅਪਲੋਡ ਕੀਤਾ ਜਾਵੇਗਾ।
C 641 / 26
Ro No.: PR-Advt. No.: 1079 / 12 / 2026-27 / 12250 / Dated CHD : 11.06.2026



ਪੰਜਾਬ ਸਰਕਾਰ
ਕੰਮਾਂ ਲਈ ਟੈਂਡਰ/ਆਰਐਫਪੀ
ਟੈਂਡਰ ਸੂਚਨਾ ਹਵਾਲਾ ਨੰਬਰ ਐਮਸੀਜੇ/ਓਐਮ/2026-27/27 ਅਤੇ 104/ਸੀਈ/ਡਬਲਿਊਐਸ/ਜੀ ਮਿਤੀ 09.06.2026
ਨਗਰ ਨਿਗਮ ਜਲੰਧਰ ਦੇ ਵਿਭਾਗ ਵੱਲੋਂ ਨਿਮਨ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ :- ਜਲੰਧਰ ਸ਼ਹਿਰ ਵਿਚ 158 ਅਦਦ ਟਿਊਬਵੈਲਾਂ ਦੇ ਲਈ ਕਲੋਰੀਨ ਡੋਜ਼ਰਾਂ ਦੀ ਵਿਵਸਥਾ/ਸਥਾਪਨਾ ਲਈ ਓ ਅਤੇ ਐਮ ਸ਼ਾਖਾ ਨਾਲ ਸੰਬਧਤ 01 ਕੰਮ (ਕੰਮ ਦੇ ਵੇਰਵੇ ਵੈਬਸਾਈਟ 'ਤੇ ਦਰਸਾਏ ਅਨੁਸਾਰ)
ਬੰਦ ਹੋਣ ਦੀ ਮਿਤੀ ਅਤੇ ਸਮਾਂ :- (ਪਹਿਲਾ ਯਤਨ)
ਟੈਂਡਰ ਦੀ ਉਪਲਬਧਤਾ :- 10.06.2026, ਬਾ.ਦੁ. 14.00 ਵਜੇ
ਟੈਂਡਰ ਜਮ੍ਹਾਂ ਕਰਨ ਲਈ ਆਖ਼ਰੀ ਮਿਤੀ :- 22.06.2026, ਬਾ.ਦੁ. 14.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ : eproc.punjab.gov.in
ਨੋਟ : ਟੈਂਡਰ/ਆਰਐਫਪੀ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
ਸਰਕਾਰੀ ਪੱਤਰ ਹਵਾਲਾ ਨੰਬਰ ਜੇਡੀਡੀਐਲਜੀ/ਪੀਆਰਯੂ/ਡੀਐਲਜੀ/2021/1018-23 ਮਿਤੀ 13.05.2021 ਦੇ ਅਨੁਸਾਰ
ਸਹੀ/- ਨਿਗਮ ਇੰਜੀਨੀਅਰ,
ਨਗਰ ਨਿਗਮ ਜਲੰਧਰ
RO.No.PR-Advt.No. : 1911/12/2026-27/12226/Dated CHD : 11/06/2026



ਦਫਤਰ ਨਗਰ ਕੌਂਸਲ ਫਾਜ਼ਿਲਕਾ ਜ਼ਿਲ੍ਹਾ ਫਾਜ਼ਿਲਕਾ
ਈ-ਨਿਲਾਮੀ
E O/MC/Fazilka/2026-27-02
ਨਗਰ ਕੌਂਸਲ ਫਾਜ਼ਿਲਕਾ ਵੱਲੋਂ ਆਪਣੀ ਮਾਲਕੀ ਵਾਹੀਯੋਗ ਜ਼ਮੀਨ ਦੇ ਪਲਾਟਾਂ ਨੂੰ 2 ਸਾਲਾਂ ਲਈ ਈ. ਆਕਸ਼ਨ ਪ੍ਰਣਾਲੀ ਰਾਹੀਂ ਠੇਕੇ ਤੇ ਦਿੱਤੇ ਜਾਣੇ ਹਨ ਜਿਨ੍ਹਾਂ ਨੂੰ ਠੇਕੇ ਤੇ ਜ਼ਮੀਨ ਲੈਣ ਦਾ ਸੁਨਹਿਰੀ ਮੌਕਾ ਆਮ ਲੋਕਾਂ ਨੂੰ ਦਿੱਤਾ ਜਾਂਦਾ ਹੈ ਅਤੇ ਹੇਠ ਦਰਸਾਏ ਅਨੁਸਾਰ ਬੋਲੀ ਦੀ ਪੇਸ਼ਕਸ਼ ਕਰਦਾ ਹੈ।

| | |
|---|---|
| ਬਿਡਰ ਲਈ ਰਜਿਸਟ੍ਰੇਸ਼ਨ ਸ਼ੁਰੂ ਹੋਣ ਅਤੇ ਬਿਆਨਾ ਰਕਮ ਜਮ੍ਹਾਂ ਕਰਵਾਉਣ ਦੀ ਮਿਤੀ ਅਤੇ ਸਮਾਂ | 10.06.2026 ਸਵੇਰੇ 10:00 ਵਜੇ |
| ਬਿਡਰ ਲਈ ਰਜਿਸਟ੍ਰੇਸ਼ਨ ਬੰਦ ਹੋਣ ਅਤੇ ਬਿਆਨਾ ਰਕਮ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਅਤੇ ਸਮਾਂ | 21.06.2026 ਸ਼ਾਮ 3:00 ਵਜੇ |
| ਆਨਲਾਈਨ ਬਿਡ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ | 21.06.2026 ਸ਼ਾਮ 5:00 ਵਜੇ |
| ਆਨਲਾਈਨ ਬਿਡ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ | 22.06.2026 ਸ਼ਾਮ 5:00 ਵਜੇ |
| ਈ. ਆਕਸ਼ਨ ਪੋਰਟਲ | www.tenderwizard.com/DLGP |

ਹੋਰ ਵਾਹੀਯੋਗ ਜ਼ਮੀਨ ਸਬੰਧੀ ਸ਼ਰਤਾਂ ਅਤੇ ਡਿਟੇਲ ਦਫਤਰੀ ਨੋਟਿਸ ਵੈੱਬਸਾਈਟ ਅਤੇ ਕਿਸੇ ਵੀ ਕੰਮਕਾਜ ਵਾਲੇ ਦਿਨ ਦਫਤਰ ਨਗਰ ਕੌਂਸਲ ਫਾਜ਼ਿਲਕਾ ਵਿਖੇ ਮੋਬਾਇਲ ਨੰ. 95017-04400, 98146-70132 ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।
ਸਹੀ/- ਸੁਪਰਡੰਟ, ਨਗਰ ਕੌਂਸਲ, ਫਾਜ਼ਿਲਕਾ
ਸਹੀ/- ਕਾਰਜਸਾਧਕ ਅਫਸਰ, ਨਗਰ ਕੌਂਸਲ, ਫਾਜ਼ਿਲਕਾ
Ro No. PR-Advt. No.: 1493 / 12 / 2026-27 / 12227 / Dated CHD : 11.06.2026



ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
ਰਜਿਸਟਰਡ ਦਫਤਰ : ਪੰ.ਰਾ.ਬਿ. ਬੋਰਡ, ਮੁੱਖ ਦਫਤਰ, ਦੀ ਮਾਲ, ਪਟਿਆਲਾ - 147001
ਕਾਰਪੋਰੇਸ਼ਨ ਪਹਿਚਾਣ ਨੰ.: U40109PB2010SGC033813
ਵੈੱਬਸਾਈਟ : www.pspcl.in
ਮੋਬਾਇਲ ਨੰਬਰ : 96461-21953
ਈ-ਟੈਂਡਰ ਇੰਨਕੁਆਇਰੀ ਨੰ. 03/CWL/2026-27
ਮਿਤੀ : 11.06.2026
ਵਧੀਕ ਨਿਗਰਾਨ ਇੰਜੀਨੀਅਰ ਸਿਵਲ ਨਿਰਮਾਣ ਮੰਡਲ ਪੀ.ਐਸ.ਪੀ.ਸੀ.ਐਲ. ਲੁਧਿਆਣਾ ਵੱਲੋਂ ਉਪਰੋਕਤ ਅਨੁਸਾਰ ਟੈਂਡਰ ਇੰਨਕੁਆਇਰੀ ਨੰ. 03/CWL/2026-27 ਬਾਬਤ 66 ਕੇ.ਵੀ. ਸਬ-ਸਟੇਸ਼ਨ Nawashaher ਵਿਖੇ Construction of Additional T/F Plinth & Allied civil works at 66 KV Sub Station Nawashahar ਦੇ ਕੰਮਾਂ ਲਈ ਈ-ਟੈਂਡਰ ਮੰਗੇ ਜਾਂਦੇ ਹਨ। ਵਿਸਤ੍ਰਿਤ ਟੈਂਡਰ ਮੰਗ ਨੋਟਿਸ ਅਤੇ ਟੈਂਡਰ ਸਪੈਸੀਫਿਕੇਸ਼ਨ https://eproc.punjab.gov.in ਤੇ ਮਿਤੀ 12.06.2026 ਸ਼ਾਮ 5:00 ਵਜੇ ਤੋਂ ਬਾਅਦ ਵੇਖੇ ਜਾ ਸਕਦੇ ਹਨ।
ਨੋਟ : ਸੋਧ ਸਬੰਧੀ ਵੇਰਵੇ ਵੈੱਬਸਾਈਟ https://eproc.punjab.gov.in ਤੇ ਵੇਖੇ ਜਾਣ।
C 644 / 26
Ro No. PR-Advt. No.: 1079 / 12 / 2026-27 / 12252 / Dated CHD : 11.06.2026



ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
ਰਜਿਸਟਰਡ ਦਫਤਰ : ਪੰ.ਰਾ.ਬਿ. ਬੋਰਡ, ਮੁੱਖ ਦਫਤਰ, ਦੀ ਮਾਲ, ਪਟਿਆਲਾ - 147001
ਕਾਰਪੋਰੇਸ਼ਨ ਪਹਿਚਾਣ ਨੰ.: U40109PB2010SGC033813
ਵੈੱਬਸਾਈਟ : www.pspcl.in
ਮੋਬਾਇਲ ਨੰਬਰ : 96461-21953
ਈ-ਟੈਂਡਰ ਇੰਨਕੁਆਇਰੀ ਨੰ. 04/CWL/2026-27
ਮਿਤੀ : 11.06.2026
ਵਧੀਕ ਨਿਗਰਾਨ ਇੰਜੀਨੀਅਰ ਸਿਵਲ ਨਿਰਮਾਣ ਮੰਡਲ ਪੀ.ਐਸ.ਪੀ.ਸੀ.ਐਲ. ਲੁਧਿਆਣਾ ਵੱਲੋਂ ਉਪਰੋਕਤ ਅਨੁਸਾਰ ਟੈਂਡਰ ਇੰਨਕੁਆਇਰੀ ਨੰ. 04/CWL/2026-27 ਬਾਬਤ 66 ਕੇ.ਵੀ. ਸਬ-ਸਟੇਸ਼ਨ Balachor ਵਿਖੇ Construction of Additional T/F Plinth & Allied civil works at 66 KV Sub Station Balachor ਦੇ ਕੰਮਾਂ ਲਈ ਈ-ਟੈਂਡਰ ਮੰਗੇ ਜਾਂਦੇ ਹਨ। ਵਿਸਤ੍ਰਿਤ ਟੈਂਡਰ ਮੰਗ ਨੋਟਿਸ ਅਤੇ ਟੈਂਡਰ ਸਪੈਸੀਫਿਕੇਸ਼ਨ https://eproc.punjab.gov.in ਤੇ ਮਿਤੀ 12.06.2026 ਸ਼ਾਮ 5:00 ਵਜੇ ਤੋਂ ਬਾਅਦ ਵੇਖੇ ਜਾ ਸਕਦੇ ਹਨ।
ਨੋਟ : ਸੋਧ ਸਬੰਧੀ ਵੇਰਵੇ ਵੈੱਬਸਾਈਟ https://eproc.punjab.gov.in ਤੇ ਵੇਖੇ ਜਾਣ।
C 645 / 26
Ro No. PR-Advt. No.: 1079 / 12 / 2026-27 / 12253 / Dated CHD : 11.06.2026



pstcl Punjab State Transmission Corporation Limited
Corporate Identity Number : U40109PB2010SGC033814 www.pstcl.org
ਮੋਬਾਇਲ ਨੰਬਰ : 96461-17804 ਅਤੇ ਈ-ਮੇਲ ਆਈ.ਡੀ. se-tlsc-pta@pstcl.org

| ਲੜੀ ਨੰ. | ਕੰਮ/ਟੈਂਡਰ ਦਾ ਵੇਰਵਾ |
|---|---|
| 1 | E-Tender Enquiry No. 06/TLSC/PTA/2026-27 Stringing of 2nd Circuit of 220 KV line Malout to Abohar & pending works of 220 KV Katorewala (Malout) Abohar line ਟੈਂਡਰ ਭਰਨ ਦੀ ਆਖਰੀ ਮਿਤੀ ਅਤੇ ਸਮਾਂ 08.07.2026 up to 11:00 A.M., ਟੈਂਡਰ ਖੋਲ੍ਹਣ ਦੀ ਮਿਤੀ ਅਤੇ ਸਮਾਂ 09.07.2026 AT 11:00 A.M. |
| 2 | E-Tender Enquiry No. 07/TLSC/PTA/2026-27 LILO of 220 KV line Katorewala-Muktsar line at newly upgraded prop. 220 KV Bhalaiana ਟੈਂਡਰ ਭਰਨ ਦੀ ਆਖਜਰੀ ਮਿਤੀ ਅਤੇ ਸਮਾਂ 08.07.2026 up to 11:00 A.M. ਟੈਂਡਰ ਖੋਲ੍ਹਣ ਦੀ ਮਿਤੀ ਅਤੇ ਸਮਾਂ 09.07.2026 AT 11:00 A.M. |

ਨੋਟ : ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕਾਰਨ ਟੈਂਡਰ ਪ੍ਰੀਕ੍ਰਿਆ ਪੂਰੀ ਨਹੀਂ ਹੁੰਦੀ ਤਾਂ ਉਸ ਕੇਸ ਵਿੱਚ ਅਖ਼ਬਾਰਾਂ ਵਿੱਚ ਸੋਧ ਪ੍ਰਕਾਸ਼ਿਤ ਨਹੀਂ ਕਰਵਾਈ ਜਾਵੇਗੀ। ਸੋਧ ਸਬੰਧੀ ਵੇਰਵੇ ਪੀ.ਐਸ.ਟੀ.ਸੀ.ਐਲ. ਦੀ ਵੈੱਬਸਾਈਟ www.pstcl.org ਤੇ ਵੇਖੇ ਜਾਣ। Terms and conditions may be downloaded from PSTCL's website : (https://eproc.punjab.gov.in)
Ro No. PR-Advt. No.: 1078 / 12 / 2026-27 / 12241 / Dated CHD : 11.06.2026



PSPCL Punjab State Power Corporation Limited
Regd. Office : PSEB Head Office, The Mall, Patiala - 147001
Corporate Identity Number : U40109PP20SGC033813
ਟੈਂਡਰ ਇੰਨਕੁਆਇਰੀ ਨੰ. 02/ASE City / FZR. / 2026-27 Dated : 02.06.2026
ਦਫਤਰ : ਸਰਾ: ਇੰਜ./ਵੰਡ ਉਪ ਮੰਡਲ ਪੀ.ਐਸ.ਪੀ.ਸੀ.ਐਲ., ਕੈਂਟ 02 ਫਿਰੋਜ਼ਪੁਰ ਅਧੀਨ ਸ਼ਹਿਰੀ ਮੰਡਲ ਫਿਰੋਜ਼ਪੁਰ ਦੇ ਦਫਤਰ ਲਈ ਇੱਕ ਨੰਬਰ ਗੱਡੀ (ਮਹਿੰਦਰਾ ਜੀਨੀਅਸ/ਬਲੈਰੋ/ਟਾਟਾ 207 / 408 (ਡਬਲ ਡੋਰ) ਜਾਂ ਇਸ ਦੇ ਬਰਾਬਰ ਕੀਮਤ ਦੀ) ਇੱਕ ਸਾਲ ਲਈ ਠੇਕੇ ਦੇ ਆਧਾਰ ਤੇ ਲੈਣ ਸਬੰਧੀ (ਗੱਡੀ 04 ਸਾਲ ਤੋਂ ਵੱਧ ਪੁਰਾਣੀ ਨਹੀਂ ਹੋਣੀ ਚਾਹੀਦੀ)।
ਟੈਂਡਰ ਵੇਚਣ ਦੀ ਆਖਰੀ ਮਿਤੀ : 23.06.2026 ਸਮਾਂ 05:00 PM ਤੱਕ
ਟੈਂਡਰ ਜਮ੍ਹਾਂ ਕਰਵਾਉਣ ਦੀ ਮਿਤੀ : 23.06.2026 ਸਮਾਂ 12:00 PM ਤੱਕ
ਟੈਂਡਰ ਖੋਲ੍ਹਣ ਦੀ ਮਿਤੀ : 24.06.2026 ਸਮਾਂ 01:00 PM ਵਜੇ ਤੱਕ
ਟੈਂਡਰ ਦੀ ਕੀਮਤ : 1180/- ਰੁਪਏ
ਨੋਟ : ਟੈਂਡਰ ਦੀਆਂ ਸਪੈਸੀਫਿਕੇਸ਼ਨਾਂ ਅਤੇ ਸ਼ਰਤਾਂ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ (www.pspcl.in) ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਜੇਕਰ ਕੋਈ ਕੋਰੀਜੰਡਮ ਹੋਇਆ ਤਾਂ ਉਹ ਅਖ਼ਬਾਰ ਵਿੱਚ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ। ਕਿਸੇ ਵੀ ਤਰ੍ਹਾਂ ਦੀ ਅਪਡੇਟ ਲਈ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ ਤੇ ਲਗਾਤਾਰ ਦੇਖਿਆ ਜਾਵੇ।
C 643 / 26
Ro No. PR-Advt. No.: 1079 / 12 / 2026-27 / 12251 / Dated CHD : 11.06.2026



ਨਗਰ ਨਿਗਮ ਚੰਡੀਗੜ੍ਹ
ਈ - ਟੈਂਡਰ ਸੂਚਨਾ

| ਲ. ਨੰ. | ਕੰਮ ਦਾ ਨਾਮ | ਬੋਲੀ ਜਮ੍ਹਾਂ ਸੂਚੀ (ਆਨਲਾਈਨ) | ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ) |
|---|---|---|---|
| | ਕਾਰਜਕਾਰੀ ਇੰਜੀਨੀਅਰ -ਬਾਗਬਾਨੀ ਮੰਡਲ ਨੰ. 2 | | |
| 1. | ਕੈਪੀਟਲ ਹੈਡ-ਸੁੰਦਰੀਕਰਨ ਦੇ ਅਧੀਨ ਸਲਾਨਾ ਬਾਗ ਭਾਗ-2 ਸੈਕਟਰ 44, ਚੰਡੀਗੜ੍ਹ ਵਿਚ ਵਾਕਿੰਗ ਟਰੈਕ ਦੀ ਵਿਸ਼ੇਸ਼ ਮੁਰੰਮਤ ਅਤੇ ਉਚਾ ਚੁੱਕਣਾ। ਰਕਮ : ਰੁ. 27,02,823/- ਸਮਾਂ ਹੱਦ : 03 ਮਹੀਨੇ ਬਿਆਨਾ ਰਕਮ : ਰੁ. 54,056/- ਟੈਂਡਰ ਫੀਸ : ਰੁ. 3000/- | 11.06.2026 at 5:30 P.M To 18.06.2026 at 03:00 P.M | 18.06.2026 at 03:00 P.M. |
| | ਕਾਰਜਕਾਰੀ ਇੰਜੀਨੀਅਰ - ਸੜਕ ਮੰਡਲ ਨੰ. 3 | | |
| 2. | ਪਿੰਡ ਖੁੱਡਾ ਅਲੀ ਸ਼ੇਰ, ਚੰਡੀਗੜ੍ਹ ਦੀ ਫਿਰਨੀ ਸੜਕ 'ਤੇ 60 ਐਮਐਮ ਮੋਟੇ ਇੰਟਰਲਾਕਿੰਗ ਪੇਵਰ ਬਲਾਕਾਂ ਨੂੰ ਤੋੜਨਾ, ਵਿਵਸਥਾ ਅਤੇ ਸਥਾਪਨਾ। ਕੈਪੀਟਲ ਹੈਡ - ਐਮਸੀਸੀ ਦੇ ਅਧੀਨ ਰਲੇਵੇਂ ਵਾਲੇ ਪਿੰਡਾਂ/ਇਲਾਕੇ ਵਿਚ ਬੁਨਿਆਦੀ ਢਾਂਚਾ ਸਹੂਲਤਾਂ। ਅਨੁਮਾਨਤ ਲਾਗਤ : ਰੁ. 40.35 ਲੱਖ ਬਿਆਨਾ ਰਕਮ : ਰੁ. 80,695/- ਸਮਾਂ ਹੱਦ : 04 ਮਹੀਨੇ | 11.06.2026 To 19.06.2026 upto 12.00 noon | 19.06.2026 at 15.00 PM |
| 3. | ਪਿੰਡ ਖੁੱਡਾ ਜੱਸੂ ਅਤੇ ਖੁੱਡਾ ਲਾਹੌਰਾ, ਚੰਡੀਗੜ੍ਹ ਦੀ ਫਿਰਨੀ ਸੜਕ 'ਤੇ 60 ਐਮਐਮ ਮੋਟੇ ਇੰਟਰਲਾਕਿੰਗ ਪੇਵਰ ਬਲਾਕਾਂ ਨੂੰ ਤੋੜਨਾ, ਵਿਵਸਥਾ ਅਤੇ ਸਥਾਪਨਾ। ਕੈਪੀਟਲ ਹੈਡ - ਸੜਕ, ਪਾਰਕਿੰਗ ਥਾਵਾਂ ਅਤੇ ਬੁਨਿਆਦੀ ਢਾਂਚਾ ਸਹੂਲਤਾਂ ਦਾ ਸੁਧਾਰ। ਅਨੁਮਾਨਤ ਲਾਗਤ : ਰੁ. 39.99 ਲੱਖ ਬਿਆਨਾ ਰਕਮ : ਰੁ. 79,977/- ਸਮਾਂ ਹੱਦ : 04 ਮਹੀਨੇ | 11.06.2026 To 19.06.2026 upto 12.00 noon | 19.06.2026 at 15.00 PM |
| 4. | ਡੱਡੂ ਮਾਜਰਾ ਕਲੋਨੀ, ਚੰਡੀਗੜ੍ਹ ਵਿਚ ਮੁੱਖ ਸੜਕਾਂ ਦੇ ਨਾਲ ਫੁੱਟਪਾਥਾਂ ਦੇ ਪੁਨਰ ਨਿਰਮਾਣ। ਕੈਪੀਟਲ ਹੈਡ - ਪੁਨਰਵਾਸ ਕਲੋਨੀਆਂ (ਈਡਬਲਿਊਐਸ) ਵਿਚ ਬੁਨਿਆਦੀ ਸਹੂਲਤਾਂ/ਸੇਵਾਵਾਂ। ਅਨੁਮਾਨਤ ਲਾਗਤ : ਰੁ. 66.27 ਲੱਖ ਬਿਆਨਾ ਰਕਮ : ਰੁ. 1,32,535/- ਸਮਾਂ ਹੱਦ : 03 ਮਹੀਨੇ | 11.06.2026 To 19.06.2026 upto 12.00 noon | 19.06.2026 at 15.00 PM |

ਨੋਟ :- 1) ਵਿਸਥਾਰਤ ਨਿਯਮ ਅਤੇ ਸ਼ਰਤਾਂ ਸਮੇਤ ਟੈਂਡਰ ਸੂਚਨਾ ਵੈਬਸਾਈਟ www.chandigarh.gov.in ਜਾਂ etenders.chd.nic.in 'ਤੇ ਉਪਲਬਧ/ਅਪਲੋਡ ਕੀਤੀ ਗਈ ਹੈ
ਕਾਰਜਕਾਰੀ ਇੰਜੀਨੀਅਰ
ਬਾਗਬਾਨੀ ਮੰਡਲ ਨੰ. 2, ਐਮ.ਸੀ. ਚੰਡੀਗੜ੍ਹ ਅਤੇ
ਸੜਕ ਮੰਡਲ ਨੰ. 3, ਕਮਰਾ ਨੰ. 311, ਐਮਸੀ ਚੰਡੀਗੜ੍ਹ, ਫੋਨ : 0172-5021482 xenroad3.mcc@chd.nic.in

# ਹਰਿਆਣਾ 'ਚ 8ਵੀਂ ਜਮਾਤ ਦੇ ਇਤਿਹਾਸ ਦੇ ਕੋਰਸ 'ਚ ਸ਼ਾਮਲ ਹੋਇਆ ਸਿੱਖ ਗੁਰੂਆਂ ਦਾ ਇਤਿਹਾਸ



ਚੰਡੀਗੜ੍ਹ, 11 ਜੂਨ (ਚ. ਨ. ਸ.) : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਿੱਖ ਸਮਾਜ ਅਤੇ ਸੂਬਾ ਵਾਸੀਆਂ ਨਾਲ ਕੀਤਾ ਇੱਕ ਮਹੱਤਵਪੂਰਨ ਵਾਅਦਾ ਪੂਰਾ ਕਰਦਿਆਂ ਰਾਜ ਦੇ ਸਕੂਲਾਂ ਦੀ ਜਮਾਤ 8ਵੀਂ ਦੇ ਇਤਿਹਾਸ ਦੇ ਕੋਰਸ ਵਿੱਚ ਸਿੱਖ ਗੁਰੂਆਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਜੁੜੇ ਇਤਿਹਾਸ ਨੂੰ ਸ਼ਾਮਲ ਕੀਤਾ ਹੈ। ਹੁਣ ਸਕੂਲੀ ਬੱਚੇ ਸਿੱਖ ਗੁਰੂਆਂ ਦੇ ਨਾਲ-ਨਾਲ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਤਿਆਗ, ਕੁਰਬਾਨੀ ਅਤੇ ਆਦਰਸ਼ਾਂ ਤੋਂ ਜਾਣੂ ਹੋਣਗੇ। ਮੁੱਖ ਮੰਤਰੀ ਨੇ ਹਰਿਆਣਾ ਵਿੱਚ ਮਨਾਏ ਗਏ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਮਾਗਮ ਦੇ ਮੌਕੇ 'ਤੇ ਐਲਾਨ ਕੀਤਾ ਸੀ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿੱਖ ਇਤਿਹਾਸ, ਗੁਰੂਆਂ ਦੇ ਆਦਰਸ਼ਾਂ ਅਤੇ ਉਨ੍ਹਾਂ ਦੀਆਂ ਮਹਾਨ ਕੁਰਬਾਨੀਆਂ ਤੋਂ ਜਾਣੂ ਕਰਵਾਉਣ ਲਈ ਇਨ੍ਹਾਂ ਨੂੰ ਸਕੂਲੀ ਸਿੱਖਿਆ ਦਾ ਹਿੱਸਾ ਬਣਾਇਆ ਜਾਵੇਗਾ। ਹੁਣ ਸਰਕਾਰ ਨੇ ਇਸ ਐਲਾਨ ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਇਸ ਨੂੰ ਕੋਰਸ ਵਿੱਚ ਸ਼ਾਮਲ ਕਰ ਦਿੱਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਸਿੱਖ ਗੁਰੂਆਂ ਨੇ ਮਨੁੱਖਤਾ, ਸਮਾਨਤਾ, ਸੇਵਾ, ਕਰੁਣਾ, ਭਾਈਚਾਰੇ ਅਤੇ ਸਮਾਜਿਕ ਨਿਆਂ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਸਮਾਜ ਨੂੰ ਜਾਤ, ਧਰਮ ਅਤੇ ਵਰਗ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਮਨੁੱਖੀ ਭਲਾਈ ਲਈ ਕੰਮ ਕਰਨ ਦੀ ਪ੍ਰੇਰਨਾ ਦਿੱਤੀ। ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਅੱਜ ਵੀ ਉਨੀਆਂ ਹੀ ਸਾਰਥਕ ਹਨ, ਕਿਉਂਕਿ ਉਹ ਸਮਾਜ ਵਿੱਚ ਸਦਭਾਵਨਾ, ਨੈਤਿਕ ਮੁੱਲਾਂ ਅਤੇ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰਨ ਦਾ ਰਾਹ ਦਿਖਾਉਂਦੀਆਂ ਹਨ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਿੱਖ ਗੁਰੂਆਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਜੀਵਨ ਸਿਰਫ ਇੱਕ ਭਾਈਚਾਰੇ ਦੀ ਵਿਰਾਸਤ ਨਹੀਂ, ਸਗੋਂ ਪੂਰੇ ਦੇਸ਼ ਲਈ ਪ੍ਰੇਰਨਾ ਦਾ ਸਰੋਤ ਹੈ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰੇਰਨਾ ਨਾਲ ਬੇਇਨਸਾਫ਼ੀ, ਜ਼ੁਲਮ ਅਤੇ ਸ਼ੋਸ਼ਣ ਵਿਰੁੱਧ ਸੰਘਰਸ਼ ਕਰਦਿਆਂ ਸਮਾਜ ਦੇ ਕਮਜ਼ੋਰ ਅਤੇ ਵਾਂਝੇ ਵਰਗਾਂ ਨੂੰ ਸਨਮਾਨ ਅਤੇ ਅਧਿਕਾਰ ਦਿਵਾਉਣ ਦਾ ਇਤਿਹਾਸਕ ਕਾਰਜ ਕੀਤਾ। ਉਨ੍ਹਾਂ ਦਾ ਜੀਵਨ ਹਿੰਮਤ, ਲੀਡਰਸ਼ਿਪ, ਦੇਸ਼ ਭਗਤੀ ਅਤੇ ਜਨ-ਭਲਾਈ ਦੀ ਭਾਵਨਾ ਦਾ ਇੱਕ ਵਿਲੱਖਣ ਉਦਾਹਰਣ ਹੈ, ਜੋ ਅੱਜ ਵੀ ਨੌਜਵਾਨਾਂ ਨੂੰ ਸੱਚ ਅਤੇ ਨਿਆਂ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੰਦਾ ਹੈ।

ਸੈਣੀ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਜਦੋਂ ਨਵੀਂ ਪੀੜ੍ਹੀ ਨੂੰ ਆਪਣੇ ਗੌਰਵਮਈ ਇਤਿਹਾਸ ਅਤੇ ਮਹਾਨ ਸ਼ਖ਼ਸੀਅਤਾਂ ਦੇ ਆਦਰਸ਼ਾਂ ਨਾਲ ਜੋੜਨ ਦੀ ਲੋੜ ਹੈ, ਉਦੋਂ ਸਿੱਖ ਗੁਰੂਆਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ 'ਤੇ ਅਧਾਰਤ ਅਧਿਆਏ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਮਾਧਿਅਮ ਬਣਨਗੇ। ਇਨ੍ਹਾਂ ਅਧਿਆਇਆਂ ਰਾਹੀਂ ਵਿਦਿਆਰਥੀਆਂ ਵਿੱਚ ਦੇਸ਼ ਭਗਤੀ, ਸੇਵਾ ਭਾਵਨਾ, ਸਮਾਜਿਕ ਸਦਭਾਵਨਾ, ਨੈਤਿਕ ਮੁੱਲਾਂ ਅਤੇ ਜ਼ਿੰਮੇਵਾਰ ਨਾਗਰਿਕਤਾ ਦੀ ਭਾਵਨਾ ਦਾ ਵਿਕਾਸ ਹੋਵੇਗਾ।

# ਐਸਬੀਐਮ ਬੈਂਕ ਇੰਡੀਆ ਵੱਲੋਂ ਨਵਾਂ ਸੇਵਿੰਗਜ਼ ਅਕਾਊਂਟ ਆਫਰ ਜਾਰੀ, ਉੱਚ ਮੁੱਲ ਵਾਲੀਆਂ ਜਮ੍ਹਾਂ ਰਕਮਾਂ 'ਤੇ 7% ਤੱਕ ਵਿਆਜ

ਚੰਡੀਗੜ੍ਹ, 11 ਜੂਨ (ਚ.ਨ.ਸ.) : ਹੋਰ ਸਮਾਰਟ ਵਿੱਤੀ ਹੱਲ ਮੁਹੱਈਆ ਕਰਵਾਉਣ ਦੀ ਆਪਣੀ ਵਚਨਬੱਧਤਾ ਨੂੰ ਅੱਗੇ ਵਧਾਉਂਦੇ ਹੋਏ, ਐਸਬੀਐਮ ਬੈਂਕ (ਇੰਡੀਆ) ਲਿਮਿਟੇਡ ਭਾਰਤ ਦੇ ਤੇਜ਼ੀ ਨਾਲ ਵਧ ਰਹੇ ਮੱਧ ਵਰਗ ਨੂੰ ਬਿਹਤਰ ਸੇਵਾਵਾਂ ਦੇਣ ਲਈ ਆਪਣੀ ਰਿਟੇਲ ਬੈਂਕਿੰਗ ਰਣਨੀਤੀ ਨੂੰ ਹੋਰ ਮਜ਼ਬੂਤ ਬਣਾ ਰਿਹਾ ਹੈ। ਬੈਂਕ ਨੇ ਇਹ ਸਮਝਿਆ ਹੈ ਕਿ ਬਚਤ ਕਰਨ ਦੇ ਇੱਛੁਕ ਗਾਹਕ ਚਾਹੁੰਦੇ ਹਨ ਕਿ ਉਨ੍ਹਾਂ ਦਾ ਪੈਸਾ ਤਰਲਤਾ (Liquidity) ਨਾਲ ਕੋਈ ਸਮਝੌਤਾ ਕੀਤੇ ਬਿਨਾਂ ਹੋਰ ਵੱਧ ਮੁੱਲ ਪੈਦਾ ਕਰੇ। ਇਸ ਲੋੜ ਨੂੰ ਧਿਆਨ ਵਿੱਚ ਰੱਖਦੇ ਹੋਏ, ਬੈਂਕ ਦਾ ਅਨੁਕੂਲਿਤ ਸੇਵਿੰਗਜ਼ ਅਕਾਊਂਟ ਢਾਂਚਾ ਵੱਧ ਤੋਂ ਵੱਧ ਸੰਪਤੀ ਨਿਰਮਾਣ ਲਈ ਤਿਆਰ ਕੀਤਾ ਗਿਆ ਹੈ। ਇਸ ਦ੍ਰਿਸ਼ਟੀਕੋਣ ਤਹਿਤ, ਐਸਬੀਐਮ ਬੈਂਕ ਇੰਡੀਆ ਨੇ ਆਪਣੀਆਂ ਸਲੈਬ ਦਰਾਂ ਵਿੱਚ ਰਣਨੀਤਿਕ ਵਾਧਾ ਕੀਤਾ ਹੈ, ਤਾਂ ਜੋ ਗਾਹਕਾਂ ਨੂੰ ਆਪਣਾ ਬੈਲੈਂਸ ਤੇਜ਼ੀ ਨਾਲ ਵਧਾਉਣ ਵਿੱਚ ਮਦਦ ਲਈ ਮੁਕਾਬਲੇਯੋਗ ਵਿਆਜ ਦਰਾਂ ਪ੍ਰਦਾਨ ਕੀਤੀਆਂ ਜਾ ਸਕਣ।

# ਕੁਲਾਰ ਨੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਤਰਨਜੀਤ ਸਿੰਘ ਸੰਧੂ ਨਾਲ ਕੀਤੀ ਮੁਲਾਕਾਤ



ਲੁਧਿਆਣਾ,11 ਜੂਨ ( ਜਤਿੰਦਰਪਾਲ ਸਿੰਘ ਛਾਬੜਾ ) :ਈਫੈਡਰੇਸ਼ਨ ਆਫ ਇੰਡਸਟਰੀਅਲ ਐਂਡ ਕਮਰਸ਼ੀਅਲ ਆਰਗੇਨਾਈਜ਼ੇਸ਼ਨ (ਫਿਕੋ) ਦੇ ਪ੍ਰਧਾਨ ਸਰਦਾਰ ਗੁਰਮੀਤ ਸਿੰਘ ਕੁਲਾਰ ਨੇ ਪੀ.ਐਚ.ਡੀ. ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਵੱਲੋਂ ਆਯੋਜਿਤ ਟ੍ਰਾਂਸਫਾਰਮਿੰਗ ਗ੍ਰੋਥ: ਵਿਜ਼ਨ, ਇਨੋਵੇਸ਼ਨ ਐਂਡ ਸਸਟੇਨੇਬਿਲਿਟੀ ਪ੍ਰੋਗਰਾਮ ਦੌਰਾਨ ਦਿੱਲੀ ਦੇ ਮਾਣਯੋਗ ਲੈਫਟੀਨੈਂਟ ਗਵਰਨਰ ਸਰਦਾਰ ਤਰਨਜੀਤ ਸਿੰਘ ਸੰਧੂ ਨਾਲ ਮੁਲਾਕਾਤ ਕੀਤੀ।ਆਪਣੇ ਸੰਬੋਧਨ ਦੌਰਾਨ ਸਰਦਾਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਜੇਕਰ ਸਾਡੇ ਕੋਲ ਸਪੱਸ਼ਟ ਟੀਚਾ ਅਤੇ ਉਸਨੂੰ ਹਾਸਲ ਕਰਨ ਦਾ ਪੱਕਾ ਇਰਾਦਾ ਹੋਵੇ ਤਾਂ ਅਸੀਂ ਹਰ ਮੰਜ਼ਿਲ ਨੂੰ ਪ੍ਰਾਪਤ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਵਿਜ਼ਨ, ਨਵੀਨਤਾ ਅਤੇ ਟਿਕਾਊ ਵਿਕਾਸ ਕਿਸੇ ਵੀ ਸੰਸਥਾ, ਉਦਯੋਗ ਅਤੇ ਦੇਸ਼ ਦੀ ਤਰੱਕੀ ਦੇ ਮੁੱਖ ਆਧਾਰ ਹਨ।ਸਰਦਾਰ ਗੁਰਮੀਤ ਸਿੰਘ ਕੁਲਾਰ ਨੇ ਉਨ੍ਹਾਂ ਦੇ ਵਿਚਾਰਾਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੇਰਨਾਦਾਇਕ ਵਿਚਾਰ ਉਦਯੋਗ ਜਗਤ, ਖ਼ਾਸ ਕਰਕੇ ਐਮ.ਐਸ.ਐਮ.ਈ. ਖੇਤਰ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੇ ਹਨ ਅਤੇ ਪੰਜਾਬ ਦੇ ਉਦਯੋਗਿਕ ਵਿਕਾਸ ਨੂੰ ਹੋਰ ਗਤੀ ਦੇਣ ਵਿੱਚ ਸਹਾਇਕ ਸਾਬਤ ਹੋਣਗੇ।

# ਅਵਾਰਾ ਕੁੱਤਿਆਂ ਦੇ ਕਹਿਰ ਖ਼ਿਲਾਫ਼ ਲੋਕਾਂ 'ਚ ਭਾਰੀ ਰੋਸ, ਐਸ.ਡੀ.ਐਮ. ਨੂੰ ਦਿਤਾ ਮੰਗ ਪੱਤਰ





ਮੋਰਿੰਡਾ, 11 ਜੂਨ (ਗੁਰਮੀਤ ਸਿੰਘ ਚੋਪੜਾ) :ਮੋਰਿੰਡਾ ਵਿਖੇ ਪਿਛਲੇ ਦਿਨੀਂ ਵਾਰਡ ਨੰਬਰ 1 ਗ੍ਰੀਨ ਇਨਕਲੇਵ ਕਲੋਨੀ ਵਿੱਚ ਅਵਾਰਾ ਕੁੱਤਿਆਂ ਦੇ ਹਮਲੇ ਕਾਰਨ 8 ਸਾਲਾ ਮਾਸੂਮ ਬੱਚੀ ਕੀਰਤੀ ਦੀ ਹੋਈ ਦਰਦਨਾਕ ਮੌਤ ਤੋਂ ਬਾਅਦ ਸ਼ਹਿਰ ਭਰ ਵਿੱਚ ਰੋਸ ਦੀ ਲਹਿਰ ਫੈਲ ਗਈ ਹੈ। ਇਸ ਘਟਨਾ ਦੇ ਮੱਦੇਨਜ਼ਰ ਅੱਜ ਨਗਰ ਕੌਂਸਲ ਮੋਰਿੰਡਾ ਵਿਖੇ ਵੱਖ ਵੱਖ ਸਿਆਸੀ ਤੇ ਸਮਾਜਿਕ ਜਥੇਬੰਦੀਆਂ ਅਤੇ ਕੌਂਸਲਰਾਂ ਸਮੇਤ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀਆਂ ਨੇ ਸ਼ਮੂਲੀਅਤ ਕੀਤੀ। ਇਸ ਸਮੇਂ ਸਮੂਹ ਹਾਜ਼ਰ ਲੋਕਾਂ ਨੇ ਇਸ ਦਰਦਨਾਕ ਘਟਨਾ ਤੇ ਗਹਿਰਾ ਦੁਖ ਪ੍ਰਗਟ ਕਰਦਿਆਂ ਪੀੜਤ ਪਰਿਵਾਰ ਨੂੰ ਮੁਆਵਜ਼ੇ ਦੀ ਮੰਗ ਕੀਤੀ ਅਤੇ ਅਵਾਰਾ ਕੁੱਤਿਆਂ ਖਿਲਾਫ ਪ੍ਰਸ਼ਾਸਨ ਤੋਂ ਸਖ਼ਤ ਅਤੇ ਤੁਰੰਤ ਕਾਰਵਾਈ ਦੀ ਮੰਗ ਕੀਤੀ। ਇਸ ਮੌਕੇ ਕਾਂਗਰਸ ਪਾਰਟੀ ਬਲਾਕ ਮੋਰਿੰਡਾ ਦੇ ਪ੍ਰਧਾਨ ਦਰਸ਼ਨ ਸਿੰਘ ਸੰਧੂ, ਭਾਰਤੀ ਜਨਤਾ ਪਾਰਟੀ ਮੰਡਲ ਮੋਰਿੰਡਾ ਵਲੋਂ ਰਾਜੇਸ਼ ਭਾਟੀਆ ਅਤੇ ਸਥਾਨਕ ਪਤਵੰਤੇ ਸਜਣਾਂ ਸਮਾਜ ਸੇਵਕ ਜਤਿੰਦਰ ਗੁੰਬਰ, ਆਦਿ ਸ਼ਹਿਰ ਵਾਸੀਆਂ ਵੱਲੋਂ ਵੱਖਰੇ ਵੱਖਰੇ ਤੌਰ ਤੇ ਐਸ ਡੀ ਐਮ ਮੋਰਿੰਡਾ ਸ੍ਰੀ ਚੇਤਨ ਬੰਗੜ ਨੂੰ ਮੰਗ ਪੱਤਰ ਦੇ ਕੇ ਅਵਾਰਾ ਕੁੱਤਿਆਂ ਖਿਲਾਫ ਸਖ਼ਤ ਕਾਰਵਾਈ ਅਮਲ ਵਿੱਚ ਲਿਆਉਣ ਦੀ ਮੰਗ ਕੀਤੀ ਅਤੇ ਪੀੜਤ ਪਰਿਵਾਰ ਨੂੰ ਯੋਗ ਮੁਆਵਜ਼ੇ ਦੀ ਮੰਗ ਕੀਤੀ ਗਈ। ਪ੍ਰੈਸ ਨਾਲ਼ ਗੱਲਬਾਤ ਕਰਦਿਆਂ ਸੀਨੀਅਰ ਕਾਂਗਰਸੀ ਆਗੂ ਬੰਤ ਸਿੰਘ ਕਲਾਰਾਂ, ਹਰਮਿੰਦਰ ਸਿੰਘ ਲੱਕੀ, ਜਤਿੰਦਰ ਗੁੰਬਰ ਅਤੇ ਨਵਦੀਪ ਸਿੰਘ ਟੋਨੀ ਨੇ ਦੱਸਿਆ ਕਿ ਮੋਰਿੰਡਾ ਵਿਖੇ ਅਵਾਰਾ ਕੁੱਤਿਆਂ ਵੱਲੋਂ ਜਨਤਾ ਨੂੰ ਕੱਟਣ ਦੀਆਂ ਅਕਸਰ ਰੋਜ਼ਾਨਾ ਹੀ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ ਅਤੇ ਅਖਬਾਰਾਂ ਰਾਹੀਂ ਪ੍ਰਸ਼ਾਸਨ ਤੱਕ ਪੁਜਦੀਆਂ ਹੀ ਰਹਿੰਦੀਆਂ ਹਨ। ਪ੍ਰੰਤੂ ਪ੍ਰਸ਼ਾਸ਼ਨ ਇਸ ਵੱਡੀ ਦਰਦਨਾਕ ਘਟਨਾ ਦੀ ਇੰਤਜ਼ਾਰ ਕਰ ਰਿਹਾ ਸੀ। ਇਸ ਕਾਰਨ ਅੱਜ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਮੰਗ ਕੀਤੀ ਕਿ ਖਤਰਨਾਕ ਅਵਾਰਾ ਕੁੱਤਿਆਂ ਨੂੰ ਤੁਰੰਤ ਫੜ ਕੇ ਡੋਗ ਸ਼ੈਲਟਰਾਂ ਵਿੱਚ ਭੇਜਿਆ ਜਾਵੇ, ਨਸਬੰਦੀ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਸ਼ਹਿਰ ਵਾਸੀਆਂ ਨੂੰ ਇਸ ਗੰਭੀਰ ਸਮੱਸਿਆ ਤੋਂ ਰਾਹਤ ਦਿਵਾਈ ਜਾਵੇ। ਐਸ.ਡੀ.ਐਮ. ਚੇਤਨ ਬੰਗੜ ਨੇ ਮੰਗ ਪੱਤਰ ਪ੍ਰਾਪਤ ਕਰਨ ਉਪਰੰਤ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪ੍ਰਸ਼ਾਸਨ ਵੱਲੋਂ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਅਤੇ ਨਗਰ ਕੌਂਸਲ ਮੋਰਿੰਡਾ ਦੇ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਕਿ ਇਸ ਮਾਮਲੇ ਵਿੱਚ ਕਾਰਵਾਈ ਤੁਰੰਤ ਅਮਲ ਵਿੱਚ ਲਿਆਂਦੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਮ.ਸੀ. ਗੁੰਜਨ ਸੂਦ, ਮਹਿੰਦਰ ਸਿੰਘ ਢਿੱਲੋਂ, ਰਾਹੁਲ ਸ਼ਰਮਾ, ਹਰਜੀਤ ਸਿੰਘ ਸੋਢੀ, ਮਨਦੀਪ ਸਿੰਘ ਬਾਜਵਾ, ਰਾਜੇਸ਼ ਸਸੋਦੀਆ, ਰੁਪਿੰਦਰ ਸਿੰਘ ਪਿਚਰਾ, ਗੁਰਸੇਵਕ ਸਿੰਘ ਗੁਰੂ, ਸਮਾਜ ਸੇਵੀ ਸੰਗਤ ਸਿੰਘ ਭਾਮੀਆ, ਹਰਜਿੰਦਰ ਸਿੰਘ ਛਿੱਬਰ, ਰਾਜਪ੍ਰੀਤ ਸਿੰਘ ਰਾਜੀ, ਜਗਪਾਲ ਸਿੰਘ ਜੌਲੀ, ਚੂਚੂ ਸੂਦ, ਬਲਵਿੰਦਰ ਸਿੰਘ ਮਾੜੂ, ਜਗਤਾਰ ਸਿੰਘ ਅਰਨੌਲੀ ਬੀਬੀ ਮਨਜੀਤ ਕੌਰ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ, ਸਮਾਜ ਸੇਵਕ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਇਆਲੀ ਦੇ 'ਅਕਾਲੀ ਦਲ ਵਾਰਿਸ ਪੰਜਾਬ ਦੇ' ਵਿੱਚ ਆਉਣ ਨਾਲ ਪਾਰਟੀ ਵਰਕਰਾਂ ਚ ਭਾਰੀ ਉਤਸ਼ਾਹ: ਲਵਲੀ



ਲੁਧਿਆਣਾ, 11 ਜੂਨ(ਜਤਿੰਦਰਪਾਲ ਸਿੰਘ ਛਾਬੜਾ ) :ਅਕਾਲੀ ਦਲ 'ਵਾਰਿਸ ਪੰਜਾਬ ਦੇ' ਸੀਨੀਅਰ ਆਗੂ ਰਾਜੀਵ ਕੁਮਾਰ ਲਵਲੀ ਨੇ ਕਿਹਾ ਹੈ ਕਿ ਤਿੰਨ ਵਾਰ ਵਿਧਾਇਕ ਅਤੇ ਤਜੁਰਬੇਕਾਰ ਸਿਆਸਤਦਾਨ ਮਨਪ੍ਰੀਤ ਸਿੰਘ ਇਆਲੀ ਦੇ ਪਾਰਟੀ ਵਿੱਚ ਸ਼ਾਮਿਲ ਹੋਣ ਨਾਲ ਵਰਕਰਾਂ 'ਚ ਭਾਰੀ ਉਤਸਾਹ ਹੈ। ਉਹਨਾਂ ਨੇ ਇਆਲੀ ਨੂੰ ਮਾਲਵੇ ਦਾ ਨਿਧੜਕ ਯੋਧਾ ਕਰਾਰ ਦਿੰਦੇ ਹੋਏ, ਕਿਹਾ ਕਿ ਕਈ ਵੱਡੀਆਂ ਕੌਮੀ ਪਾਰਟੀਆਂ ਨੂੰ ਛੱਡ ਕੇ ਇਹਨਾਂ ਦੇ ਅਕਾਲੀ ਦਲ ਵਾਰਿਸ ਪੰਜਾਬ ਦੇ ਵਿੱਚ ਸ਼ਾਮਿਲ ਹੋਣ ਨਾਲ ਲੋਕ ਹਿੱਤ ਵਿੱਚ ਪਾਰਟੀ ਦੀ ਨੀਤੀ ਨੂੰ ਹੋਰ ਮਜਬੂਤੀ ਮਿਲੀ ਹੈ।ਲਵਲੀ ਨੇ ਕਿਹਾ ਕਿ ਇਆਲੀ ਦੇ ਪਾਰਟੀ ਵਿੱਚ ਸ਼ਾਮਿਲ ਹੋਣ ਨਾਲ ਜਿੱਥੇ ਉੱਪਰਲੀਆ ਸਫਾਂ ਵਿੱਚ ਪੰਜਾਬ ਦੀ ਸਿਆਸਤ ਨੇ ਰੰਗ ਬਦਲਿਆ ਹੈ। ਉੱਥੇ ਹੀ, ਪਾਰਟੀ ਵਰਕਰਾਂ ਵਿੱਚ ਇਸ ਗੱਲ ਦਾ ਉਤਸਾਹ ਹੈ ਕਿ ਸਥਾਪਨਾ ਤੋਂ ਕਰੀਬ ਦੋ ਸਾਲਾਂ ਦੇ ਅੰਦਰ ਪਾਰਟੀ ਦੋ ਸੰਸਦ ਮੈਂਬਰ ਅਤੇ ਇੱਕ ਵਿਧਾਇਕ ਬਣ ਗਏ ਹਨ। ਉਹਨਾਂ ਨੇ ਜ਼ੋਰ ਦਿੰਦੇ ਹੋਏ, ਕਿਹਾ ਕਿ ਆਉਂਦੇ ਦਿਨਾਂ ਦੌਰਾਨ ਕਈ ਹੋਰ ਲੋਕ ਅਕਾਲੀ ਦਲ ਵਾਰਿਸ ਪੰਜਾਬ ਦੇ ਵਿੱਚ ਸ਼ਾਮਿਲ ਹੁੰਦੇ ਨਜ਼ਰ ਆਉਣਗੇ। ਲੋਕ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਸੂਬੇ ਅੰਦਰ ਮੁੱਖ ਮੰਤਰੀ ਵਜੋਂ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੀ ਸਰਕਾਰ ਦੇਖਣਾ ਚਾਹੁੰਦੇ ਹਨ।

ਇਸ ਤਰ੍ਹਾਂ, ਉਨ੍ਹਾਂ ਨੇ ਸੀਨੀਅਰ ਆਗੂ ਇਆਲੀ ਤੇ ਉਹਨਾਂ ਦੇ ਸਾਥੀਆਂ ਦਾ ਪਾਰਟੀ ਵਰਕਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਹੈ ਅਤੇ ਉਮੀਦ ਪ੍ਰਗਟਾਈ ਹੈ ਕਿ ਇਹਨਾਂ ਦਾ ਕਰੀਬ 25 ਸਾਲਾਂ ਦਾ ਸਿਆਸੀ ਤਜੁਰਬਾ ਪਾਰਟੀ ਨੂੰ ਉੱਚਾ ਚੁੱਕਣ ਵਿੱਚ ਅਹਿਮ ਭੂਮਿਕਾ ਨਿਭਾਏਗਾ।

# ਜਗਦੀਸ਼ ਬਾਵਾ ਬੈਰਾਗੀ ਵੈਲਫੇਅਰ ਬੋਰਡ ਦੇ ਜ਼ਿਲ੍ਹਾ ਪਟਿਆਲਾ ਤੋਂ ਚੇਅਰਮੈਨ ਨਿਯੁਕਤ

*ਆਮ ਆਦਮੀ ਪਾਰਟੀ ਤੇ ਬੈਰਾਗੀ ਵੈਲਫੇਅਰ ਬੋਰਡ ਦੀਆਂ ਨੀਤੀਆਂ ਘਰ-ਘਰ ਪਹੁੰਚਾਈਆਂ ਜਾਣਗੀਆਂ : ਜਗਦੀਸ਼ ਬਾਵਾ*



ਪਟਿਆਲਾ, 11 ਜੂਨ (ਚ.ਨ.ਸ.) : ਆਮ ਆਦਮੀ ਪਾਰਟੀ ਵੱਲੋਂ ਬੈਰਾਗੀ ਵੈਲਫੇਅਰ ਬੋਰਡ ਦੇ ਕੀਤੇ ਵਿਸਥਾਰ ਵਿਚ ਜਗਦੀਸ਼ ਬਾਵਾ ਨੂੰ ਉਨ੍ਹਾਂ ਦੀਆਂ ਪਾਰਟੀ ਪ੍ਰਤੀ ਕੀਤੀਆਂ ਜਾ ਰਹੀਆਂ ਅਣਥੱਕ ਕੋਸ਼ਿਸ਼ਾਂ ਨੂੰ ਦੇਖਦਿਆਂ ਪਟਿਆਲਾ ਜ਼ਿਲ੍ਹੇ ਦਾ ਚੇਅਰਮੈਨ ਨਿਯੁਕਤ ਕੀਤਾ ਹੈ।ਆਪਣੀ ਨਿਯੁਕਤੀ 'ਤੇ ਤਸੱਲੀ ਦਾ ਇਜ਼ਹਾਰ ਕਰਦਿਆਂ ਜਗਦੀਸ਼ ਬਾਵਾ ਨੇ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਤੋਂ ਬੈਰਾਗੀ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਵਾਉਣ ਦਾ ਹਰ ਸੰਭਵ ਯਤਨ ਕਰਨਗੇ।ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜ਼ਮੀਨ ਨਾਲ ਜੁੜੇ ਹੋਏ ਆਗੂ ਹਨ ਤੇ ਉਹ ਭਾਈਚਾਰੇ ਦੀਆਂ ਮੁਸ਼ਕਲਾਂ ਤੋਂ ਭਲੀ -ਭਾਂਤ ਜਾਣੂੰ ਹਨ।ਉਨ੍ਹਾਂ ਦੀ ਇਸ ਨਿਯੁਕਤੀ 'ਤੇ ਬੈਰਾਗੀ ਭਾਈਚਾਰੇ ਤੋਂ ਇਲਾਵਾ ਉਨ੍ਹਾਂ ਦੇ ਦੋਸਤਾਂ ਮਿੱਤਰਾਂ ਤੇ ਹੋਰ ਸਨੇਹੀਆਂ ਵੱਲੋਂ ਵਧਾਈਆਂ ਦੇਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਜ਼ਿਕਰਯੋਗ ਹੈ ਕਿ ਜਗਦੀਸ਼ ਬਾਵਾ ਪਸ਼ੂ ਪਾਲਣ ਵਿਭਾਗ ਤੋਂ ਸੀਨੀਅਰ ਸੁਪਰਡੈਂਟ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ ਅਤੇ ਉਨ੍ਹਾਂ ਵਿਭਾਗ ਦੀ ਸੇਵਾ ਪੂਰੀ ਤਨਦੇਹੀ, ਸਮਰਪਣ ਅਤੇ ਇਮਾਨਦਾਰੀ ਨਾਲ ਨਿਭਾਈ।ਸੇਵਾ ਮੁਕਤ ਹੋਣ ਪਿੱਛੋਂ ਉਹ ਆਮ ਆਦਮੀ ਪਾਰਟੀ ਦੀ ਸੇਵਾ ਵਿਚ ਪਹਿਲਾਂ ਨਾਲੋਂ ਵੀ ਵਧੇਰੇ ਕਾਰਜਸ਼ੀਲ ਹੋ ਗਏ। ਉਨ੍ਹਾਂ ਦੀ ਸੇਵਾ ਭਾਵਨਾ ਨੂੰ ਦੇਖਦਿਆਂ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਉਨ੍ਹਾਂ ਨੂੰ ਇਸ ਮਹੱਤਵਪੂਰਨ ਜ਼ਿੰਮੇਵਾਰੀ ਨਾਲ ਨਿਵਾਜਿਆ ਗਿਆ ਹੈ।ਉਨ੍ਹਾਂ ਦੀ ਇਸ ਨਿਯੁਕਤੀ ਨਾਲ ਉਨ੍ਹਾਂ ਦੇ ਪੁਸਤੈਨੀ ਪਿੰਡ ਕਰਾੜਵਾਲਾ, ਬਠਿੰਡਾ ਵਿਚ ਵੀ ਖੁਸ਼ੀ ਦਾ ਮਾਹੌਲ ਹੈ ਅਤੇ ਉਨ੍ਹਾਂ ਨੂੰ ਮੁਬਾਰਬਾਦ ਦੇਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਹੈ।ਅੰਤ ਵਿਚ ਜਗਦੀਸ ਬਾਵਾ ਨੇ ਕਿਹਾ ਕਿ ਉਹ ਵੈਰਾਗੀ ਵੈਲਫੇਅਰ ਬੋਰਡ ਪੰਜਾਬ ਦੇ ਪ੍ਰਧਾਨ ਗੁਰਮੀਤ ਦਾਸ ਬਾਵਾ ਦੇ ਮੋਢੇ ਨਾਲ ਮੋਢਾ ਜੋੜਕੇ ਚੱਲਣਗੇ ਅਤੇ ਸਮੂਹ ਭਾਈਚਾਰੇ ਨੂੰ 2027 ਵਿਚ ਆਮ ਆਦਮੀ ਪਾਰਟੀ ਦੇ ਹੱਕ ਵਿਚ ਪ੍ਰੇਰਿਤ ਕਰਨਗੇ। ਇਸ ਨਿਯੁਕਤੀ ਉਪਰੰਤ ਉਨ੍ਹਾਂ ਨੂੰ ਪੈਨਸ਼ਨਰਜ਼ ਐਸੋਸੀਏਸ਼ਨ ਦੇ ਅਹੁਦੇਦਾਰਾਂ ਵੱਲੋਂ ਸਨਮਾਨਤ ਵੀ ਕੀਤਾ ਗਿਆ।

# ਰਿਆਤ ਬਾਹਰਾ ਯੂਨੀਵਰਸਿਟੀ ਨੇ ਸ਼ੁਕਰਾ ਫਾਰਮਾਸਿਊਟੀਕਲਜ਼ ਨਾਲ ਐਮਓਯੂ ਸਾਈਨ ਕੀਤਾ



ਮਾਜਰੀ/ਕੁਰਾਲੀ, 11 ਜੂਨ (ਰਜਨੀਕਾਂਤ ਗਰੋਵਰ ): ਉੱਦਮਤਾ, ਨਵੀਨਤਾ ਅਤੇ ਉਦਯੋਗ-ਅਕਾਦਮਿਕ ਸਹਿਯੋਗ ਨੂੰ ਹੋਰ ਮਜ਼ਬੂਤ ਬਣਾਉਣ ਦੇ ਉਦੇਸ਼ ਨਾਲ ਰਿਆਤ ਬਾਹਰਾ ਯੂਨੀਵਰਸਿਟੀ ਦੇ ਸੈਂਟਰ ਫਾਰ ਕਰੀਅਰ ਸਕੱਸੈਸ ਅਧੀਨ ਕੰਮ ਕਰ ਰਹੇ ਐਂਟਰਪ੍ਰਨਿਓਰਸ਼ਿਪ ਐਂਡ ਸਟਾਰਟਅੱਪ ਸਪੋਰਟ ਸੈੱਲ (ਈਐਸਐਸਸੀ) ਵੱਲੋਂ ਸ਼ੁਕਰਾ ਫਾਰਮਾਸਿਊਟੀਕਲਜ਼ ਪਬਲਿਕ ਲਿਮਟਿਡ ਨਾਲ ਇੱਕ ਮਹੱਤਵਪੂਰਨ ਸਮਝੌਤਾ ਪੱਤਰ (ਐਮਓਯੂ) ਸਾਇਨ ਕੀਤਾ ਗਿਆ। ਇਹ ਸਮਝੌਤਾ ਨਵੀਂ ਦਿੱਲੀ ਵਿੱਚ ਆਯੋਜਿਤ ਇੱਕ ਰਸਮੀ ਸਮਾਰੋਹ ਦੌਰਾਨ ਹੋਇਆ। ਇਸ ਮੌਕੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ, ਰਜਿਸਟਰਾਰ ਪ੍ਰੋ. (ਡਾ.) ਐਨ. ਕੇ. ਯਾਦਵ, ਰਿਆਤ ਬਾਹਰਾ ਗਰੁੱਪ ਦੇ ਐਂਟਰਪ੍ਰਨਿਓਰਸ਼ਿਪ ਸੈੱਲ ਦੀ ਗਰੁੱਪ ਡਾਇਰੈਕਟਰ ਡਾ. ਸਿੰਮੀ ਪ੍ਰਕਾਸ਼, ਸ਼ੁਕਰਾ ਫਾਰਮਾਸਿਊਟੀਕਲਜ਼ ਦੇ ਵਾਈਸ ਪ੍ਰੈਜ਼ੀਡੈਂਟ ਅਮਨਦੀਪ ਭੱਲਾ, ਡਾਇਰੈਕਟਰ ਅਮਿਤ ਟਿਕੂ ਅਤੇ ਸ਼੍ਰੀਮਤੀ ਰੰਜਨਾ ਟਿਕੂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਡਾ. ਸਿੰਮੀ ਪ੍ਰਕਾਸ਼ ਨੇ ਕਿਹਾ ਕਿ ਇਹ ਸਾਂਝੇਦਾਰੀ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਵਿੱਚ ਉੱਦਮੀ ਸੋਚ ਅਤੇ ਨਵੀਨਤਾ-ਅਧਾਰਿਤ ਪਹਿਲਕਦਮੀਆਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਅਹਿਮ ਕਦਮ ਹੈ। ਉਨ੍ਹਾਂ ਦੱਸਿਆ ਕਿ ਇਸ ਸਮਝੌਤੇ ਤਹਿਤ ਈਐਸਐਸਸੀ ਵੱਲੋਂ ਸਟਾਰਟਅੱਪਸ ਅਤੇ ਨਵੀਨਤਾਕਾਰਾਂ ਲਈ 10 ਲੱਖ ਰੁਪਏ ਦਾ ਪ੍ਰੀ-ਸੀਡ ਫੰਡ ਵੀ ਨਿਸ਼ਚਿਤ ਕੀਤਾ ਗਿਆ ਹੈ, ਜੋ ਉਭਰਦੇ ਉਦਯੋਗਪਤੀਆਂ ਅਤੇ ਫੈਕਲਟੀ ਇਨੋਵੇਟਰਾਂ ਨੂੰ ਆਪਣੇ ਵਿਚਾਰਾਂ ਨੂੰ ਸਫਲ ਕਾਰੋਬਾਰੀ ਉਪਰਾਲਿਆਂ ਵਿੱਚ ਬਦਲਣ ਲਈ ਸਹਾਇਤਾ ਪ੍ਰਦਾਨ ਕਰੇਗਾ। ਇਸ ਭਾਈਵਾਲੀ ਰਾਹੀਂ ਵਿਦਿਆਰਥੀਆਂ ਨੂੰ ਇੰਟਰਨਸ਼ਿਪ, ਉਦਯੋਗਿਕ ਮਾਰਗਦਰਸ਼ਨ, ਰੁਜ਼ਗਾਰ ਯੋਗਤਾ ਵਿੱਚ ਵਾਧਾ, ਇਨਕਿਊਬੇਸ਼ਨ ਸਹਾਇਤਾ, ਸਟਾਰਟਅੱਪ ਮੈਂਟਰਸ਼ਿਪ ਅਤੇ ਉਦਯੋਗਿਕ ਸੰਪਰਕਾਂ ਦੇ ਵਿਆਪਕ ਮੌਕੇ ਮਿਲਣਗੇ। ਖ਼ਾਸ ਤੌਰ 'ਤੇ ਸਿਹਤ ਸੰਭਾਲ, ਫਾਰਮਾਸਿਊਟੀਕਲ, ਮੈਡੀਕਲ, ਖੇਤੀਬਾੜੀ ਅਤੇ ਸਮਾਜਿਕ ਪ੍ਰਭਾਵ ਵਾਲੇ ਖੇਤਰਾਂ ਵਿੱਚ ਨਵੇਂ ਉਪਰਾਲਿਆਂ ਨੂੰ ਪ੍ਰੋਤਸਾਹਿਤ ਕੀਤਾ ਜਾਵੇਗਾ।

ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਉਦਯੋਗਿਕ ਭਾਈਵਾਲੀਆਂ ਨੌਜਵਾਨਾਂ ਨੂੰ ਨੌਕਰੀ ਲੱਭਣ ਵਾਲਿਆਂ ਦੀ ਬਜਾਏ ਨੌਕਰੀਆਂ ਪੈਦਾ ਕਰਨ ਵਾਲੇ ਸਫਲ ਉਦਯੋਗਪਤੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ। ਉਨ੍ਹਾਂ ਨੇ ਯੂਨੀਵਰਸਿਟੀ ਲੀਡਰਸ਼ਿਪ ਅਤੇ ਈਐਸਐਸਸੀ ਦੀ ਟੀਮ ਨੂੰ ਇਸ ਉਪਰਾਲੇ ਲਈ ਵਧਾਈ ਦਿੱਤੀ।

# ਖਰੜ ਸ਼ਹਿਰ ਵਿੱਚ ਸਿਹਤ ਵਿਭਾਗ ਵੱਲੋਂ ਮਾਸ ਡੇਂਗੂ ਸਰਵੇ, ਲੋਕਾਂ ਨੂੰ ਡੇਂਗੂ ਤੋਂ ਬਚਾਅ ਲਈ ਕੀਤਾ ਜਾਗਰੂਕ



ਮੁੱਲਾਂਪੁਰ ਗਰੀਬਦਾਸ ਸਾਹਿਬਜ਼ਾਦਾ ਅਜੀਤ ਸਿੰਘ ਨਗਰ, 11 ਜੂਨ, (ਸਰਬਜੀਤ ਸਿੰਘ) :

ਪੰਜਾਬ ਸਰਕਾਰ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡੇਂਗੂ ਦੀ ਰੋਕਥਾਮ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਸਿਵਲ ਸਰਜਨ ਡਾ. ਸੰਗੀਤਾ ਜੈਨ ਦੀ ਅਗਵਾਈ ਹੇਠ ਖਰੜ ਸ਼ਹਿਰ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਮਾਸ ਡੇਂਗੂ ਸਰਵੇ ਕੀਤਾ ਗਿਆ। ਇਸ ਦੌਰਾਨ ਘਰ-ਘਰ ਜਾ ਕੇ ਡੇਂਗੂ ਮੱਛਰ ਦੇ ਲਾਰਵੇ ਦੀ ਜਾਂਚ ਕੀਤੀ ਗਈ ਅਤੇ ਲੋਕਾਂ ਨੂੰ ਡੇਂਗੂ ਤੋਂ ਬਚਾਅ ਸਬੰਧੀ ਜਾਣਕਾਰੀ ਦਿੱਤੀ ਗਈ।ਸੀਨੀਅਰ ਮੈਡੀਕਲ ਅਫ਼ਸਰ ਡਾ. ਪ੍ਰੀਤ ਮੋਹਨ ਸਿੰਘ ਖੁਰਾਣਾ ਨੇ ਕਿਹਾ ਕਿ ਡੇਂਗੂ ਦੀ ਰੋਕਥਾਮ ਲਈ ਲੋਕਾਂ ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਡੇਂਗੂ ਦਾ ਮੱਛਰ ਸਾਫ਼ ਅਤੇ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ, ਇਸ ਲਈ ਹਰ ਨਾਗਰਿਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਘਰਾਂ, ਦੁਕਾਨਾਂ ਅਤੇ ਆਲੇ-ਦੁਆਲੇ ਪਾਣੀ ਇਕੱਠਾ ਨਾ ਹੋਣ ਦੇਣ। ਉਨ੍ਹਾਂ ਲੋਕਾਂ ਨੂੰ ਹਫ਼ਤੇ ਵਿੱਚ ਇੱਕ ਦਿਨ ਡ੍ਰਾਈ ਡੇ ਮਨਾਉਣ, ਕੂਲਰਾਂ ਅਤੇ ਪਾਣੀ ਵਾਲੇ ਹੋਰ ਬਰਤਨਾਂ ਨੂੰ ਨਿਯਮਿਤ ਤੌਰ 'ਤੇ ਸਾਫ਼ ਕਰਨ ਅਤੇ ਬੁਖਾਰ ਆਉਣ ਦੀ ਸੂਰਤ ਵਿੱਚ ਤੁਰੰਤ ਸਰਕਾਰੀ ਸਿਹਤ ਸੰਸਥਾ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ।ਸਰਵੇ ਦੌਰਾਨ ਸਿਹਤ ਸੁਪਰਵਾਈਜ਼ਰ ਦਵਿੰਦਰ ਸਿੰਘ ਅਤੇ ਅਵਤਾਰ ਸਿੰਘ ਦੀ ਅਗਵਾਈ ਹੇਠ ਮਲਟੀਪਰਪਜ਼ ਹੈਲਥ ਵਰਕਰ ਮਨਪ੍ਰੀਤ ਸਿੰਘ, ਬਲਜਿੰਦਰ ਸਿੰਘ, ਜਗਦੀਪ ਸਿੰਘ, ਗੁਰਬਚਨ ਸਿੰਘ ਅਤੇ ਰੋਹਿਤ ਕੁਮਾਰ ਸਮੇਤ ਸਿਹਤ ਵਿਭਾਗ ਦੇ ਹੋਰ ਕਰਮਚਾਰੀਆਂ ਵੱਲੋਂ ਘਰਾਂ, ਵਪਾਰਕ ਅਦਾਰਿਆਂ ਅਤੇ ਜਨਤਕ ਥਾਵਾਂ ਦੀ ਜਾਂਚ ਕੀਤੀ ਗਈ। ਟੀਮਾਂ ਨੇ ਸੰਭਾਵਿਤ ਡੇਂਗੂ ਬਰੀਡਿੰਗ ਸਥਾਨਾਂ ਦੀ ਪਛਾਣ ਕਰਕੇ ਲੋਕਾਂ ਨੂੰ ਮੱਛਰਾਂ ਦੇ ਪ੍ਰਜਨਨ ਨੂੰ ਰੋਕਣ ਲਈ ਜ਼ਰੂਰੀ ਸਾਵਧਾਨੀਆਂ ਅਪਣਾਉਣ ਬਾਰੇ ਜਾਗਰੂਕ ਕੀਤਾ।

ਸਿਹਤ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਡੇਂਗੂ ਮੁਕਤ ਖਰੜ ਬਣਾਉਣ ਲਈ ਵਿਭਾਗ ਦਾ ਸਹਿਯੋਗ ਕਰਨ ਅਤੇ ਆਪਣੇ ਆਲੇ-ਦੁਆਲੇ ਸਫ਼ਾਈ ਅਤੇ ਸੁਚੱਜਾ ਵਾਤਾਵਰਣ ਬਣਾਈ ਰੱਖਣ।

# ਖੇਤ ਬਚਾਓ ਅਭਿਆਨ ਤਹਿਤ ਕੇ.ਵੀ.ਕੇ., ਐੱਸ ਏ ਐੱਸ ਨਗਰ ਵੱਲੋਂ ਸਿਖਲਾਈ ਕੋਰਸ ਅਤੇ ਜਾਗਰੂਕਤਾ ਕੈਂਪ



ਮੁੱਲਾਂਪੁਰ ਗਰੀਬਦਾਸ, 11 ਜੂਨ (ਰਜਨੀਕਾਂਤ ਗਰੋਵਰ ) : ਖੇਤ ਬਚਾਓ ਅਭਿਆਨ ਤਹਿਤ ਕ੍ਰਿਸ਼ੀ ਵਿਗਿਆਨ ਕੇਂਦਰ, ਐੱਸ ਏ ਐੱਸ ਨਗਰ ਦੇ ਡਿਪਟੀ ਡਾਇਰੈਕਟਰ ਡਾ. ਬਲਬੀਰ ਸਿੰਘ ਖੱਦਾ ਦੀ ਅਗਵਾਈ ਹੇਠ ਮਿਤੀ 11 ਜੂਨ, ਨੂੰ ਪਿੰਡ ਰਤਵਾੜਾ ਅਤੇ ਮੁੱਲਾਂਪੁਰ ਗਰੀਬਦਾਸ ਵਿਖੇ ਸਿਖਲਾਈ ਕੋਰਸ ਅਤੇ ਜਾਗਰੂਕਤਾ ਕੈਂਪ ਲਗਾਏ ਗਏ। ਪ੍ਰੋਗਰਾਮ ਦੌਰਾਨ ਡਾ. ਹਰਮੀਤ ਕੌਰ ਵੱਲੋਂ ਕਿਸਾਨਾਂ ਨੂੰ ਖਾਦਾਂ ਦੀ ਸੰਤੁਲਿਤ ਵਰਤੋਂ ਲਈ ਮਿੱਟੀ ਟੈਸਟ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਡਾ. ਪਾਰੁਲ ਗੁਪਤਾ ਨੇ ਕਿਸਾਨਾਂ ਨੂੰ ਫਸਲਾਂ ਦੇ ਮੰਡੀਕਰਨ ਅਤੇ ਮੁੱਲ ਵਾਧੇ ਬਾਰੇ ਜਾਣਕਾਰੀ ਦਿੱਤੀ।ਪ੍ਰੋਗਰਾਮ ਦੌਰਾਨ ਖੇਤੀਬਾੜੀ ਮਹਿਕਮੇ ਤੋਂ ਖੇਤੀਬਾੜੀ ਸਹਾਇਕ ਸ. ਜਸਵੰਤ ਸਿੰਘ, ਸ. ਦਿਲਦਾਰ ਸਿੰਘ (ਖੇਤੀਬਾੜੀ ਉਪ ਨਿਰੀਖਕ), ਗਗਨਦੀਪ ਸਿੰਘ (ਬੀ.ਟੀ.ਐਮ) ਅਤੇ ਸੁੱਚਾ ਸਿੰਘ ਨੇ ਆਪਣੇ ਵਿਭਾਗ ਦੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ।ਅੰਤ ਵਿੱਚ ਕਿਸਾਨਾਂ ਨੂੰ ਖੇਤ ਬਚਾਓ ਅਭਿਆਨ ਤਹਿਤ ਲਾਭਕਾਰੀ ਖੇਤੀ ਤਕਨੀਕਾਂ ਅਪਨਾਉਣ ਲਈ ਪ੍ਰੇਰਿਤ ਕੀਤਾ ਗਿਆ।ਪ੍ਰੋਗਰਾਮ ਦੌਰਾਨ ਸ. ਮੋਹਨ ਸਿੰਘ, ਸ. ਜਤਿੰਦਰ ਸਿੰਘ ਧਾਲੀਵਾਲ (ਸਰਪੰਚ ਮੁੱਲਾਂਪੁਰ ਗਰੀਬਦਾਸ) ਸ਼ਾਮਿਲ ਸਨ।

# ਸ਼੍ਰੋਮਣੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 310ਵਾਂ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ



ਲੁਧਿਆਣਾ,11 ਜੂਨ (ਕਰਨੈਲ ਸਿੰਘ ਐੱਮ.ਏ.) : ਅੱਜ ਗੁਰਦੁਆਰਾ ਗੁਰੂ ਨਾਨਕ ਸਿਮਰਨ ਕੇਂਦਰ, ਨੇੜੇ ਗਰੀਨ ਸਿਟੀ, ਫਿਰੋਜ਼ਪੁਰ ਰੋਡ, ਲੁਧਿਆਣਾ ਵਿਖੇ ਮਹਾਨ ਯੋਧੇ ਜਰਨੈਲ ਕਿਸਾਨੀ ਦੇ ਮੁਕਤੀਦਾਤਾ ਸ਼੍ਰੋਮਣੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 310ਵਾਂ ਅਤੇ ਉਨ੍ਹਾਂ ਦੇ ਚਾਰ ਸਾਲਾਂ ਸਪੁੱਤਰ ਸ਼ਹੀਦ ਬਾਬਾ ਅਜੇ ਸਿੰਘ ਦਾ ਸ਼ਹੀਦੀ ਦਿਹਾੜਾ ਸੰਤ ਬਾਬਾ ਸੁਖਬੀਰ ਸਿੰਘ ਖਾਲਸਾ ਜੀ ਦੀ ਯੋਗ ਅਗਵਾਈ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਮੇਂ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਸ਼ਹੀਦੀ ਸਮਾਗਮ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਪੰਥ ਦੀ ਮਹਾਨ ਸ਼ਖ਼ਸ਼ੀਅਤ ਮਾਤਾ ਵਿਪਨਪ੍ਰੀਤ ਕੌਰ ਜੀ, ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਸਾਬਕਾ ਜਥੇਦਾਰ ਤਖਤ ਸ਼੍ਰੀ ਪਟਨਾ ਸਾਹਿਬ, ਸੰਤ ਦੀਪਕ ਸਿੰਘ ਜੀ ਦੌਧਰ ਵਾਲੇ, ਗਿਆਨੀ ਗੁਰਵਿੰਦਰ ਸਿੰਘ ਜਵੱਦੀ ਟਕਸਾਲ ਅਤੇ ਢਾਡੀ ਗੁਰਸ਼ਰਨ ਸਿੰਘ ਕੰਡਿਆਨਾ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਇਸ ਸਮੇਂ ਸੰਤ ਬਾਬਾ ਸੁਖਬੀਰ ਸਿੰਘ ਖਾਲਸਾ ਜੀ ਨੇ ਆਏ ਹੋਏ ਪੰਥਕ ਸ਼ਖ਼ਸ਼ੀਅਤਾਂ ਅਤੇ ਪਤਵੰਤੇ ਸੱਜਣਾਂ ਦਾ ਸਨਮਾਨ ਕੀਤਾ। ਇਸ ਸਮੇਂ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ, ਉਹਨਾਂ ਦੇ ਸਪੁੱਤਰ ਚਾਰ ਸਾਲਾਂ ਬਾਬਾ ਅਜੇ ਸਿੰਘ ਤੇ 700 ਸਿੰਘਾਂ ਨੂੰ ਮਹਿਰੌਲੀ ਦਿੱਲੀ ਵਿਖੇ ਕਿਸ ਤਰ੍ਹਾਂ ਕੀਤੇ ਗਏ ਸ਼ਹੀਦ ਸਿੰਘਾਂ ਦੇ ਜੀਵਨ ਤੇ ਚਾਨਣ ਪਾਉਂਦਿਆਂ ਕਿਹਾ ਕਿ ਉਹਨਾਂ ਦੀ ਲਾਸਾਨੀ ਕੁਰਬਾਨੀ ਸਾਨੂੰ ਹੱਕ ਸੱਚ ਲੜਨ ਲਈ ਪ੍ਰੇਰਨਾ ਦਿੰਦੀ ਰਹੇਗੀ। ਇਸ ਮੌਕੇ ਤੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਸ੍ਰ: ਮਲਕੀਤ ਸਿੰਘ ਦਾਖਾ, ਵਾਈਸ ਪ੍ਰਧਾਨ ਜਸਵੰਤ ਸਿੰਘ ਛਾਪਾ, ਬੀਬੀ ਕਰਮਜੀਤ ਕੌਰ ਢਿੱਲੋਂ ਪੰਜਾਬ ਪ੍ਰਧਾਨ ਫਾਊਂਡੇਸ਼ਨ, ਸੋਨੀਆ ਅਰੋੜਾ ਪ੍ਰਧਾਨ ਲੁਧਿਆਣਾ ਸ਼ਹਿਰ, ਬੀਬੀ ਅਵਨਿੰਦਰ ਕੌਰ, ਰਾਜਵੰਤ ਸਿੰਘ ਵੋਹਰਾ, ਕੁਲਦੀਪ ਸਿੰਘ ਖਾਲਸਾ, ਜਤਿੰਦਰ ਸਿੰਘ ਖਾਲਸਾ, ਰਣਜੀਤ ਸਿੰਘ ਸਿਡਾਨਾ, ਕੁਲਦੀਪ ਸਿੰਘ ਲਾਂਬਾ, ਜੀਤੀ ਮਾਨ, ਇੰਦਰਜੀਤ ਸਿੰਘ ਗਰੇਵਾਲ, ਬਹਾਦਰ ਸਿੰਘ ਮਾਨ, ਬਿਕਰਮ ਸਿੰਘ, ਅਨਿਲ ਮਿੱਡਾ, ਬਾਬਾ ਬਲਵਿੰਦਰ ਸਿੰਘ, ਗੁਰਦੀਪ ਸਿੰਘ ਗਰੇਵਾਲ, ਦਲੀਪ ਸਿੰਘ,ਦਲਵਿੰਦਰ ਸਿੰਘ ਆਸ਼ੂ, ਦਵਿੰਦਰ ਸਿੰਘ ਸ਼ਾਨ ਵਿਸ਼ੇਸ਼ ਤੌਰ ਤੇ ਹਾਜ਼ਰ ਸਨ

# ਸੁਰੱਖਿਆ ਮਸਲੇ 'ਤੇ ਹਰਿਆਣੇ ਦੀਆਂ ਸਿੱਖ ਸੰਗਤਾਂ ਸਾਹਮਣੇ ਜਗਦੀਸ਼ ਸਿੰਘ ਝੀਂਡਾ ਦਾ ਦੋਗਲਾਪਣ ਹੋਇਆ ਨੰਗਾ : ਤਲਾਕੌਰ



ਲੁਧਿਆਣਾ, 11 ਜੂਨ (ਕਰਨੈਲ ਸਿੰਘ ਐੱਮ.ਏ.) :ਹਰਿਆਣਾ ਦੀਆਂ ਸਿੱਖ ਸੰਗਤਾਂ ਸਾਹਮਣੇ ਜਗਦੀਸ਼ ਸਿੰਘ ਝੀਂਡਾ ਦੇ ਦੋਗਲੇਪਣ ਦੀਆਂ ਕਾਰਵਾਈਆਂ ਇੱਕ-ਇੱਕ ਕਰਕੇ ਨੰਗੀਆਂ ਹੋ ਰਹੀਆਂ ਹਨ। ਸਰਕਾਰੀ ਸੁਰੱਖਿਆ ਨਾ ਲੈਣ ਦੇ ਵੱਡੇ-ਵੱਡੇ ਮੀਡੀਆ ਵਿੱਚ ਦਾਅਵੇ ਕਰਨ ਵਾਲਾ ਜਗਦੀਸ਼ ਸਿੰਘ ਝੀਂਡਾ ਝੂਠੀ ਸ਼ਾਨੋ ਸ਼ੌਕਤ ਬਣਾਉਣ ਲਈ ਹਰਿਆਣਾ ਤੇ ਕੇਂਦਰ ਸਰਕਾਰ ਦੀ ਸੁਰੱਖਿਆ ਲੈਣ ਲਈ ਲੇਲੜੀਆਂ ਕੱਢ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਸ੍ਰ: ਗੁਰਬੀਰ ਸਿੰਘ ਤਲਾਕੌਰ ਯਮੁਨਾਨਗਰ ਨੇ ਇੱਕ ਲਿਖਤੀ ਪ੍ਰੈਸ ਨੋਟ ਜਾਰੀ ਕਰਦਿਆਂ ਸਬੂਤਾਂ ਦੇ ਆਧਾਰ 'ਤੇ ਕੀਤਾ। ਸ੍ਰ: ਤਲਾਕੌਰ ਨੇ ਮੁੱਖ ਮੰਤਰੀ ਹਰਿਆਣਾ ਅਤੇ ਗ੍ਰਹਿ ਮੰਤਰੀ ਭਾਰਤ ਨੂੰ ਝੀਂਡਾ ਵੱਲੋਂ ਲਿਖੇ ਦੋ ਵੱਖ-ਵੱਖ ਪੱਤਰ ਮੀਡੀਆ ਨੂੰ ਜਾਰੀ ਕਰਦਿਆਂ ਉ_ ਸ ਦ ੇ ਦੋਗਲੇਪਨ ਦਾ ਖੁਲਾਸਾ ਕੀਤਾ। ਸ੍ਰ: ਤਲਾਕੌਰ ਨੇ ਕਿਹਾ ਕਿ ਜਗਦੀਸ਼ ਸਿੰਘ ਝੀਂਡਾ ਨੇ 23 ਮਈ 2025 ਨੂੰ ਆਪਣੀ ਪ੍ਰਧਾਨਗੀ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਉਹ ਹਰਿਆਣਾ ਗੁਰਦੁਆਰਾ ਕਮੇਟੀ ਦੀਆਂ ਗੱਡੀਆਂ ਗੋਲਕ ਅਤੇ ਤੇਲ ਦੀ ਵਰਤੋਂ ਨਹੀਂ ਕਰੇਗਾ ਅਤੇ ਨਾ ਹੀ ਸਰਕਾਰ ਦੀ ਸੁਰੱਖਿਆ ਲਵੇਗਾ ਪਰ ਹਰ ਵਾਰ ਦੀ ਤਰ੍ਹਾਂ ਜਗਦੀਸ਼ ਸਿੰਘ ਝੀਂਡਾ ਇੱਕ ਵਾਰ ਫੇਰ ਸ਼ਰੇ ਬਾਜ਼ਾਰ ਝੂਠਾ ਸਾਬਤ ਹੋਇਆ ਹੈ ਉਸਨੇ ਹਰਿਆਣਾ ਗੁਰਦੁਆਰਾ ਕਮੇਟੀ ਦੀਆਂ ਜਿੱਥੇ ਦੋ ਗੱਡੀਆਂ ਦੀ ਦੁਰਵਰਤੋਂ ਉਥੇ 10 ਮੁਲਾਜ਼ਮਾਂ ਗੁਰੂ ਕੀ ਗੋਲਕ ਤੇ ਤੇਲ ਦੀ ਦੁਰਵਰਤੋਂ ਕਰ ਰਿਹਾ ਹੈ ਉਥੇ ਹੀ ਹੁਣ ਨਿੱਜੀ ਸੁਰੱਖਿਆ ਲਈ ਲਿਖੀਆਂ 2 ਚਿੱਠੀਆਂ ਵਿੱਚ ਖੁਲਾਸਾ ਹੋ ਗਿਆ ਕੇ ਕਿਸ ਤਰਾਂ ਮੁੱਖ ਮੰਤਰੀ ਹਰਿਆਣਾ ਪਾਸੋ ਸੁਰੱਖਿਆ ਗਾਰਦ ਅਤੇ ਪਾਇਲਟ ਗੱਡੀ ਦੀ ਮੰਗ ਕਰ ਰਿਹਾ ਹੈ

